ਦਸੰਬਰ ੧੯੮੩



ਕਹਿਤੇ ਹੈ ਗ਼ਮ ਸੇ ਪਰੇਸ਼ਾਨ ਹੂਏ ਜਾਤੇ ਹੈ
ਯੇਹ ਨਹੀਂ ਕਹਿਤੇ ਕਿ ਇਨਸਾਨ ਹੂਏ ਜਾਤੇ ਹੈਂ

—ਜੋਸ਼

Sri Satguru Jagjit Singh Ji Elibrary NamdhariElibrary@gmail.com

ਮਾਸਕ
# ਵਰਿਆਮ
ਦਸਬਰ
੧੯੯੩

ਜਿਲਦ ਨੰ: ੯ ਅੰਕ ਨੰ ੨

ਸੰਪਾਦਕ · ਜਗਦੀਸ਼ ਸਿੰਘ

ਮੁਖ ਪੰਨੇ ਦਾ ਸਕੈਚ : ਸੁਖਵੰਤ

ਮੁਲ ਪ੍ਰਤੀ ਕਾਪੀ । ੨-੦੦ ਰੁਪਿਆ
ਸਾਲਾਨਾ ਚੰਦਾ ਦੇਸ । ੨੦ ਰੁਪਏ
„ „ ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)
„ „ ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੩੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧,
ਫੋਨ । ੭੨੫੦੪ ਪੀ, ਪੀ

Office Address
Monthly WARIAM
(Punjabi)
Ladowali Road
Jalandhar-14400
Phone : 72504 PP

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਬੰਨੇ ਚੰਨੇ ਦੇ ਭਰਾ (ਕਹਾਣੀ)
ਅਫਜ਼ਲ ਅਹਿਸਨ ਰੰਧਾਵਾ ੩
ਮੈਂ ਪਿਆਰਦਾ ਹਾਂ — ਹਾਇਨਰਿਕ ਹਾਇਨੇ ੮
ਸਬਦ ਉਚਾਰਨ — ਰਸੂਲ ਹਮਜ਼ਾਤੋਵ ੯
ਝੜਦਾ ਘੜਾ (ਸ਼ਬਦ ਚਿਤ੍ਰ) ਗੁਰਮੇਲ ਮੜਾਹੜ ੧੩
ਭਵਿਖ ਦਾ ਦੋਤਾਕ : ਜਸਵਤ ੧੭
ਸੰਗੀਤ ਦੀ ਸੁਗੰਧੀ : ਬਲਜੀਤ ੧੮
ਗੋਸ਼ਟੀਆਂ ਕਾਨਫਰੰਸਾਂ (ਅਨੁਭਵੀ) ੨੧
ਦਿਲਾਂ ਦੀ ਧੜਕਣ ਲੋਕ ਗੀਤ
ਜਸਵੰਤ ਸਿੰਘ ਵਿਰਦੀ ੨੬
ਸਾਰਿਆਂ ਤੋਂ ਵੱਡਾ ਮੇਲਾ ਜਗਦੀਸ਼ ਸਿੰਘ ੩੦
ਰੀਵਿਊ ਸੰਤੋਖ ਸਿੰਘ ਧੀਰ ੪੦
ਵਰਿਆਮ ਬੰਦ ਜਗਦੀਸ਼ ਸਿੰਘ ੪੨
ਬੀਤੇ ਦੀਆਂ ਪੈੜਾਂ

## ਪੰਜਾਬੀਅਤ

ਦਿਲੀ ਵਿਚ ੨੩-੨੪ ਦਸੰਬਰ ਨੂੰ ਵਿਸ਼ਵ ਪੰਜਾਬੀ ਸੰਮੇਲਨ ਹੋ ਰਿਹਾ ਹੈ। ਇਸ ਤੋਂ ਪਹਿਲਾਂ ਬੈਂਕੌਕ ਵਿਚ ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ ਹੋਈ ਸੀ। ਇਹਨਾਂ ਕਾਨਫਰੰਸਾਂ ਸਹਿਤ ਹੋਰਨਾਂ ਮਮਿਆਂ ਤੇ ਵੀ ਪੰਜਾਬੀਅਤ ਦੀ ਇਕ ਸਾਂਝੀ ਪਛਾਣ ਸਥਾਪਤ ਕਰਨ ਦੇ ਜਤਨ ਹੁੰਦੇ ਰਹੇ ਹਨ। ਦੁਨੀਆ ਦੇ ਹਰ ਹਿਸੇ ਵਿਚ ਪੰਜਾਬੀ ਪਹੁੰਚੇ ਹੋਏ ਹਨ ਪਰ ਪੰਜਾਬੀ ਬੋਲੀ ਅਤੇ ਸਭਿਆਚਾਰ ਨੂੰ ਅਜਿਹਾ ਕਿਲਾ ਨਹੀਂ ਪੰਜਾਬੀਆਂ ਨੇ ਮੰਨਿਆ ਜਿਵੇਂ ਬੰਗਾਲੀਆਂ ਨੇ ਬੰਗਾਲੀ ਨੂੰ ਚਿਤਵਿਆ ਹੈ। ਇਸ ਤੋਂ ਵੱਡੀ ਬਦਕਿਸਮਤੀ ਹੋਰ ਕੀ ਹੋ ਸਕਦੀ ਹੈ ਕਿ ਜਿਹੜੀ ਪੰਜਾਬੀ ਬੋਲੀ ਸਭ ਪੰਜਾਬੀਆਂ ਦੀ ਸਾਂਝੀ ਚਾਦਰ ਹੋ ਸਕਦੀ ਹੈ ਉਸੇ ਨੂੰ ਹੀ ਲਹੂ ਲੁਹਾਣ ਕੀਤਾ ਹੋਇਆ ਹੈ। ਕਹਿੰਦੇ ਨੇ ਪੰਜਾਬੀਆਂ ਨਾਲ ਕੋਈ ਨਾ ਲੜੇ ਤਾਂ ਇਹ ਆਪਸ ਵਿਚ ਲੜ ਪੈਂਦੇ ਹਨ। ਤਾਂ ਫਿਰ ਇਹ ਗਲ ਵੀ ਸਹੀ ਹੋਈ ਕਿ ਇਹਨਾਂ ਤੋਂ ਬਚਣ ਲਈ ਕਿਸੇ ਨਾ ਕਿਸੇ ਲੜਾਈ ਵਿਚ ਰੁਝੀ ਰੱਖੋ। ਇਹ ਲੜ ਲੜ ਕੇ ਬਹਾਦਰ ਤਾਂ ਬਣੇ ਹਨ ਪਰ ਆਪਣੀ ਸ਼ਕਤੀ ਅਤੇ ਐਸ਼ਵਰਜ ਵੀ ਆਪਸ 'ਚ ਲੜ-ਮਰ ਕੇ ਗਵਾਉਂਦੇ ਆਏ ਹਨ। ਜੇ ਪੰਜਾਬੀਆਂ ਦਾ ਭਾਸ਼ਾ ਅਤੇ ਸਭਿਆਚਾਰ ਦਾ ਇਕ ਸਾਂਝਾ ਕਿਲਾ ਗੱਡਿਆ ਜਾ ਸਕੇ ਤਾਂ ਉਸ ਦੇ ਆਸਰੇ ਇਹ ਭਾਈ ਮਾਰ ਤੋਂ ਬਚ ਸਕਣਗੇ ਅਤੇ ਵਸ ਵਸ ਕੇ ਉਜੜਣ ਤੋਂ ਬੱਚ ਸਕਣਗੇ। ਦਿਲੀ ਕਾਨਫਰੰਸ ਇਸ ਗਲ ਵਲ ਕੁਝ ਵੀ ਕਰ ਸਕੀ ਤਾਂ ਇਹ ਚੰਗੀ ਗਲ ਹੋਵੇਗੀ।

— ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

IATA

# GOLDEN HOLIDAYS

## To

## Thailand, Malayasia, Singapore
## Hongkong, Japan, Europe & U. S. A.

*TRAVEL WITHOUT WORRY*
*TRAVEL THE KWICK WAY*

*We assist in Passports, Visas,*
*Planning your itineraries Reservations,*
*Air Tickets—International*
*& Domestic,*
*Hotels & Car Hire,*

*for all your Travel & Tour requirements*

*Contat :*

**Kwick TRAVELS PVT. LTD.**
2108, DESH BANDHU GUPTA ROAD.
KAROL - BAGH, NEW . DELHI - 110005 (INDIA)
Phones : 562588, 569206, 579646, 579648

Cable : KWICKAIR.



Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

## ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**

### ਪਾਕਿਸਤਾਨ ਤੋਂ ਆਈ ਕਹਾਣੀ :

# ਬੰਨੇ ਚੰਨੇ ਦੇ ਭਰਾ

—ਅਫ਼ਜ਼ਲ ਅਹਿਸਨ ਰੰਧਾਵਾ.



(ਪਾਕਿਸਤਾਨ ਦੇ ਸ਼ਹਿਰੀ ਜਨਾਬ ਅਫ਼ਜ਼ਲ ਅਹਿਸਨ ਰੰਧਾਵਾ ਪੰਜਾਬੀ ਜਗਤ ਦੇ ਬਹੁਤ ਨਾਮਵਰ ਲੇਖਕ ਹਨ । ਉਹਨਾਂ ਦੀ ਲਿਖਤ ਵਿਚ ਕਿੰਨੀ ਵਾਕਫੀਅਤ ਕਿੰਨੀ ਡੂੰਘਾਈ, ਰਵਾਨੀ ਅਤੇ ਸਵਾਦ ਹੈ ਅਤੇ ਪੰਜਾਬੀ ਬੋਲੀ ਦੇ ਮੁਹਾਵਰੇ ਉਤੇ ਉਹਨਾਂ ਦਾ ਕਿੰਨਾ ਅਧਿਕਾਰ ਹੈ ਇਹ ਵਰਿਆਮ ਦੇ ਪਾਠਕ ਹਥਲੀ ਕਹਾਣੀ ਪੜ੍ਹ ਕੇ ਬਾਖ਼ੂਬੀ ਅੰਦਾਜ਼ਾ ਲਾ ਸਕਣਗੇ । ਇਹ ਕਹਾਣੀ ਰੰਧਾਵਾ ਸਾਹਿਬ ਨੇ ਵਿਸ਼ੇਸ਼ ਕਰ ਕੇ ਵਰਿਆਮ ਲਈ ਭੇਜੀ ਹੈ। ਗੁਰੂ ਨਾਨਕ ਦੇਵ ਯੂਨੀਵਰਸਟੀ ਅਮ੍ਰਿਤਸਰ ਵਿਚ ਪੰਜਾਬੀ ਵਿਭਾਗ ਅਤੇ ਪੰਜਾਬੀ ਅਧਿਅਨ ਸਕੂਲ ਦੇ ਮੁਖੀ ਡਾ: ਕਰਨੈਲ ਸਿੰਘ ਥਿੰਦ ਨੇ ਉਚੇਚੇ ਉਦਮ ਨਾਲ ਇਹ ਰਚਨਾ ਸਾਨੂੰ ਲਿਪੀਆਂਤਰ ਕਰਵਾ ਕੇ ਪਹੁੰਚਾਈ ਹੈ । ਕਹਾਣੀ ਦਾ ਕੁਝ ਭਾਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਦੇ ਆਂਸ਼ਕ ਮਾਤਰ ਝਲਕਾਰੇ ਦਾ ਅਕਸ ਵੀ ਪੇਸ਼ ਕਰਦਾ ਹੈ । ਇਸ ਕਲਾਕ੍ਰਿਤੀ ਵਾਸਤੇ ਅਸੀਂ ਰੰਧਾਵਾ ਸਾਹਿਬ ਅਤੇ ਡਾ: ਥਿੰਦ ਦੇ ਧਨਵਾਦੀ ਹਾਂ ।

—ਸੰਪਾਦਕ

"ਸਬਜ਼ਾ ਗੁਲਜ਼ਾਰ ਰੰਗ ਦੀ ਉਹ ਘੋੜੀ ਬੜੀ ਸਾਰੀ ਵੱਡੀ ਘੋੜੀ ਸੀ । ਕਿਤੇ ਲੱਖਾਂ 'ਚੋਂ ਇਕ ਜਾਨਵਰ ਹੀ ਏਡਾ ਪੂਰਾ, ਏਡਾ ਸੋਹਣਾ ਏਡਾ ਸਾਊ ਤੇ ਏਡੀਆਂ ਸਿਫ਼ਤਾਂ ਵਾਲਾ ਹੁੰਦਾ ਏ । ਉਹ ਘੋੜੀ ਦੇਸੀ ਸੀ, ਮਾਂ ਪਿਓ ਵਲੋਂ ਖ਼ਾਲਸ ਪੰਜਾਬੀ । ਪਰ ਚੰਗੀਆਂ ਸੋਹਣੀਆਂ ਸੁਥਰੀਆਂ ਸਿੰਧੀ, ਬਲੋਚੀ, ਅਰਬੀ, ਇਰਾਕੀ ਤੇ ਥਾਰੋ ਬਰੀਡ ਘੋੜਿਆਂ ਰੰਗ-ਰੂਪਾਂ, ਕੰਮ ਤੇ ਦਮ ਵਿਚ ਕਿਧਰੇ ਕਿਧਰੇ ਉਹਦੇ ਨੇੜੇ ਤੇੜੇ ਵੀ ਨਈਂ ਸਨ ਢੁਕਦੀਆਂ । ਮਾਦਾ ਘੋੜੀ ਵੇਖਣ ਨੂੰ ਤਸਵੀਰ, ਤੇ ਉਡਣ ਨੂੰ ਪਰੀ ਸੀ । ਵੇਖਿਆਂ ਉਹਨੂੰ ਭੁੱਖਾਂ ਲਹਿੰਦੀਆਂ ਤੇ ਚੜ੍ਹਿਆਂ ਉਤੇ ਸਵਾਰ ਨੂੰ ਲੈ ਕੇ ਹਵਾ ਹੋ ਜਾਂਦੀ । ਮੂੰਹ ਦੀ ਨਰਮ, ਤਬੀਅਤ ਦੀ ਗਰਮ ਤੇ ਸਾਹ ਦੀ ਪੱਕੀ । ਲੰਮੀ ਦੌੜ, ਜ਼ੋਰ ਤੇ ਸਾਹ ਦਮ ਵਿਚ ਥਾਰੋ-ਬਰੀਡਾਂ ਵੀ ਉਹਦੇ ਅੱਗੇ ਸਿਰ ਸੁੱਟ ਜਾਂਦੀਆਂ । ਦਸ ਕੋਹ ਉਹਨੂੰ ਸਿਰ ਸੁੱਟ ਦੁੜਾਓ ਫੇਰ ਵੀ ਨਵੀਂ ਨਕੋਰ, ਤਿਆਰ ਤੇ ਤਾਜ਼ਾ ਦਮ । ਜ਼ਰਾ ਲਗਾਮ ਨੂੰ ਇਸ਼ਾਰਾ ਦਿਓ ਤੇ ਫੇਰ ਸਵਾਰ ਨੂੰ ਲੈ ਕੇ ਉੱਡ ਜਾਏ । ਉਹਦੇ ਲਹੂ ਵਿਚ ਯਾ ਅੱਗ ਸੀ ਯਾ ਬਿਜਲੀਆਂ । ਨਰਾਂ ਤੋਂ ਚੌੜੀ ਉਹਦੀ ਛਾਤੀ ਵਿਚ ਨਰਾਂ ਤੋਂ ਕਿਧਰੇ ਵੱਧ ਹੌਸਲਾ ਤੇ ਦਲੇਰੀ ਸੀ । ਜਵਾਨ ਕੁੜੀਆਂ ਵਰਗੀਆਂ ਸ਼ੋਖੀਆਂ, ਤੇਜ਼ੀਆਂ ਤੇ ਚੁੰਗੀਆਂ ਭਰਨ ਦੇ ਸ਼ੌਕ ਦੇ ਨਾਲ ਨਾਲ ਦਾਨੀਆਂ-ਪਰਧਾਨੀਆਂ ਸਵਾਣੀਆਂ ਵਰਗਾਂ ਸੁਹਪੱਣ, ਠਹਿਰਾਓ, ਨਿੱਘ ਤੇ ਸਾਊਪੁਣਾ ਵੀ ਉਹਦੇ ਵਿਚ ਵਾਫ਼ਰ ਸੀ । ਕੱਸਿਆਂ ਕਦੇ ਉਸ ਵੱਢਣ ਨੂੰ ਮੂੰਹ ਖੋਲ੍ਹਿਆ ਤੇ ਮਾਰਨ ਨੂੰ ਪੌੜ ਚੁਕਿਆ ਹੋਣਾ ਏ ? ਕਿੱਲੇ ਬੱਧੀ ਦੀ ਪੂਛਲ ਨਾਲ ਭਾਵੇਂ ਅੰਞਾਣੇ ਲਮਕ ਕੇ ਖੇਡਦੇ ਰਹਿਣ । ਪਰ ਇਕ ਵਾਰੀ ਲਗਾਮ ਦੇ ਕੇ, ਕਾਠੀ ਉਹਦੇ ਉਤੇ ਪਾ ਕੇ, ਰਕਾਬ ਵਿਚ ਪੈਰ ਧਰਣ ਦੀ ਦੇਰ, ਘੋੜੀ ਅਪਨੇ ਚਾਰੇ ਪੌੜ ਜ਼ਮੀਨ ਉਤੇ ਧਰਨੇ ਹੀ ਨਈਂ ਇਕੱਠੇ । ਤੇ ਇਹ ਵੀ ਆਖਿਆ ਜਾਂਦਾ ਕਿ ਸ਼ਾਹ ਸਵਾਰ ਉਹ, ਜਿਹੜਾ ਉਹਦੇ ਉੱਤੇ ਚੜ੍ਹ ਕੇ ਉਹਦੇ ਚਾਰੇ ਪੌੜ 'ਕੱਠੇ' ਜ਼ਮੀਨ ਉਤੇ ਲਵਾ ਦੇਵੇ । ਸਵਾਰ ਉਹ ਨਈਂ ਹੁੰਦਾ ਜਿਹਨੂੰ ਘੋੜੀ ਰਕਾਬੇ ਪੈਰ ਪਾਉਂਦਿਆਂ ਹੀ ਲੈ ਕੇ ਦੌੜ ਪਵੇ ਤੇ ਉੱਤੇ ਬੈਠੇ ਦੀਆਂ ਅੱਖਾਂ ਹੀ ਨਾ ਖੁੱਲ੍ਹਣ ਦੇਵੇ । ਸਵਾਰ ਤੇ ਉਹ ਹੁੰਦਾ ਏ ਜਿਹੜਾ ਘੋੜੀ ਤੇ ਚੜ੍ਹ ਕੇ ਆਪਣੀ ਮਰਜ਼ੀ ਦੀ ਚਾਲ ਚਲਾਏ । ਘੋੜੀ ਸਰਪਟ ਦੌੜਨਾ ਚਾਹਵੇ ਤੇ ਸਵਾਰ ਉਹਨੂੰ ਲਗਾਮ ਚੋਂ ਨਾ ਨਿਕਲਣ ਦੇਵੇ । ਘੋੜੀ ਪੋਈਏ ਪੈਣਾ ਚਾਹਵੇ ਤੇ ਸਵਾਰ ਉਹਨੂੰ ਰਵਾਲ ਟੋਰੇ । ਘੋੜੀ ਚੁੰਗੀਆਂ ਭਰਦੀ ਛੁੱਟਣ ਲਈ ਲਗਾਮ ਦੀ ਢਿੱਲ ਮੰਗੇ ਤੇ ਸਵਾਰ ਉਹਨੂੰ



Sri Satguru Jagjit Singh Ji Elibrary NamdhariElibrary@gmail.com

ਪੋਈਏ 'ਚੋਂ ਕੱਢ ਕੇ ਟਾਪ ਵਿਚ ਲੈ ਜਾਏ। ਤੇ ਫੇਰ ਜਦੋਂ ਚਾਹਵੇਂ ਟਾਪ ਤੋਂ ਪੋਈਏ ਪਾ ਲਏ ਤੇ ਜਦੋਂ ਚਾਹਵੇਂਗਾ ਪੋਈਏ ਤੋਂ ਸਰਪਟ ਸੁੱਟ ਦੇਵੇ, ਤੇ ਫੇਰ ਜਦੋਂ ਚਾਹਵੇ ਸਰਪਟ ਨੂੰ ਥੰਮ ਕੇ ਫੇਰ ਗਾਮ ਟੋਰ ਲਏ। ਅਜਿਹੇ ਸਵਾਰ ਹੀ ਸ਼ਾਹ ਸਵਾਰ ਅਖਵਾਣ ਦੇ ਲਾਇਕ ਹੁੰਦੇ ਨੇ। ਸ਼ਾਹ ਸਵਾਰ ਦੀਆਂ ਲਗਾਮ ਫੜ੍ਹਨ ਵਾਲੀਆਂ ਉਂਗਲਾਂ ਵਿਚ ਹੁਨਰ, ਰਕਾਬ ਵਿਚ ਧਰਣ ਵਾਲੇ ਪੱਬ ਵਿਚ ਸਤ, ਘੋੜੀ ਦਵਾਲੇ ਜਮੂਰ ਵਾਂਗ ਕੱਸੇ ਹੋਏ ਪੱਟਾਂ ਵਿਚ ਤਾਕਤ ਤੇ ਘੋੜੀ ਦੀ ਹਰ ਹਰਕਤ, ਹਰ ਅਦਾ ਤੇ ਨਜ਼ਰ ਰੱਖਣ ਵਾਲੀ ਅੱਖ ਵਿਚ ਸਮਝ ਸਿਹਾਣ ਦਾ ਨੂਰ ਹੋਵੇ ਤੇ ਘੋੜੀ ਆਪਣਾ ਜੁੱਸਾ ਸਵਾਰ ਦੇ ਜੁੱਸੇ ਨਾਲ ਰਲਾ ਲੈਂਦੀ ਏ।

ਸਬਜ਼ਾ ਗੁਲਜ਼ਾਰ ਰੰਗ ਦੀ ਓਸ ਅਨਮੋਲ ਘੋੜੀ ਨੂੰ, ਉਹਦੀ ਸਾਰੀ ਹਯਾਤੀ ਵਿਚ ਇਕ ਹੀ ਅਜਿਹਾ ਸ਼ਾਹ ਸਵਾਰ ਲੱਭਾ ਸੀ—ਉਹ ਮੇਰੇ ਭਾਈ ਸਾਹਿਬ ਸੀ।

ਉਹ ਘੋੜੀ ਜ਼ਿਲਾ ਸਰਗੋਧਾ ਦੇ ਚੱਕ ਚਾਲੀ ਦੀ ਜੰਮ ਪਲ ਸੀ। ਉਹ ਹੀ ਚੱਕ ਦੇ ਇਕ ਤਗੜੇ ਸੌਖੇ ਮੁਸਲਮਾਨ ਜੱਟ ਦੀ ਘੋੜੀ ਦੀ ਵਛੇਰੀ ਸੀ ਜਿਹਨੂੰ ਜੱਟ ਨੇ ਬੜੀ ਰੀਝ ਤੇ ਬੜੀ ਜਾਨ ਮਾਰ ਕੇ ਪਾਲਿਆ ਸੀ। ਜਦੋਂ ਘੋੜੀ ਜਵਾਨ ਹੋਣ ਲੱਗੀ, ਉਹਦੀ ਧੁੰਮ ਦੂਰ ਦੂਰ ਤੀਕ ਖਿੱਲਰ ਗਈ। ਸਰਗੋਧੇ, ਲਾਇਲਪੁਰ ਦੀਆਂ ਮੰਡੀਆਂ ਵਿਚ ਨਾ ਉਸ ਘੋੜੀ ਦੀ ਕਦੇ ਮੂੰਹ ਦਿਖਾਈ ਹੋਈ ਤੇ ਨਾ ਹੀ ਉਹ ਦੌੜੀ। ਤਾਂ ਵੀ ਉਹਦੀ ਦਸ ਭੈਣੀ ਸਾਹਿਬ ਸਾਡੇ ਗੁਰੂ ਸਾਹਿਬ ਨੂੰ ਪੈ ਗਈ। ਗੁਰੂ ਸਾਹਿਬ ਮਹਾਰਾਜ ਭੈਣੀ ਸਾਹਿਬ ਤੋਂ ਚੜ੍ਹੇ ਤੇ ਸਰਗੋਧਾ, ਚਾਲੀ ਚੱਕ ਵਿਚ ਜਾ ਉਤਰੇ। ਉਹ ਘੋੜੀ ਦੇਖੀ ਜਾਂਚੀ ਤੇ ਉਸਦਾ ਮੁੱਲ ਕਰਕੇ ਇੱਕ ਤੀਲਾ ਮਾਲਕ ਦੀ ਤਲੀ ਉਤੇ ਰਖਿਆ ਸਾਈ ਦਾ ਤੇ ਆ ਗਏ। ਆਉਂਦਿਆਂ ਫੁਰਮਾਇਓ ਨੇ—"ਸਾਡਾ ਬੰਦਾ ਆਏਗਾ। ਪੈਸੇ ਦੇ ਜਾਏਗਾ ਤੇ ਘੋੜੀ ਲੈ ਜਾਏਗਾ। ਉਦੋਂ ਤੀਕ ਸਾਡੀ ਏਸ ਘੋੜੀ ਦੀ ਅੱਗੇ ਵਾਂਗ ਹੀ ਸੇਵਾ ਕਰੀਂ।" ਸਾਈਂ 'ਆਮੀਨ' ਆਖਿਆ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਨੂੰ ਗੁਰੂਆਂ ਦੀ ਘੋੜੀ ਜਾਣ ਕੇ ਅੱਗੇ ਨਾਲੋਂ ਵੀ ਵੱਧ ਸੇਵਾ ਦੇਣ ਲਗ ਪਿਆ। ਏਸ ਗੱਲ ਦਾ ਹੁਣ ਮੈਨੂੰ ਥਹੁ ਨਈਂ ਪਈ ਗੁਰੂ ਮਹਾਰਾਜ ਉਦੋਂ ਹੀ ਉਹਦਾ ਮੁੱਲ ਤਾਰ ਕੇ ਘੋੜੀ ਲੈ ਕਿਉਂ ਨਾ ਆਏ? ਖ਼ੋਰੇ ਏਸ ਗੱਲ ਵਿਚ ਵੀ ਕੋਈ ਹਿਕਮਤ ਸੀ? ਫੇਰ ਇਹ ਗੱਲ ਪਤਾ ਨਹੀਂ ਕਿੱਦਾਂ ਕਈ ਮਹੀਨੇ ਗੁਰੂ ਸਾਹਿਬ ਮਹਾਰਾਜ ਹੁਰਾਂ ਦੇ ਮਨੋਂ ਵਿਸੱਰ ਗਈ?

ਕੋਈ ਚਾਰ ਪੰਜ ਮਹੀਨੇ ਮਗਰੋਂ ਜਦੋਂ ਗੁਰਾਂ ਦਾ ਬੰਦਾ ਪੈਸੇ ਲੈ ਕੇ ਘੋੜੀ ਲੈਣ ਗਿਆ ਤਾਂ ਘੋੜੀ ਮਾਲਕ ਨੇ ਕਿਧਰੇ ਹੋਰ ਵੇਚ ਛੱਡੀ ਹੋਈ ਸੀ। ਜਦੋਂ ਗੁਰੂ ਸਾਹਿਬ ਦੇ ਬੰਦੇ ਨੇ ਮਾਲਕ ਨੂੰ ਸੌਦੇ ਤੋਂ ਫਿਰ ਜਾਣ ਤੇ ਹੋਏ ਤੋਏ ਕੀਤੀ ਤਾਂ ਖਚਰੇ ਜੱਟ ਹੱਥ ਜੋੜ ਕੇ ਕਿਹਾ—"ਮਹਾਰਾਜ ਬਾਦਸ਼ਾਹਵਾਂ ਦੇ ਘਰ ਲਾਲਾਂ ਦਾ ਕੀਹ ਕਾਲ? ਗੁਰੂ ਹੋਰਾਂ ਕੋਲ ਤੇ ਦੁਨੀਆਂ ਜਹਾਨ ਦੀਆਂ ਚੰਗੀਆਂ ਚੰਗੀਆਂ ਤੇ ਇਕ ਤੋਂ ਇਕ ਵੱਧ ਘੋੜੀਆਂ ਨੇ। ਤੁਸੀਂ ਭੌਂ ਕੇ ਬਹੁੜੇ ਹੀ ਨਾ, ਤੇ ਮੈਂ ਸਮਝਿਆ ਘੋੜੀ ਤੁਹਾਨੂੰ ਪਸੰਦ ਹੀ ਨਈਂ ਆਈ। ਉਤੋਂ ਉਸ ਘੋੜੀ ਨੇ ਤਾਂ ਮੇਰੀਆਂ ਨੀਂਦਾਂ ਹੀ ਹਰਾਮ ਕਰ ਛੱਡੀਆਂ ਸਨ। ਬੰਦੂਕਾਂ ਵਾਲੇ ਦੋ ਦੋ ਬੰਦੇ ਰਾਤ ਉਹਦਾ ਪਹਿਰਾ ਦੇਂਦੇ। ਤਾਂ ਵੀ ਚਾਰ ਵਾਰ ਚੋਰ ਉਹਦੇ ਤੇ ਲੱਪਕੇ। ਜਿਉਂ ਹੀ ਘੋੜੀ ਘਰੋਂ ਗਈ, ਮਗਰੋਂ ਲੱਥੀ। ਹੁਣ ਅਮਨ ਦੀ ਨੀਂਦ ਸੌਂਦਾ ਆ। ਗੁਰਾਂ ਦਾ ਮੈਂ ਦੇਣਦਾਰ ਆਂ। ਹੁਣ ਜਦੋਂ ਉਹਦੀ ਮਾਂ ਸੂਈ, ਤੋੜ ਆ ਕੇ ਵਛੇਰਾ ਵਛੇਰੀ ਗੁਰਾਂ ਦੇ ਅਸਤਬਲ ਵਿਚ ਬੰਨ੍ਹ ਕੇ ਆਵਾਂਗਾ। ਗੋਲੀ ਕਿਹਦੀ ਤੇ ਗਹਿਣੇ ਕਿਦ੍ਹੇ?"

ਜਦੋਂ ਘੋੜੀ ਲੈਣ ਗਏ ਬੰਦੇ ਨੇ ਭੈਣੀ ਸਾਹਿਬ ਪਰਤ ਕੇ ਖ਼ਾਲੀ ਹੱਥ ਬੰਨ੍ਹਕੇ ਗੁਰੂ ਹੁਰਾਂ ਨੂੰ ਸਾਰੀ ਗੱਲ ਸੁਣਾਈ ਤੇ ਗੁਰੂਆਂ ਦੇ ਸਿੱਖਾਂ ਦਾ ਲਹੂ ਖੌਲ ਗਿਆ। ਪਰ ਗੁਰੂ ਮਹਾਰਾਜ ਘੜੀ ਕੁ ਚੁੱਪ ਰਹੇ ਫੇਰ ਫੁਰਮਾਉਣ ਲੱਗੇ—"ਅਸੀਂ ਵੀ ਤੇ ਭੁੱਲ ਹੀ ਗਏ ਸਾਂ। ਚਲੋ ਘੋੜੀ ਕੋਈ ਸ਼ੌਕੀਨ ਬੰਦਾ ਲੈ ਗਿਆ, ਮੌਜਾਂ ਲੁੱਟੇ : ਉਹਦੇ ਨਸੀਬ :"

ਇਹ ਗੱਲ ਸਾਰੇ ਪੰਜਾਬ ਵਿਚ ਪੰਜਾਂ ਦਰਿਆਵਾਂ ਦੇ ਹੜ੍ਹ ਵਾਂਗ ਖਿੱਲਰ ਗਈ ਕਿ ਕੋਈ ਬੰਦਾ ਗੁਰੂਆਂ ਦੇ ਸੌਦੇ ਉਤੇ ਸੌਦਾ ਕਰਕੇ ਉਹਨਾਂ ਦੀ ਘੋੜੀ ਲੈ ਗਿਆ। ਪਰ ਕਿਹੜਾ ਮਾਈ ਦਾ ਲਾਲ? ਬੜੇ ਚਿਰ ਤੀਕ ਮੈਨੂੰ ਇਹ ਪਤਾ ਨਾ ਚੱਲ ਸਕਿਆ।

ਏਸ ਗੱਲ ਦੇ ਕੋਈ ਛੇ ਮਹੀਨੇ ਮਗਰੋਂ ਮੈਂ ਭੈਣੀ ਸਾਹਿਬ ਗੁਰਾਂ ਦੇ ਦਰਸ਼ਨਾਂ ਨੂੰ ਗਿਆ। ਗੁਰੂ ਮਹਾਰਾਜ ਲਾਹੌਰ ਨੂੰ ਚੜ੍ਹਾਈਆਂ ਕਰ ਰਹੇ ਸਨ। ਮੈਨੂੰ ਵੀ ਸਾਥ ਚੱਲਣ ਦਾ ਹੁਕਮ ਦਿੱਤੋ ਨੇ; ਮੇਰੇ ਧੰਨ ਭਾਗ; ਲਾਹੌਰ ਅੱਪੜ ਕੇ ਅਪਨਾ ਰਸਾਲਾ ਤੇ ਪੈਦਲਾਂ ਨੂੰ ਗੁਰਦੁਆਰੇ ਅਪੜਨ ਦਾ ਹੁਕਮ ਦਿੱਤਾ। ਤੇ ਮੈਨੂੰ ਤੇ ਪੰਜ ਹੋਰ ਸੇਵਕਾਂ ਨੂੰ ਆਪਣੇ ਨਾਲ ਚੱਲਣ ਲਈ ਆਖਿਆ :

ਧੰਨ ਭਾਗ; ;

"ਕਿੱਧਰ?" ਮੇਰੇ ਮਨ ਵਿਚ ਸਵਾਲ ਪੁੰਗਰਿਆ। ਗੁਰੂ ਮਹਾਰਾਜ ਤੇ ਦਿਲਾਂ ਦੇ ਭੇਤ ਜਾਨਣ ਵਾਲੇ



Sri Satguru Jagjit Singh Ji Elibrary NamdhariElibrary@gmail.com

ਸਨ, ਹੱਸ ਕੇ ਕਹਿਣ ਲੱਗੇ—"ਭਾਈ ਟਹਿਲ ਸਿੰਘ ਤੇਰੇ ਭਰਾ ਚੌਧਰੀ ਵੱਲ ਚੱਲੇ ਆਂ। ਉਹਦੇ ਘਰ ਦਾ ਰਾਹ ਆਉਂਦਾ ਈ ?"

"ਆਹੋ ਮਹਾਰਾਜ ;" ਮੈਂ ਹੱਥ ਬੰਨ੍ਹ ਕੇ ਅਰਜ਼ ਗੁਜ਼ਾਰੀ—"ਧੰਨ ਭਾਗ ਉਹਦੇ ;"

ਸ਼ਾਹੋ ਦੀ ਗੜ੍ਹੀ ਭਾਈ ਸਾਹਿਬ ਦੇ ਘਰ ਅੱਪੜੇ ਤੇ ਉਹ ਆਪ ਘਰ ਕੋਈ ਨਈਂ ਸਨ। ਗੁਰੂ ਮਹਾਰਾਜ ਏਸ ਗੱਲ ਦੀ ਪਰਵਾਹ ਕੀਤਿਓਂ ਬਗ਼ੈਰ ਘੋੜੀਆਂ ਦੇ ਖੁਰਲ ਵੱਲ ਗਏ। ਇਕ ਘੋੜੀ ਦੇ ਕੋਲ ਅੱਪੜ ਕੇ, ਉਹਨੂੰ ਥਾਪੀ ਦਿੱਤੀਓ ਨੇ। ਫੇਰ ਉਹਦੀ ਧੌਣ ਨੂੰ ਕਲਾਵਾ ਭਰ ਕੇ ਉਹਦਾ ਮੂੰਹ ਆਪਣੇ ਸੀਨੇ ਲਾ ਲਿਓ ਨੇ। ਜਿਵੇਂ ਕੋਈ ਮਾਂ ਆਪਣੇ ਵਿੱਛੜ ਕੇ ਮਿਲੇ ਲਾਲ ਨੂੰ ਆਪਣੇ ਨਾਲ ਚਮੋੜ ਲੈਂਦੀ ਏ। ਗੁਰੂ ਹੋਰੀਂ ਬੜੀ ਦੇਰ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾਈ, ਉਹਨੂੰ ਪਿਆਰ ਕਰਦੇ ਤੇ ਉਹਦੇ ਮੱਥੇ ਉੱਤੇ ਹੱਥ ਫੇਰਦੇ ਰਹੇ। ਨੌਕਰਾਂ ਪਰੌਹਣੇ ਵੇਖ ਕੇ ਅੰਦਰੋਂ ਨਵੀਆਂ ਨਵਾਰੀ ਮੰਜੀਆਂ ਕੱਢੀਆਂ, ਨਵੇਂ ਖੇਸ ਸਿਰਹਾਂਦੀ ਰੱਖੇ। ਪਰ ਗੁਰੂ ਮਹਾਰਾਜ ਬੈਠੇ ਨਾ। ਘੋੜੀ ਨੂੰ ਪਿਆਰ ਕਰ ਕੇ ਪਿਛਾਂਹ ਪਰਤੇ ਤੇ ਬਾਹਰੋਂ ਭਾਈ ਹੋਰੀਂ ਆ ਗਏ। ਇਕ ਵਾਰ ਤੇ ਉਹ ਗੁਰੂ ਮਹਾਰਾਜ ਨੂੰ ਵੇਖ ਕੇ ਹੈਰਾਨ ਹੋਏ। ਫੇਰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਆ ਕੇ ਖਲੋ ਗਏ।

"ਬਿਸ ਮਿੱਲ੍ਹਾ ਮਹਾਰਾਜ ;" ਭਾਈ ਆਖਿਆ ; ਅੱਜ ਤੇ ਸੱਚੀ ਮੁਚੀਂ ਕੀੜੀ ਦੇ ਘਰ ਨਾਰਾਇਣ ਆ ਗਿਆ ਏ ਤਸ਼ਰੀਫ਼ ਰੱਖੋ। ਅੰਨ ਪਾਣੀ ਦੀ ਸੁਣਾਓ ?"

"ਅੰਨ ਪਾਣੀ ਵਲੋਂ ਪੁਰ ਬਾਸ਼ ;" ਗੁਰੂ ਹੋਰੀਂ ਖਲੋਤਿਆਂ ਹੀ ਕਹਿਣ ਲੱਗੇ—"ਚੌਧਰੀ ਤੂੰ ਘੋੜੀ ਕਿਉਂ ਮਾੜੀ ਕਰ ਛੱਡੀ ਏ ?"

ਭਾਈ ਹੋਰੀਂ ਉੱਚੀ ਸਾਰੀ ਹੱਸ ਪਏ, ਕਹਿਣ ਲੱਗੇ—"ਮਹਾਰਾਜ ਇਹ ਗੁਰੂਆਂ ਦੀ ਘੋੜੀ ਤੇ ਨਈਂ ਨਾਂ ? ਜਿੰਨੇ ਕਿੱਲੇ ਬੱਧੀ ਨੇ ਦਾਣੇ ਚਰਦਿਆਂ ਚਰਦਿਆਂ ਮੱਝ ਬਣ ਜਾਣਾ ਏਂ। ਇਹ ਤੇ ਗ਼ਰੀਬ ਜੱਟ ਦੀ ਘੋੜੀ ਏ, ਜਿਦ੍ਹੇ ਉੱਤੇ ਮੈਂ ਦੋ ਵੇਲੇ ਸਵਾਰੀ ਕਰਨਾ ਆਂ। ਸਵਾਰੀ ਵਾਲੀ ਘੋੜੀ ਮਾੜੀ ਤੇ ਭਾਵੇਂ ਨਾ ਹੋਵੇ, ਪਰ ਉਹਦੇ ਉੱਤੇ ਵਾਧੂ ਮਾਸ ਵੀ ਤੇ ਨਈਂ ਚੜ੍ਹਦਾ ਜਨਾਬ"

ਗੁਰੂ ਮਹਾਰਾਜ ਖਿਲ ਖਿਲਾ ਕੇ ਹੱਸ ਪਏ। ਕਹਿਣ ਲੱਗੇ—"ਗੱਲ ਠੀਕ ਆਖੀ ਆ ਚੌਧਰੀ ;"



ਭੈਣੀ ਸਾਹਿਬ ਵਾਲੇ ਗੁਰੂ ਮਹਾਰਾਜ
ਸਤਿਗੁਰੂ ਪ੍ਰਤਾਪ ਸਿੰਘ

ਅਗਾੜੀਆਂ ਪਿਛਾੜੀਆਂ ਪਾ ਕੇ ਬੱਧੀ, ਨਹਾਤੇ ਧੋਤੇ ਜੁੱਸੇ ਉੱਤੇ ਚਮਕਦੇ ਫੁੱਲਾਂ ਵਾਲੀ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਅੱਗੇ ਨਾਲੋਂ ਮਾੜੀ ਤੇ ਨਈਂ ਸਗੋਂ ਚੁਸਤ ਬਾਂਕੀ ਤੇ ਬਹੁਤੀ ਸੋਹਣੀ ਪਈ ਲਗਦੀ ਸੀ। ਆਪਣੇ ਮਾਲਕ ਨੂੰ ਨੇੜੇ ਵੇਖ ਕੇ ਘੋੜੀ ਹਿਣਕ ਕੇ ਸਿਰ ਹਿਲਾਇਆ ਤੇ ਉਹਦੇ ਮੱਥੇ ਦੀਆਂ ਝਾਲਰਾਂ ਹਿੱਲੀਆਂ।

ਭਾਈ ਅਗਾਂਹ ਹੋ ਕੇ ਘੋੜੀ ਨੂੰ ਥਾਪੀ ਦਿੱਤੀ ਤੇ ਗੁਰੂ ਮਹਾਰਾਜ ਦੂਜੇ ਬੰਨ੍ਹਿਓਂ ਉਹਨੂੰ ਪਿਆਰ ਦਿੱਤਾ ਤੇ ਅਸੀਂ ਪਰਤ ਆਏ,। ਘੋੜੀ ਵਾਲੀ ਗੱਲ ਮੇਰੀ ਸਮਝ ਵਿਚ ਆ ਗਈ ਸੀ। ਤੇ ਮੈਂ ਨਮੋਸ਼ੀ ਵਿਚ ਡੁੱਬਦਾ ਜਾਂਦਾ ਸਾਂ। ਪਰ ਗੁਰੂ ਮਹਾਰਾਜ ਦੇ ਚਿਹਰੇ ਤੇ ਉਹੋ ਈ ਚਾਨਣਾ ਸੀ, ਉਹੋ ਨੂਰ ਸੀ। ਉਹ ਘੋੜੀ ਨੂੰ ਵੇਖ ਕੇ ਬਹੁਤ ਖੁਸ਼ ਸਨ। ਮੇਰੀ ਨਮੋਸ਼ੀ ਤਾੜ ਕੇ ਕਹਿਣ ਲੱਗੇ—"ਤੇਰਾ ਭਰਾ ਸ਼ੌਕੀਨ ਏ ਘੋੜੀਆਂ ਦਾ, ਤੇ ਏਸ ਘੋੜੀ ਦੀ ਸਾਂਭ ਵੀ ਉਹੋ ਈ ਕਰ ਸਕਦਾ ਸੀ। ਵੇਖ ਕਹੀ ਸੋਹਣੀ ਸਾਂਭ ਕੇ ਰੱਖੀ ਸੁ ਘੋੜੀ ? ਜਿਉਂਦਾ ਵਸਦਾ ਰਹਵੇ।"

ਮੈਂ ਆਪਣੇ ਮਨ ਵਿਚ ਸ਼ਰਮਸਾਰ ਸਾਂ,ਕੀਹ ਆਖਦਾ ?

ਅਗਲੇ ਵਰ੍ਹੇ ਗੁਰੂ ਮਹਾਰਾਜ ਸਾਡੇ ਪਿੰਡਾਂ ਵੱਲ ਆਏ। ਮੈਂ ਉਹਨਾਂ ਦੇ ਆਵਣ ਦੀ ਖ਼ਬਰ ਲਾਹੌਰ ਭਾਈ ਹੁਰਾਂ ਨੂੰ



Sri Satguru Jagjit Singh Ji Elibrary NamdhariElibrary@gmail.com

ਘੱਲੀ। ਹੜ੍ਹ ਵਾਲੇ ਮੈਦਾਨ ਵਿਚ ਗੁਰੂਆਂ ਦੇ ਡੇਰੇ ਸਨ। ਆਲੇ ਦਵਾਲੇ ਦੇ ਪਿੰਡਾਂ ਦੇ ਲੋਕ ਗੁਰੂ ਹੁਰਾਂ ਦੇ ਦਰਸ਼ਨਾਂ ਨੂੰ ਆਏ ਹੋਏ, ਤਿੰਨ ਚਾਰ ਹਜ਼ਾਰ ਸਿਖਾਂ ਵਿਚ ਗੁਰੂ ਮਹਾਰਾਜ ਬੈਠੇ ਹੋਏ ਇੰਜ ਲਗਦੇ ਜਿਵੇਂ ਤਾਰਿਆਂ ਵਿਚ ਚੌਧਵੀਂ ਰਾਤ ਦਾ ਚੰਨ। ਹਵਾ ਦੀਆਂ ਲਹਿਰਾਂ ਵਿਚ ਬਹੁਤ ਸਾਰੀਆਂ ਆਵਾਜ਼ਾਂ ਤੇ ਰਾਗ ਰਲੇ ਹੋਏ ਚੁਫੇਰੇ ਖਿੱਲਰੇ ਹੋਏ ਸੁਣੇ ਜਾਂਦੇ :

ਸਾਡੇ ਭਾਗ ਭਲੇ
ਗੁਰਾਂ ਦੇ ਦਰਸ਼ਨ ਪਾਏ
ਸਾਡੇ ਭਾਗ ਭਲੇ...

ਭਾਈ ਹੋਰੀਂ ਆਏ। ਉਹਨਾਂ ਦੇ ਹੱਥ ਵਿਚ ਸਬਜ਼ ਗੁਲਜ਼ਾਰ ਰੰਗ ਦੀ ਉਸ ਘੋੜੀ ਦਾ ਰੱਸਾ ਫੜਿਆ ਹੋਇਆ ਸੀ। ਜਿਹਨੂੰ ਕੱਲ ਉਹ ਲਹੌਰੋਂ ਗੱਡੀ ਵਿਚ ਪਾ ਕੇ ਪਿੰਡ ਲੈ ਕੇ ਆਏ ਸਨ। ਗੁਰੂ ਸਾਹਿਬ ਉੱਠੇ ਤੇ ਅਗਾਂਹ ਵਧ ਕੇ ਉਹਨਾਂ ਭਾਈ ਨੂੰ ਦੁਆਵਾਂ ਦਿੱਤੀਆਂ ਤੇ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾ ਕੇ ਉਹਨੂੰ ਪਿਆਰ ਕੀਤੋ ਨੇ। ਸੰਗਤਾਂ ਦੀਆਂ ਨਜ਼ਰਾਂ ਗੁਰਾਂ ਉਤੇ ਗੱਡੀਆਂ ਹੋਈਆਂ ਸਨ।

ਭਾਈ ਹੁਰਾਂ ਘੋੜੀ ਦਾ ਰੱਸਾ ਗੁਰੂ ਸਾਹਿਬ ਨੂੰ ਪੇਸ਼ ਕਰਦਿਆਂ ਕਿਹਾ—"ਮਹਾਰਾਜ ਇਹ ਤੁਹਾਡਾ ਮਾਲ ਏ ਕਬੂਲ ਕਰੋ।"

ਗੁਰੂ ਸਾਹਿਬ ਰੱਸਾ ਫੜ ਲਿਆ ਤੇ ਘੋੜੀ ਦੇ ਪਿੰਡੇ ਉੱਤੇ ਪਿਆਰ ਨਾਲ ਹੱਥ ਫੇਰ ਕੇ ਰੱਸਾ ਭਾਈ ਨੂੰ ਫੜਾਉਂਦਿਆਂ ਫੁਰਮਾਣ ਲੱਗੇ :

"ਚੌਧਰੀ ਵੱਸਦਾ ਰਹੁ : ਤੇਰੀ ਘੋੜੀ ਸਾਨੂੰ ਅੱਪੜ ਗਈ।"

"ਇਹ ਘੋੜੀ ਤੇ ਮਹਾਰਾਜ ਤੁਹਾਨੂੰ ਲੈਣੀ ਪਏਗੀ :" ਭਾਈ ਹੁਰਾਂ ਅਦਬ ਤੇ ਪਿਆਰ ਨਾਲ ਆਖਿਆ ',ਏਸ ਘੋੜੀ ਤੋਂ ਤੁਸੀਂ ਮੇਰੇ ਭਰਾ ਨਾਲ ਗੁੱਸੇ ਓ ;"

ਗੁਰੂ ਹੁਰਾਂ ਫੁਰਮਾਇਆ, "ਚੌਧਰੀ ਤੇਰਾ ਭਰਾ ਭਾਈ ਟਹਿਲ ਸਿੰਘ ਭਲਾ ਲੋਕ ਆਦਮੀ ਏ। ਉਹਦੇ ਨਾਲ ਤੇ ਅਸੀਂ ਭੋਰਾ ਵੀ ਨਾਰਾਜ਼ ਨਈਂ। ਉਹਨੂੰ ਤੇ ਅਸਾਂ ਇਹ ਗੱਲ ਕਦੇ ਜਤਾਈ ਵੀ ਨਈਂ। ਘੋੜੀ ਸਾਡੀ ਹੋ ਗਈ। ਪਰ ਇਹ ਰਹਵੇਗੀ ਤੇਰੇ ਕੋਲ। ਭਾਈਆ ! ਸਾਥੋਂ ਇਹਦੀ ਸਾਂਭ ਤੇਰੇ ਵਰਗੀ ਤੇ ਨਈਂ ਨਾ ਹੋ ਸਕਦੀ !!"

ਤੇ ਗੁਰੂ ਹੁਰਾਂ ਖੁਸ਼ ਹੋ ਕੇ ਦੁਆਵਾਂ ਦਿੱਤੀਆਂ ਸਵਾਰ ਨੂੰ ਵੀ ਤੇ ਘੋੜੀ ਨੂੰ ਵੀ !

੧੯੪੦-੪੧ ਦੀ ਇਹ ਕਹਾਣੀ, ਚਾਚਾ ਟਹਿਲ ਸਿੰਘ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਤੋਂ ਆਪਣੇ ਖ਼ੱਤ ਵਿਚ ਮੈਨੂੰ ੧੯੭੧ ਵਿਚ ਲਿਖਦਾ ਏ। ਤੇ ਨਾਲ ਮੈਨੂੰ ਇਸ ਕਹਾਣੀ ਨੂੰ ਲਿਖਣ ਲਈ ਆਖਦਾ ਏ। ਏਸ ਕਹਾਣੀ ਵਿਚ ਭੈਣੀ ਸਾਹਿਬ ਵਾਲੇ ਗੁਰੂ, ਗੁਰੂ ਪ੍ਰਤਾਪ ਸਿੰਘ ਜੀ ਹੁਰੀਂ ਨੇ। ਚਾਚਾ ਟਹਿਲ ਸਿੰਘ ਨਵੇਂ ਪਿੰਡ ਵਾਲਾ ਭਾਈ ਟਹਿਲ ਸਿੰਘ ਰੰਧਾਵਾ ਨਾਮਧਾਰੀ ਏ—ਜਿਹੜਾ ਮੇਰੇ ਵਾਲਦ ਦਾ ਪੱਗ ਵੱਟ ਭਰਾ, ਦੋਸਤ, ਜਮਾਇਤੀ ਤੇ ਸਾਥੀ ਸੀ। ਹੁਣ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਵਿਚ ਬੈਠਾ ਏ।

ਕਹਾਣੀ ਵਿਚ ਉਹਦਾ "ਭਾਈ ਸਾਹਿਬ" ਤੇ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਗੁਰੂਆਂ ਤੋਂ ਉਤੋਂ ਦੀ ਮੁੱਲ ਲੈ ਆਵਣ ਵਾਲਾ ਬੰਦਾ ਮੇਰਾ ਵਾਲਦ ਏ।

ਇਹ ਮੇਰੇ ਹੋਸ਼ ਸੰਭਾਲਣ ਤੋਂ ਪਹਿਲੋਂ ਦੀਆਂ ਬਾਤਾਂ ਨੇ। ਮੈਂ ਉਸ ਘੋੜੀ ਨੂੰ ਵੇਖਿਆ ਵੀ ਨਈਂ। ਪਰ ਚਾਚੇ ਟਹਿਲ ਸਿੰਘ ਦਾ ਇਹ ਖ਼ੱਤ ਪੜ੍ਹ ਕੇ ਮੈਨੂੰ ਉਸ ਘੋੜੀ ਬਾਰੇ ਹੋਰ ਜਾਨਣ ਦਾ ਸ਼ੌਕ ਕੁੱਦਿਆ। ਇਕ ਦਿਨ ਪਿੰਡ ਬੈਠਿਆਂ ਘੋੜੀਆਂ ਦੀਆਂ ਗੱਲਾਂ ਹੋ ਰਹੀਆਂ ਸਨ। ਤੇ ਮੈਂ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਉਸ ਘੋੜੀ ਦੀ ਗੱਲ ਵਾਹ ਦਿੱਤੀ। ਪਰ੍ਹਾਂ ਚੁੱਪ ਕਰਕੇ ਬੈਠੇ ਅੱਬਾ ਜੀ ਦੀਆਂ ਤਸਬੀਹ ਫੇਰਦੀਆਂ ਉਂਗਲਾਂ ਖਲੋ ਗਈਆਂ। ਉਹਨਾਂ ਦੀਆਂ ਭੂਰੀਆਂ ਬਦਾਮੀ ਖੂਬਸੂਰਤ ਚਮਕਦੀਆਂ ਅੱਖੀਆਂ ਦੇ ਵਿਚ ਮਸ਼ਾਲਾਂ ਜਹੀਆਂ ਬਲੀਆਂ।

"ਭਾਈ, ਉਹ ਬੜੀ ਘੋੜੀ ਸੀ!" ਉਹ ਆਖ ਕੇ ਚੁੱਪ ਕਰ ਗਏ। ਤੇ ਤਸਬੀਹ ਦੇ ਦਾਣੇ ਫੇਰ ਉਹਨਾਂ ਦੀਆਂ ਉਂਗਲਾਂ ਵਿਚ ਫਿਰਨ ਲੱਗ ਪਏ। ਚਾਚਾ ਟਹਿਲ ਸਿੰਘ ਉਹਨਾਂ ਨੂੰ ਬਹੁਤ ਪਿਆਰਾ ਸੀ ਤੇ ਉਹਦੇ ਜ਼ਿਕਰ ਤੇ ਅੱਬਾ ਜੀ ਸਦਾ ਹੀ ਉਦਾਸ ਹੋ ਜਾਂਦੇ। ਮੈਂ ਦੁੱਖਾਂ ਦਰਦਾਂ ਦੇ ਫੋਲਣੇ ਤੇ ਨਹੀਂ ਫੋਲਣਾ ਚਾਹੁੰਦਾ ਸਾਂ ਪਰ ਦੋ ਤਿੰਨ ਗੱਲਾਂ ਪੁੱਛਣੋਂ ਬਿਨਾਂ ਮੈਥੋਂ ਰਹਿ ਵੀ ਨਾ ਹੁੰਦਾ।

"ਜਦੋਂ ਤੁਹਾਨੂੰ ਚਾਚਾ ਟਹਿਲ ਸਿੰਘ ਏਡਾ ਈ ਪਿਆਰਾ ਸੀ ਫੇਰ ਤੁਸਾਂ ਉਹਦੇ ਗੁਰੂ ਦੇ ਸੌਦੇ ਤੇ ਸੌਦਾ ਕਿਉਂ ਕੀਤਾ ?"

"ਇਹਨੂੰ ਹੂੜ ਮੱਤ ਤੇ ਮੂਰਖਪੁਣਾ ਹੀ ਕਿਹਾ ਜਾ ਸਕਦਾ ਏ।" ਅੱਬਾ ਜੀ ਨਿੱਕਾ ਜਿਹਾ ਜੁਆਬ ਦੇ ਕੇ ਗੱਲ ਮੁਕਾਈ। "ਘੋੜੀ ਵੇਖ ਕੇ ਮੈਂ ਰਹਿ ਨਾ ਸਕਿਆ ਤੇ ਘੋੜੀ ਮੈਂ ਲਈ ਵੀ ਗੁਰੂ ਸਾਹਿਬ ਦੇ ਮੁੱਲ ਤੋਂ ਬਹੁਤਾ ਮੁੱਲ ਤਾਰ ਕੇ। ਤੇ ਬੜਿਆਂ ਜ਼ੋਰਾਂ ਨਾਲ—ਤਾਂ ਵੀ ਮੈਂ ਸਮਝਾਂ ਮੈਂ



Sri Satguru Jagjit Singh Ji Elibrary NamdhariElibrary@gmail.com

ਘੋੜੀ ਕੱਖਾਂ ਦੇ ਮੁੱਲ ਲੈ ਆਂਦੀ। ਗੁਰੂ ਸਾਹਿਬ ਦੇ ਘਰ ਰੁਪਏ ਪੈਸੇ ਦੀ ਕਾਹਦੀ ਥੋੜ੍ਹ ? ਉਹ ਤੇ ਆਪਣਿਆਂ ਸਿੱਖਾਂ ਨੂੰ ਇਸ਼ਾਰਾ ਕਰਦੇ ਤੇ ਅਗਲੇ ਘੋੜੀ ਸੋਨੇ ਨਾਲ ਤੋਲ ਕੇ ਵੀ ਲੈ ਆਉਂਦੇ !''

ਮੇਰਾ ਦੂਸਰਾ ਸਵਾਲ। ਮੈਂ ਕਿਹਾ—''ਅਸੂਲ ਨਾਲ ਤੇ ਸਾਈ ਦੇਣ ਮਗਰੋਂ ਘੋੜੀ ਉਹਨਾਂ ਦੀ ਹੋ ਗਈ। ਫੇਰ ਉਹ ਉਸ ਘੋੜੀ ਦੇ ਵੀ ਬੜੇ ਆਸ਼ਿਕ ਸਨ। ਤਾਂ ਵੀ ਉਹਨਾਂ ਤੁਹਾਡੀ ਏਸ ਹਰਕਤ ਦਾ ਬੁਰਾ ਨਾ ਮਨਾਇਆ ? ਤੁਹਾਡੀ ਏਸ ਹਰਕਤ ਤੋਂ ਉਹ ਚਾਚੇ ਟਹਿਲ ਸਿੰਘ ਨਾਲ ਰੰਜ ਕਿਉਂ ਨਾ ਹੋਏ ?''

ਇਹਦੇ ਵਿਚ 'ਕਿਉਂ ਨਾ ਹੋਏ ?' ਦਾ ਕੀ ਸਵਾਲ ਏ ਬੱਲਿਆ ! ਇਹ ਗੁਰੂ ਹੁਰਾਂ ਦੀ ਵਡਿਆਈ ਸੀ। ਐਵੇਂ ਤੇ ਨਈਂ ਲੱਖਾਂ ਬੰਦੇ ਉਹਨਾਂ ਦੀਆਂ ਮਿੰਨਤਾਂ ਕਰਦੇ ਰਹੇ ? ਉਹ ਬੜੇ ਹੌਸਲੇ ਤੇ ਬੜੀਆਂ ਸਿਫ਼ਤਾਂ ਵਾਲੇ ਇਨਸਾਨ ਸਨ। ਜਦੋਂ ਉਹ ਘੋੜੀ ਨੂੰ ਮਿਲਣ ਮੇਰੇ ਘਰ ਆਏ। ਜੇ ਮੈਂ ਉਦੋਂ ਘੋੜੀ ਉਨ੍ਹਾਂ ਦੀ ਨਜ਼ਰ ਕਰਦਾ ਤੇ ਗੱਲ ਹੌਲੀ ਰਹਿ ਜਾਂਦੀ। ਏਸ ਕਰਕੇ ਹੀ ਮੈਂ ਤੋੜ ਪਿੰਡ ਆ ਕੇ ਘੋੜੀ ਉਹਨਾਂ ਦੀ ਨਜ਼ਰ ਕੀਤੀ। ਜਿਹੜੀ ਉਹਨਾਂ ਕਬੂਲ ਤੇ ਕਰ ਲਈ, ਪਰ ਘੋੜੀ ਨਾ ਲਈ। ਮੈਂ ਭਾਈ ਟਹਿਲ ਸਿੰਘ ਦੀ ਵਜ੍ਹਾ ਤੋਂ ਹੀ ਘੋੜੀ ਉਹਨਾਂ ਦੀ ਨਜ਼ਰ ਕਰਨਾ ਚਾਹੁੰਦਾ ਸਾਂ ਤਾਂ ਜੋ ਉਹ ਮੇਰੇ ਮੂਰਖਪੁਣੇ ਤੋਂ ਭਾਈ ਨਾਲ ਨਾਰਾਜ਼ ਨਾ ਹੋਣ ਤੇ ਅਪਣੇ ਸਿੱਖ, ਅਪਣੇ ਇਕ ਮੰਨਣ ਵਾਲੇ, ਆਪਣੇ ਇਕ ਚੇਲੇ ਦਾ ਮੈਨੂੰ ਭਰਾ ਸਮਝ ਕੇ ਹੀ ਉਹਨਾਂ ਮੈਥੋਂ ਘੋੜੀ ਨਾ ਲਈ— ਇਹੋ ਜਿਹੀਆਂ ਵਡਿਆਈਆਂ ਬੰਦਿਆਂ ਵਿਚ ਨਈਂ ਫਰਿਸ਼ਤਿਆਂ ਵਿਚ ਹੁੰਦੀਆਂ ਨੇ। ਤੇ ਉਹ ਸੱਚੀ ਮੁਚੀਂ ਫਰਿਸ਼ਤਿਆਂ ਵਰਗੇ ਹੀ ਮਨੁੱਖ ਸਨ।''

ਮੈਂ ਆਖਰੀ ਸਵਾਲ ਰੇੜ੍ਹਿਆ, ''ਫੇਰ ਉਸ ਘੋੜੀ ਦਾ ਕੀ ਬਣਿਆ ?''

''ਬਨਣਾ ਕੀਹ ਸੀ ?'' ਅੱਬਾ ਜੀ ਨਿੰਮ੍ਹਾਂ ਜਿਹਾ ਹੱਸ ਕੇ ਬੋਲੇ—''ਜਿਸ ਘੋੜੀ ਦੇ ਏਸਰਾਂ ਦੇ ਐਨੇ ਸਾਰੇ ਕਿੱਸੇ ਬਣ ਜਾਣ ਮੁੜ ਤੇ ਆਖ਼ਰ ਓਸ ਜਾਣਾ ਹੀ ਸੀ। ਬੜੇ ਬੜੇ ਸੇਠ, ਸਾਹੂਕਾਰ, ਰਾਜੇ, ਮਹਾਰਾਜੇ ਤੇ ਅਮੀਰ ਕਬੀਰ ਲੋਕ ਉਹਦੇ ਗਾਹਕ ਬਣੇ। ਪਰ ਮੈਂ ਕਦੋਂ ਵੇਚਦਾ ਸਾਂ ਉਹਨੂੰ ? ਪਰ ਪੰਜ ਹੱਥਿਆਂ ਅੱਗੇ ਮੇਰੀ ਕੋਈ ਪੇਸ਼ ਨਾ ਗਈ...''

''ਕਿਵੇਂ ?'' ਮੇਰੇ ਮੂੰਹੋਂ ਨਿਕਲਿਆ।

''ਪੰਜ ਹੱਥੇ, ਪੰਜੇ ਭਰਾ ਤਿੰਨ ਵੱਡੇ ਨੋਟਾਂ ਦੀਆਂ ਬੋਰੀਆਂ ਤੇ ਦਸ ਸੇਰ ਪੱਕੇ ਸੋਨੇ ਦੀਆਂ ਟੂੰਬਾਂ ਦੀ ਪੰਡ ਲੈ ਕੇ ਮੇਰੇ ਬੂਹੇ ਤੇ ਆ ਕੇ ਬਹਿ ਗਏ। ਪੰਜ ਹੱਥੇ ਤੇ ਉਹਨਾਂ ਦੀ ਅੱਲ ਪੈ ਗਈ ਹੋਈ ਸੀ। ਉਹ ਪੰਜੇ ਭਰਾ ਬੜੇ ਭਾਰੇ ਜਵਾਨ ਤੇ ਵੱਡੇ ਡਾਕੂ ਸਨ। ਪਰ ਸਨ ਆਪਣੀ ਬਰਾਦਰੀ ਦੇ ਭਰਾ, ਨਾਲ ਦੇ ਪਿੰਡ ਦੇ। ਆਪਣਿਆਂ ਪਿੰਡਾਂ ਵਿਚ ਤੇ ਉਹ ਕਦੇ ਕਿਸੇ ਨੂੰ ਕੰਨੀਂ ਪਾਇਆਂ ਵੀ ਨਾ ਦੁਖਦੇ। ਦੂਰ ਦੂਰ ਦੇ ਸ਼ਹਿਰਾਂ ਵਿਚ ਜਾ ਕੇ ਡਾਕੇ ਮਾਰਦੇ। ਇਕ ਇਕ ਬੰਦਾ ਪੰਜਾਂ ਪੰਜਾਂ ਹੱਥਾਂ ਵਾਲਾ ਲਗਦਾ ਤੇ ਏਸ ਪਾਰੋਂ ਹੀ ਲੋਕ ਉਹਨਾਂ ਨੂੰ ਪੰਜ ਹੱਥੇ ਆਖਣ ਲੱਗ ਪਏ।

ਜਦੋਂ ਉਹ ਆਏ ਰਾਤ ਅੰਨ ਪਾਣੀ ਖੁਆ ਮੈਂ ਹੱਸਦਿਆਂ ਹੱਸਦਿਅ ਪੁਛਿਆ. ''ਲਾਹੌਰ ਲੁੱਟਣ ਆਏ ਓ ਪੰਜ ਹਥਿਓ ?''

ਈਸ਼ਵਰ ਸਿੰਘ ਦੀ ਚਿੱਟੀ ਦਾੜ੍ਹੀ ਸੀ ਤੇ ਸਾਰਿਆਂ ਭਰਾਵਾਂ ਵਿਚੋਂ ਵੱਡਾ। ਸਿਰੋਂ ਆਪਣੀ ਪੱਗ ਲਾਹ ਕੇ ਗਲ ਵਿਚ ਪਾ ਲਈਓ ਸੂ ਤੇ ਹੱਥ ਜੋੜ ਕੇ ਬੋਲਿਆ—''ਭਰਾ ਜਿਹੜੀ ਘੋੜੀ ਦਾ ਮੁੱਲ ਗੁਰੂ ਤੇ ਰਾਜੇ ਮਹਾਰਾਜੇ ਨਈਂ ਦੇ ਸਕੇ, ਅਸਾਂ ਕੀਹ ਦੇ ਲੈਣਾ ਏ ? ਪਰ ਫੇਰ ਵੀ ਅਸੀਂ ਆਪਣੀ ਸਾਰੀ ਉਮਰ ਦੀ ਕਮਾਈ ਲੈ ਕੇ ਆਏ ਆਂ ਤੇ ਜਾਵਾਂਗੇ ਘੋੜੀ ਲੈ ਕੇ। ਨਈਂ ਤੇ ਸਹੁੰ ਭਾਈਏ ਦੀ ! ਅਸਾਂ ਸਾਰੀ ਉਮਰ ਤੇਰੇ ਬੂਹੇ ਤੇ ਬਹਿ ਰਾਂਗੇ ! ਤੇਰੇ ਮਾਲ ਡੰਗਰ ਨੂੰ ਪੱਠਾ ਦੱਥਾ ਪਾ ਛੱਡਿਆ ਤੇ ਤੇਰੀਆਂ ਰੋਟੀਆਂ ਤੋੜ ਛੱਡਿਆ ਕਰਾਂਗੇ !'' ਈਸ਼ਵਰ ਸਿੰਘ ਦੀ ਗੱਲ ਅਟੱਲ ਸੀ।

''ਫੇਰ ਘੋੜੀ ਲੈ ਗਏ ਪੰਜ ਹੱਥੇ ?'' ਮੈਂ ਪੁੱਛਿਆ।

''ਲੈ ਗਏ !'' ਅੱਬਾ ਜੀ ਹੱਸ ਕੇ ਬੋਲੇ—''ਸਵੇਰੇ ਉਹਨਾਂ ਨੂੰ ਛਾਹ ਵੇਲਾ ਖਵਾ ਕੇ ਮੈਂ ਘੋੜੀ ਖੋਲ੍ਹ ਕੇ ਉਹਨਾਂ ਦੇ ਹੱਥ ਫੜਾਈ ਤੇ ਉਹ ਛਾਲਾਂ ਮਾਰਦੇ ਉੱਡ ਗਏ।''

''ਕਿੰਨੇ ਦੀ ?'' ਮੈਂ ਕੀਮਤ ਪੁੱਛਣ ਲਈ ਬੇਚੈਨ ਸਾਂ—''ਆਖ਼ਰ ਏਡੀ ਨਾਮੀ ਗਰਾਮੀ ਤੇ ਵੱਡੀ ਘੋੜੀ ਦਾ ਕੀਹ ਮੁੱਲ ਲੱਗਿਆ ?''

''ਮੁੱਲ ?'' ਹੱਸ ਕੇ ਅੱਬਾ ਜੀ ਕਹਿਆ—''ਇਕ ਰੁਪਿਆ ਚਾਂਦੀ ਦਾ !''

''ਇਕ ਰੁਪਿਆ ?'' ਮਸਾਂ ਈ ਮੇਰੇ ਮੂੰਹੋਂ ਨਿਕਲਿਆ।

ਆਹੋ ਕਾਕਾ ! ਬੰਨੇ ਚੰਨੇ ਦੇ ਭਰਾ ਸਨ ਤੇ ਬੂਹੇ ਤੇ ਆ ਕੇ ਬੈਠੇ ਹੋਏ ਸਨ। ਮੈਂ ਉਹਨਾਂ ਤੋਂ ਘੋੜੀ ਦਾ ਮੁੱਲ ਲੈਂਦਾ ਚੰਗਾ ਲਗਦਾ ਸਾਂ !'' ਅੱਬਾ ਜੀ ਕਹਿਣ ਲੱਗੇ।

''ਤੇ ਰੁਪਿਆ ਕਿੰਜ ਹੋਇਆ ਫੇਰ ?''



Sri Satguru Jagjit Singh Ji Elibrary NamdhariElibrary@gmail.com

"ਮੁੱਲ ਦੇਣ ਲਈ ਉਹਨਾ ਦੇ ਜ਼ੋਰ ਲਾਵਣ ਤੇ ਮੈਂ ਚਾਂਦੀ ਦਾ ਇਕ ਰੁਪਿਆ ਉਹਨਾਂ ਤੋਂ ਲੈ ਲਿਆ।" ਅੱਬਾ ਜੀ ਹਨੇਰੇ ਵਿਚ ਵੇਖਦਿਆਂ ਹੋਇਆ ਹੱਸ ਕੇ ਬੋਲੇ।

ਹੁਣ ਇਹ ਮੇਰੇ ਲਈ ਲਿਖਿਆ ਗਿਆ ਏ ਕਿ ਕਿਆਮਪੁਰ ਤੇ ਮੁਕੇਰੀਆਂ ਵਿਚ ਏਧਰ ਓਧਰ ਖਿੱਲਰੀਆਂ ਹੋਈਆਂ ਕਹਾਣੀਆਂ ਨੂੰ ਕੱਠੀਆਂ ਕਰ ਕਰ ਕੇ ਮੈਂ ਲਿਖਦਾ ਰਹਾਂ !!

ਲਿਪੀਆਂਤਰ—**ਜਤਿੰਦਰ ਜੌਲੀ**
੪੨੧—ਈਸਟ ਮੋਹਨ ਨਗਰ
ਅੰਮ੍ਰਿਤਸਰ—੧੪੩੦੦੬.

(ਸ੍ਰੀ ਜਤਿੰਦਰ ਜੌਲੀ ਨੇ ਇਸ ਕਹਾਣੀ ਦਾ ਲਿਪੀਆਂਤਰ (ਉਰਦੂ ਅੱਖਰਾਂ ਤੋਂ ਗੁਰਮੁਖੀ) ਕੀਤਾ ਹੈ। ਉਹਨਾਂ ਦੇ ਅਨੁਸਾਰ ਇਸ ਕਹਾਣੀ ਵਿਚਲੇ ਚਾਚਾ ਟਹਿਲ ਸਿੰਘ ਰੰਧਾਵਾ, ਪਿੰਡ ਲਾਡਪੁਰ, ਡਾਕਖਾਨਾ ਭੰਗਾਲਾ, ਤਹਿਸੀਲ ਮੁਕੇਰੀਆਂ, ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕ ਪ੍ਰਸਿੱਧ ਨਾਮਧਾਰੀ ਹਨ। ਉਹਨਾਂ ਦੇ ਸਪੁਤਰ ਸ: ਕਿਰਪਾਲ ਸਿੰਘ ਪਿਛਲੇ ਕਈਆਂ ਸਾਲਾਂ ਤੋਂ ਲਗਾਤਾਰ ਲਾਡਪੁਰ ਦੇ ਸਰਪੰਚ ਹਨ। ਸ: ਟਹਿਲ ਸਿੰਘ ਕਹਾਣੀ ਲੇਖਕ ਜਨਾਬ ਅਫਜ਼ਲ ਅਹਿਮਦ ਰੰਧਾਵਾ ਦੇ ਪਿਤਾ ਚੌਧਰੀ ਸਰਫਰਾਜ਼ ਖਾਂ ਦੇ ਪੱਗ ਵਟ ਭਰਾ ਹਨ ਪਰ ਦੇਸ਼ ਦੀ ਵੰਡ ਬਾਅਦ ਇਸ ਦੂਰੀ ਦੀ ਪੀੜ ਨੂੰ ਸ਼ਿਦਤ ਨਾਲ ਹੰਢਾ ਰਹੇ ਹਨ। ਉਹਨਾਂ ਦੇ ਨਾਲ ਸ੍ਰੀ ਜਤਿੰਦਰ ਜੌਲੀ ਨੇ ਇੰਟਰਵੀਊ ਵੀ ਕੀਤਾ ਹੈ। —ਸੰਪਾਦਕ)

---

● ਅੱਧੀ ਉਮਰ ਮੇਰੀ ਜ਼ਿੰਦਗੀ ਬਾਰੇ ਹੈਰਾਨ ਹੁੰਦਿਆਂ ਲੰਘ ਗਈ ਹੈ ਤੇ ਅਗਲੀ ਅੱਧੀ ਮੌਤ ਬਾਰੇ ਹੈਰਾਨ ਹੁੰਦਿਆਂ ਬੀਤ ਜਾਵੇਗੀ। —ਐਫ. ਐਨ. ਸਊਜ਼

● ਜਿਹ ਭੀ ਮੁਮਕਨ ਨਹੀਂ ਕਿ ਮਰ ਜਾਏਂ
ਜ਼ਿੰਦਗੀ, ਆਹ ਕਿਤਨੀ ਜ਼ਾਲਮ ਹੈ
—ਅਖਤਰ ਅਨਸਾਰੀ

ਕਵਿਤਾ

# ਮੈਂ ਪਿਆਰਦਾ ਹਾਂ

ਮੂਲ ਜਰਮਨ ਲੇਖਕ : ਹਾਇਨਰਿਕ ਹਾਇਨੇ
ਪੰਜਾਬੀ ਰੂਪ : ਪ੍ਰੇਮ ਅਵਤਾਰ

ਤਿਤਲੀ ਨੂੰ ਪਿਆਰੇ ਫੁੱਲ ਗੁਲਾਬ
ਉਸ ਦਵਾਲੇ ਉਹ ਮੰਡਲਾਵੇ
ਸਾਰਾ ਦਿਨ ਹੀ,
ਜਦ ਕਿ ਤਿਤਲੀ ਦਾ ਪਿਛਾ ਕਰਦੀ
ਕਿਰਨ-ਸੂਰਜੀ, ਉਸ ਦੇ ਰਾਹਾਂ 'ਤੇ ਵਿਛ ਵਿਛ ਜਾਵੇ।
ਪਰ ਠਹਿਰੋ, ਦੇਖੋ—ਗੁਲਾਬ ਦਾ ਇਸ਼ਕ ਹੈ ਕੀਹਦੇ ਨਾਲ ?
ਕਿਸ ਦੇ ਲਈ ਉਹ ਥਰਾਂਵੇ, ਤੇ ਪੀਲਾ ਪੈਂਦਾ ਜਾਵੇ ?
ਕੀ ਉਹ ਚੁਪ ਚੁਪੀਤਾ ਸ਼ਾਮ ਦਾ ਤਾਰਾ ?
ਜਾਂ ਜਜ਼ਬਾਤੀ ਉਹ ਹੈ ਬੁਲਬੁਲ ?
ਪਤਾ ਨਾ ਮੈਨੂੰ,
ਲਾਲ ਗੁਲਾਬ ਪਿਆਰੇ ਕਿਸ ਨੂੰ,
ਪਰ ਮੈਂ ਪਿਆਰਾਂ ਤੁਹਾਨੂੰ ਸਭ ਨੂੰ,
ਕਿਉਂਜੋ ਮੈਂ ਗੀਤ ਹਾਂ ਗਾਉਂਦਾ
ਸੂਰਜ-ਕਿਰਨ, ਸ਼ਾਮ ਦੇ ਤਾਰੇ,
ਬੁਲਬੁਲ, ਗੁਲਾਬ 'ਤੇ ਤਿਤਲੀ ਵਾਲੇ।

*



Sri Satguru Jagjit Singh Ji Elibrary NamdhariElibrary@gmail.com

ਸੰਸਾਰ ਸਾਹਿਤ

# ਵਿਗਾੜਿਆ ਸ਼ਬਦ ਉਚਾਰਣ

—ਰਸੂਲ ਹਮਜ਼ਾਤੋਵ—

ਰਸੂਲ ਹਮਜ਼ਾਤੋਵ ਸੋਵੀਅਤ ਯੂਨੀਅਨ (ਰੂਸ) ਦੀ ਇਕ ਬੋਲੀ ਆਵਾਰ ਦਾ ਸੰਸਾਰ ਪ੍ਰਸਿਧ ਕਵੀ ਹੈ। ਉਸ ਨੇ ਆਪਣੀ ਜਨਮ ਭੂਮੀ ਦਾਗਿਸਤਾਨ ਤੇ ਇਕ ਕਿਤਾਬ ਲਿਖੀ "ਮੇਰਾ ਦਾਗਿਸਤਾਨ।" ਇਸ ਪੁਸਤਕ ਦਾ ਸੰਸਾਰ ਦੀਆਂ ਕਈ ਬੋਲੀਆਂ ਵਿਚ ਅਨੁਵਾਦ ਹੋ ਚੁਕਾ ਹੈ। ਮਾਂ ਬੋਲੀ ਅਤੇ ਸਾਹਿਤ ਦੇ ਗੰਭੀਰ ਮਸਲਿਆਂ ਬਾਰੇ ਸਰਲ ਤਰੀਕੇ ਨਾਲ ਕੀਤਾ ਬਿਆਨ ਅਤੇ ਕਹਾਣੀ ਰਸ ਇਸ ਪੁਸਤਕ ਦੀ ਵਿਸ਼ੇਸ਼ਤਾ ਹੈ। ਇਹ ਪੁਸਤਕ ਪ੍ਰਗਤੀ ਪ੍ਰਕਾਸ਼ਨ ਮਾਸਕੋ ਵਲੋਂ ਗੁਰਮੁਖੀ ਅਖਰਾਂ ਵਿਚ ਰੂਸ ਵਿਚ ਹੀ ਛੱਪੀ ਸੀ ਅਤੇ ਪੰਜਾਬੀ ਅਨੁਵਾਦ ਗੁਰਬਖਸ਼ ਨੇ ਕੀਤਾ ਹੈ। —ਸੰਪਾਦਕ

ਮੈਨੂੰ ਯਾਦ ਹੈ ਜਦੋਂ ਮੈਂ ਓਸੇ ਨਾਟ-ਮੰਡਲੀ ਨਾਲ ਪਹਿਲੀ ਵਾਰੀ ਪ੍ਰਸਿੱਧ ਪਿੰਡ ਗੁਨੀਬ ਪੁੱਜਾ, ਜਿਹੜਾ ਪਹਾੜਾਂ ਵਿਚ ਕਾਫੀ ਉਚਾਈ ਉੱਤੇ ਹੈ। ਇਹ ਤਾਂ ਸਾਰੇ ਜਾਣਦੇ ਹਨ ਕਿ ਸਾਰੇ ਕਵੀ ਇਕੋ ਭਾਈਚਾਰੇ ਨਾਲ ਸੰਬੰਧ ਰਖਦੇ ਹਨ... ਮੈਂ ਸੁਣਿਆ ਹੋਇਆ ਸੀ ਕਿ ਗੁਨੀਬ ਵਿਚ ਕੋਈ ਕਵੀ ਰਹਿੰਦਾ ਹੈ, ਪਰ ਉਸ ਨੂੰ ਮਿਲਣ ਦਾ ਮੌਕਾ ਨਹੀਂ ਸੀ ਕਦੀ ਮਿਲਿਆ। ਮੈਂ ਉਸ ਨੂੰ ਮਿਲਣ ਗਿਆ ਤੇ ਉਸਨੇ ਸਾਡੇ ਦੌਰੇ ਦੇ ਸਮੇਂ ਲਈ ਮੈਨੂੰ ਆਪਣੇ ਘਰ ਠਹਿਰਾ ਲਿਆ।

ਮੇਰੇ ਚੰਗੇ ਮੇਜ਼ਬਾਨਾਂ ਨੇ ਮੇਰਾ ਏਨਾ ਚੰਗਾ ਸਵਾਗਤ ਕੀਤਾ ਕਿ ਮੈਂ ਉਹਨਾਂ ਨੂੰ ਏਨੀ ਤਕਲੀਫ ਦੇਣ ਕਰਕੇ ਆਪ ਉਲਝਣ ਵਿਚ ਫਸ ਗਿਆ, ਤੇ ਮੈਨੂੰ ਪਤਾ ਨਾ ਲੱਗੇ ਆਪਣੇ ਨਾਲ ਕੀ ਕਰਾਂ। ਕਵੀ ਦੀ ਮਾਂ ਵਲੋਂ ਦਿਖਾਈ ਗਈ ਮਿਹਰਬਾਨੀ ਖਾਸ ਕਰਕੇ ਮੇਰੀਆਂ ਨਿੱਘੀਆਂ ਯਾਦਾਂ ਵਿਚ ਹੈ।

ਉਥੋਂ ਤੁਰਨ ਲਗਿਆਂ ਮੈਂ ਸ਼ੁਕਰਾਨੇ ਦੇ ਢੁਕਵੇਂ ਲਫ਼ਜ਼ ਲੱਭਣ ਦੀ ਕੋਸ਼ਿਸ਼ ਕੀਤੀ। ਹੋਇਆ ਇਹ ਕਿ ਜਦੋਂ ਮੈਂ ਮਾਂ ਨੂੰ ਅਲਵਿਦਾ ਕਹਿ ਰਿਹਾ ਸਾਂ ਤਾਂ ਕਮਰੇ ਵਿਚ ਹੋਰ ਕੋਈ ਨਹੀਂ ਸੀ। ਮੈਨੂੰ ਪਤਾ ਸੀ ਕਿ ਮਾਂ ਲਈ ਇਸ ਨਾਲੋਂ ਜ਼ਿਆਦਾ ਖੁਸ਼ੀ ਦੇਣ ਵਾਲੀ ਕੋਈ ਗੱਲ ਨਹੀਂ ਹੋ ਸਕਦੀ ਕਿ ਉਸਨੂੰ ਉਸ ਦੇ ਬੇਟੇ ਬਾਰੇ ਕੁਝ ਚੰਗੇ ਲਫ਼ਜ਼ ਕਹੇ ਜਾਣ। ਤੇ ਭਾਵੇਂ ਗੰਭੀਰ ਮੁਲੰਕਣ ਕੀਤਿਆਂ ਮੈਂ ਉਸਦੀਆਂ ਯੋਗਤਾਵਾਂ ਨੂੰ ਬਿਲਕੁਲ ਸਾਧਾਰਣ ਜਿਹੀਆਂ ਸਮਝਦਾ ਸਾਂ, ਤਾਂ ਵੀ ਮੈਂ ਉਸਦੀ ਤਾਰੀਫ਼ ਕਰਨੀ ਸ਼ੁਰੂ ਕਰ ਦਿਤੀ। ਮੈਂ ਮਾਂ ਨੂੰ ਇਹ ਦੱਸਣਾ ਸ਼ੁਰੂ ਕੀਤਾ ਕਿ ਉਸਦਾ ਬੇਟਾ ਬੜਾ ਅਗਾਂਹ ਵਧੂ ਕਵੀ ਹੈ ਜਿਹੜਾ ਹਮੇਸ਼ਾ ਭਖਦੇ ਮਸਲਿਆਂ ਬਾਰੇ ਲਿਖਦਾ ਹੈ।

"ਹੋ ਸਕਦੈ ਉਹ ਅਗਾਂਹ ਵਧੂ ਕਵੀ ਹੋਵੇ", ਮਾਂ ਨੇ ਅਫ਼ਸੋਸੀ ਜਿਹੀ ਆਵਾਜ਼ ਵਿਚ ਮੈਨੂੰ ਟੋਕਿਆ, "ਪਰ ਉਸ ਵਿਚ ਕਲਾ ਕੌਸ਼ਲਤਾ ਕੋਈ ਨਹੀਂ। ਹੋ ਸਕਦੈ ਕਿ ਉਸਦੀਆਂ ਕਵਿਤਾਵਾਂ ਅੱਜ ਦੇ ਭਖਦੇ ਮਸਲਿਆਂ ਬਾਰੇ ਹੁੰਦੀਆਂ ਹੋਣ, ਪਰ ਜਦੋਂ ਮੈਂ ਉਹਨਾਂ ਨੂੰ ਪੜ੍ਹਨ ਲਗਦੀ ਹਾਂ ਤਾਂ ਮੈਨੂੰ ਨੀਂਦ ਆਉਣ ਲੱਗ ਪੈਂਦੀ ਹੈ। ਜ਼ਰਾ ਸੋਚ, ਰਸੂਲ ਜਦੋਂ ਮੇਰਾ ਬੇਟਾ ਪਹਿਲੇ ਲਫ਼ਜ਼ ਉਚਾਰਣਾ ਸਿਖ ਰਿਹਾ ਸੀ, ਜਿਨ੍ਹਾਂ ਨੂੰ ਹੋਰ ਕੋਈ ਨਹੀਂ ਸੀ ਸਮਝ ਸਕਦਾ, ਮੈਂ ਏਨੀ ਖੁਸ਼ ਹੁੰਦੀ ਸਾਂ ਕਿ ਦੱਸ ਨਹੀਂ ਸਕਦੀ। ਅੱਜ ਜਦੋਂ ਕਿ ਉਸਨੇ ਨਾ ਸਿਰਫ ਬੋਲਣਾ ਸਗੋਂ ਕਵਿਤਾ ਲਿਖਣਾ ਵੀ ਸਿਖ ਲਿਆ ਹੈ ਤਾਂ ਮੈਨੂੰ ਬਿਲਕੁਲ ਕੋਈ ਖੁਸ਼ੀ ਨਹੀਂ ਹੁੰਦੀ। ਕਹਿੰਦੇ ਨੇ ਕਿ ਔਰਤ ਦੀ ਅਕਲ ਉਹਦੇ ਘਗਰੇ ਦੀ ਝਾਲਰ ਨਾਲ ਲੱਗੀ ਹੁੰਦੀ ਹੈ। ਜਦੋਂ ਉਹ ਬੈਠੀ ਹੁੰਦੀ ਹੈ ਤਾਂ ਇਹ ਮਹਿਫੂਜ਼ ਹੁੰਦੀ ਹੈ, ਪਰ ਜਿਉਂ ਹੀ ਉਹ ਉਠਦੀ ਹੈ ਇਹ ਜ਼ਮੀਨ ਉਤੇ ਡਿੱਗ ਪੈਂਦੀ ਹੈ। ਮੇਰੇ ਪੁੱਤ ਨਾਲ ਵੀ ਇਸੇ ਤਰ੍ਹਾਂ ਹੈ—ਜਦੋਂ ਉਹ ਖਾਣੇ ਦੇ ਮੇਜ਼ ਉਤੇ ਬੈਠਾ ਖਾ ਰਿਹਾ ਹੁੰਦਾ ਹੈ ਤਾਂ ਉਹ ਬੰਦਿਆਂ ਵਾਂਗ ਗੱਲ ਕਰਦਾ ਹੈ; ਮੈਂ ਉਸ ਨੂੰ ਸੁਣਦਿਆਂ ਕਦੀ ਨਹੀਂ ਥੱਕਦੀ, ਪਰ ਜਿਉਂ ਹੀ ਉਹ ਖਾਣੇ ਦੇ ਮੇਜ਼ ਤੋਂ ਉੱਠ ਕੇ ਲਿਖਣ ਵਾਲੇ ਮੇਜ਼ ਕੋਲ ਜਾਂਦਾ ਹੈ, ਉਹ ਆਪਣੀ ਸਾਰੀ ਸਾਦੀ ਤੇ ਚੰਗੀ ਬੋਲੀ ਭੁੱਲ ਜਾਂਦਾ ਹੈ ਤੇ ਸਿਰਫ ਸਖਤ ਜਿਹੀ, ਧੁੰਦਲੀ ਤੇ ਅਕਾਵੀਂ ਬੋਲੀ



Sri Satguru Jagjit Singh Ji Elibrary NamdhariElibrary@gmail.com

ਰਹਿ ਜਾਂਦੀ ਹੈ।

ਜਦੋਂ ਮੈਨੂੰ ਇਹ ਘਟਨਾ ਯਾਦ ਆਉਂਦੀ ਹੈ ਤਾਂ ਮੈਂ ਦੁਆ ਕਰਦਾ ਹਾਂ ਕਿ ਅੱਲਾ ਕਦੀ ਮੈਨੂੰ ਮੇਰੀ ਜ਼ਬਾਨ ਤੋਂ ਵਾਂਝਿਆਂ ਨਾ ਕਰੇ। ਮੈਂ ਇਸ ਤਰ੍ਹਾਂ ਨਾਲ ਲਿਖਣਾ ਚਾਹੁੰਦਾ ਹਾਂ ਕਿ ਮੇਰੀ ਸਾਰੀ ਕਵਿਤਾ, ਤੇ ਜੋ ਕੁਝ ਵੀ ਮੈਂ ਲਿਖਾਂ, ਮੇਰੀ ਮਾਂ ਨੂੰ ਤੇ ਮੇਰੀ ਭੈਣ ਨੂੰ, ਪਹਾੜਾਂ ਵਿਚਲੇ ਹਰ ਬੰਦੇ ਨੂੰ ਤੇ ਉਸਦੇ ਪੜ੍ਹਣ ਵਾਲੇ ਹਰ ਬੰਦੇ ਨੂੰ ਸਮਝ ਆਵੇ ਤੇ ਪਿਆਰਾ ਲੱਗੇ। ਮੈਂ ਅਕਾਵੇਂਪਣ ਨੂੰ ਨਹੀਂ ਜਨਮ ਦੇਣਾ ਚਾਹੁੰਦਾ। ਮੈਂ ਖੁਸ਼ੀ ਦੇਣਾ ਚਾਹੁੰਦਾ ਹਾਂ। ਜੇ ਮੇਰੀ ਜ਼ਬਾਨ ਭੈੜੀ ਹੋ ਜਾਂਦੀ ਹੈ, ਤੇ ਠੰਡੀ ਪੈ ਜਾਂਦੀ ਹੈ, ਸਮਝ ਨਹੀਂ ਆਉਂਦੀ ਤੇ ਅਕਾਵੀਂ ਹੋ ਜਾਂਦੀ ਹੈ—ਮਤਲਬ ਕੀ ਕਿ ਜੇ ਮੈਂ ਆਪਣੀ ਜ਼ਬਾਨ ਖਰਾਬ ਕਰ ਲੈਂਦਾ ਹਾਂ ਤਾਂ ਇਹ ਮੇਰੀ ਜ਼ਿੰਦਗੀ ਵਿਚ ਵਾਪਰਣ ਵਾਲੀ ਸਭ ਤੋਂ ਵਧ ਭਿਆਨਕ ਚੀਜ਼ ਹੋਵੇਗੀ।

ਜਦੋਂ ਮੈਂ ਛੋਟਾ ਹੁੰਦਾ ਸਾਂ ਤਾਂ ਜਦੋਂ ਸਾਡੀ ਆਊਲ ਦੇ ਬੰਦੇ ਮਸੀਤ ਦੇ ਨੇੜੇ ਭਾਈਚਾਰਕ ਮਸਲਿਆਂ ਨੂੰ ਵਿਚਾਰਨ ਲਈ ਜੁੜਿਆ ਕਰਦੇ ਸਨ, ਤਾਂ ਮੈਂ ਉਹਨਾਂ ਨੂੰ ਆਪਣੇ ਪਿਤਾ ਦੀਆਂ ਕਵਿਤਾਵਾਂ ਪੜ੍ਹ ਕੇ ਸੁਣਾਉਂਦਾ ਹੁੰਦਾ ਸਾਂ। ਮੈਂ ਬੱਚਾ ਜਿਹਾ ਹੀ ਸਾਂ, ਨਿੱਕਾ ਜਿਹਾ, ਪਰ ਮੈਂ ਵਧ ਤੋਂ ਵਧ, ਸਗੋਂ ਲੋੜ ਤੋਂ ਵੀ ਵੱਧ, ਜ਼ੋਰ ਲਾ ਕੇ, ਉੱਚੀ ਸਾਰੀ ਆਵਾਜ਼ ਵਿਚ ਉਹਨਾਂ ਲਫ਼ਜ਼ਾਂ ਤੇ ਆਵਾਜ਼ਾਂ ਉਪਰ ਖਾਸ ਜ਼ੋਰ ਦੇ ਕੇ ਪੜ੍ਹਦਾ ਹੁੰਦਾ ਸਾਂ, ਜਿਹੜੇ ਮੈਨੂੰ ਖੁਸ਼ੀ ਦੇਂਦੇ ਸਨ। ਮਿਸਾਲ ਵਜੋਂ ਜਦੋਂ ਮੈਂ ਪਿਤਾ ਜੀ ਦੀ ਨਵੀਂ ਕਵਿਤਾ "ਤਸਾਦਾ ਵਿਚ ਭੇੜੀਏ ਦਾ ਸ਼ਿਕਾਰ" ਪੜ੍ਹੀ ਤਾਂ ਮੈਂ 'ਤੱਸ' ਆਵਾਜ਼ ਵਾਲੇ ਸਾਰੇ ਲਫ਼ਜ਼ਾਂ ਨੂੰ ਇਸ ਤਰ੍ਹਾਂ ਦੰਦਾਂ ਵਿਚ ਪੀਹ ਕੇ ਕਢਦਾ ਸਾਂ ਕਿ ਉਹ ਥਰਕਣ ਪੈਦਾ ਕਰਕੇ ਝਨਕਾਰ ਦੇਕੇ ਤੇ ਕੰਨਾਂ ਨੂੰ ਆ ਕੇ ਵਜਦੇ ਸਨ। ਮੈਨੂੰ ਲਗਦਾ ਸੀ ਕਿ ਇਸ ਤਰ੍ਹਾਂ ਮੂੰਹ ਵੱਟ ਕੇ ਤੇ ਜ਼ੋਰ ਦੇ ਕੇ ਲਫ਼ਜ਼ ਕੱਢਣਾ ਮੇਰੇ ਉਚਾਰਣ ਦੇ ਪ੍ਰਭਾਵਸ਼ਾਲੀ ਹੋਣ ਵਿਚ ਵਾਧਾ ਕਰਦਾ ਸੀ।

ਪਿਤਾ ਜੀ ਮੈਨੂੰ ਹਰ ਵਾਰੀ ਇਹ ਕਹਿ ਕੇ ਠੀਕ ਕਰਦੇ, "ਕੀ ਲਫ਼ਜ਼ ਕੋਈ ਅਖਰੋਟ ਹੈ ਕਿ ਉਸਨੂੰ ਦੰਦਾਂ ਹੇਠ ਤੋੜਣਾ ਤੇ ਪੀਹਣਾ ਜ਼ਰੂਰੀ ਹੋਵੇ? ਕੀ ਇਹ ਕੋਈ ਲਸਣ ਹੈ ਕਿ ਇਸਨੂੰ ਕੂੰਡੀ ਡੰਡੇ ਵਿਚ ਪੀਸਿਆ ਜਾਏ? ਕੀ ਇਹ ਕੋਈ ਖੁਸ਼ਕ ਪਥਰੀਲੀ ਜ਼ਮੀਨ ਹੈ ਕਿ ਇਸਨੂੰ ਭਾਰੀ ਹਲ ਨਾਲ ਤੇ ਬਹੁਤ ਸਾਰਾ ਜ਼ੋਰ ਲਾ ਕੇ ਵਾਹਿਆ ਜਾਏ? ਤੈਨੂੰ ਆਪਣੇ ਸ਼ਬਦ ਫਰਨ-ਫਰਨ ਬੋਲਣੇ ਚਾਹੀਦੇ ਨੇ, ਆਰਾਮ ਨਾਲ, ਬਿਨਾਂ ਕਿਲ੍ਹਿਆਂ, ਤਾਂ ਕਿ ਦੰਦ ਨਾ ਵੱਜਣ।"

ਮੈਂ ਮੁੜ ਕੇ ਸ਼ੁਰੂ ਕਰਦਾ, ਪਰ ਕੋਈ ਖਾਸ ਬਿਹਤਰੀ ਨਾ ਆਉਂਦੀ। ਮੇਰੀ ਮਾਂ ਉਸ ਵੇਲੇ ਛੱਤ ਤੇ ਖੜੀ ਸੀ। "ਸ਼ਾਇਦ ਤੂਹੀਉਂ ਇਹਨੂੰ ਕੁਝ ਸਿਖਾ ਸਕੇਂ", ਪਿਤਾ ਜੀ ਨੇ ਮਾਂ ਨੂੰ ਚੀਖ ਕੇ ਕਿਹਾ।

ਮੈਨੂੰ ਮੁਸ਼ਕਲ ਲਗਦੇ ਲਫ਼ਜ਼ ਮਾਂ ਨੇ ਇਸ ਤਰ੍ਹਾਂ ਉਚਾਰੇ ਜਿਸ ਤਰ੍ਹਾਂ ਪਿਤਾ ਜੀ ਚਾਹੁੰਦੇ ਸਨ।

"ਸੁਣਦੈਂ? ਚੱਲ ਹੁਣ ਤੂੰ।"

ਫਿਰ ਵੀ ਮੇਰੇ ਕੋਈ ਫਰਕ ਨਾ ਪਿਆ।

"ਹੱਤ ਤੇਰੀ! ਪਿਤਾ ਜੀ ਗੁੱਸੇ ਵਿਚ ਬੋਲੇ।" ਜਦੋਂ ਜਲਾਤੂਰਾ ਦਾ ਇਕ ਬੰਦਾ ਤੇਰੇ ਵਾਂਗ ਲਫ਼ਜ਼ ਵਿਗਾੜ ਕੇ ਬੋਲ ਰਿਹਾ ਸੀ ਤਾਂ ਮੈਂ ਉਸ ਨੂੰ ਝਾੜੂ ਨਾਲ ਕੁੱਟਿਆ ਸੀ। ਪਰ ਮੈਂ ਆਪਣੇ ਮੁੰਡੇ ਦਾ ਕੀ ਕਰਾਂ?

ਗੁੱਸੇ ਵਿਚ ਪਿਤਾ ਜੀ ਬਾਹਰ ਨਿਕਲ ਗਏ।

## ਪਿਤਾ ਜੀ ਨੇ ਜਲਾਤੂਰਾ ਦੇ ਬੰਦੇ ਨੂੰ ਕਿਵੇਂ ਕੁਟਾਪਾ ਫੇਰਿਆ।

ਇਹ ਬਹਾਰ ਦੇ ਇਕ ਦਿਨ ਦੀ ਗੱਲ ਹੈ। ਜਿਵੇਂ ਕਿ ਸਾਰੇ ਜਾਣਦੇ ਨੇ, ਬਸੰਤ ਵਿਚ ਪਿਛਲੀ ਫਸਲ ਦੇ ਸਾਰੇ ਭੰਡਾਰ ਖ਼ਤਮ ਹੋ ਚੁੱਕੇ ਹੁੰਦੇ ਹਨ, ਪਰ ਨਵੀਂ ਫਸਲ ਅਜੇ ਆਈ ਨਹੀਂ ਹੁੰਦੀ। ਬਸੰਤ ਵਿਚ ਮੰਡੀ ਦੀਆਂ ਕੀਮਤਾਂ ਪਤਝੱੜ ਨਾਲੋਂ ਜ਼ਿਆਦਾ ਹੁੰਦੀਆਂ ਹਨ। ਮਿੱਟੀ ਦੇ ਭਾਂਡੇ ਵੀ ਮਹਿੰਗੇ ਹੋ ਜਾਂਦੇ ਹਨ, ਹਾਲਾਂ ਕਿ ਇਹ ਖੇਤਾਂ ਵਿਚ ਨਹੀਂ ਉੱਗਦੇ।

ਪਿਤਾ ਜੀ ਉਦੋਂ ਨੌਜਵਾਨ ਸਨ। ਉਹਨਾਂ ਬਾਜ਼ਾਰ ਜਾਣ ਦਾ ਫੈਸਲਾ ਕੀਤਾ। ਗੁਆਂਢੀ ਨੇ ਉਹਨਾਂ ਨੂੰ ਕਿਹਾ ਕਿ ਮੇਰੇ ਲਈ ਝਾੜੂ ਖਰੀਦ ਲਿਆਈਂ, ਤੇ ਇਸ ਵਾਸਤੇ ਉਹਨਾਂ ਨੂੰ ਵੀਹ ਕੋਪੇਕ ਦੇ ਦਿਤੇ।

"ਜੇ ਸਸਤਾ ਮਿਲ ਗਿਆ ਤਾਂ ਬਾਕੀ ਪੈਸੇ ਆਪ ਹੀ ਰੱਖ ਲਈਂ", ਉਸਨੇ ਨੌਜਵਾਨ ਹਮਜ਼ਾਤ ਨੂੰ ਤੁਰਦੇ ਨੂੰ ਕਿਹਾ।

ਜਲਦੀ ਹੀ ਇਕ ਝਾੜੂ ਵੇਚਣ ਵਾਲਾ ਮਿਲ ਗਿਆ, ਤੇ ਸੌਦਾ ਸ਼ੁਰੂ ਹੋਇਆ। ਸਾਰੇ ਲੋਕ ਜਾਣਦੇ ਨੇ ਕਿ ਪੂਰਬੀ ਬਾਜ਼ਾਰ ਵਿਚ ਦੱਸੀ ਗਈ ਪਹਿਲੀ ਕੀਮਤ ਦੀ ਕੋਈ ਮਹੱਤਤਾ ਨਹੀਂ ਹੁੰਦੀ। ਪੰਜ ਕੋਪੇਕ ਦੀ ਚੀਜ਼ ਲਈ ਤੁਹਾਥੋਂ ਸੌ ਰੂਬਲ ਵੀ ਮੰਗਿਆ ਜਾ ਸਕਦਾ ਹੈ।

ਪਿਤਾ ਜੀ ਨੇ ਚੰਗਾ ਮੋਟਾ ਝਾੜੂ ਚੁਣ ਲਿਆ ਤੇ ਪੁੱਛਣ



Sri Satguru Jagjit Singh Ji Elibrary NamdhariElibrary@gmail.com

ਲੱਗੇ ਵੇਚਣਾ ਈਂ ?

"ਮੈਂ ਖੜਾ ਏਥੇ ਕਾਹਦੇ ਲਈ ਹਾਂ ?"

"ਕਿੰਨੇ ਪੈਸੇ ?"

"ਚਾਲੀ ਕੋਪੇਕ।"

"ਝਾੜੂ ਵੀ ਕੋਈ ਘੋੜਾ ਹੁੰਦੈ ਕਿ ਏਨੀ ਜ਼ਿਆਦਾ ਕੀਮਤ ਤੇ ਸੌਦਾ ਕਰਨਾ ਸ਼ੁਰੂ ਕੀਤਾ ਜਾਏ ? ਠੀਕ ਠੀਕ ਕੀਮਤ ਦੱਸ ਤੇ ਗੱਲ ਖਤਮ ਕਰ।"

"ਚਾਲੀ ਕੋਪੇਕ।"

"ਮਜ਼ਾਕ ਛੱਡ"

"ਚਾਲੀ ਕੋਪੇਕ"

"ਮੈਂ ਵੀਹ ਕੋਪੇਕ ਦਿਆਂਗਾ"

"ਚਾਲੀ ਕੋਪੇਕ"

"ਮੇਰੇ ਕੋਲ ਸੱਚ ਇਸ ਨਾਲੋਂ ਜ਼ਿਅਦਾ ਪੈਸੇ ਨਹੀਂ।"

"ਜਦੋਂ ਹੋਏ ਆ ਜਾਈਂ।"

ਇਹ ਦੇਖਦਿਆਂ ਕਿ ਝਾੜੂ ਤਾਂ ਖਰੀਦਿਆ ਨਹੀਂ ਜਾਣਾ, ਪਿਤਾ ਜੀ ਨੇ ਬਾਜ਼ਾਰ ਦਾ ਚੱਕਰ ਲਾਉਣਾ ਸ਼ੁਰੂ ਕਰ ਦਿਤਾ, ਤੇ ਜਲਦੀ ਹੀ ਉਹਨਾਂ ਦੀ ਨਜ਼ਰ ਭੀੜ ਉੱਤੇ ਪਈ ਜਿਹੜੀ ਦੁਕਾਨਾਂ ਦੀ ਕਤਾਰ ਦੇ ਨੇੜੇ ਜ਼ਰਾ ਕੁ ਉੱਚੀ ਥਾਂ ਉੱਤੇ ਜਮਾ ਹੋਈ ਹੋਈ ਸੀ। ਉਹ ਉਥੇ ਪੁੱਜੇ ਤੇ ਮੋਢੇ-ਮਾਢੇ ਮਾਰ ਕੇ ਅੱਗੇ ਜਾ ਪਹੁੰਚੇ। ਉਹਨਾਂ ਦੇਖਿਆ ਕਿ ਲੋਕ ਮਹਿਮੂਦ ਭੱਟ ਨੂੰ ਸੁਣ ਰਹੇ ਹਨ।

ਮਹਿਮੂਦ ਪਾਂਡਰੂ ਹੱਥ ਵਿਚ ਫੜੀ ਭੀੜ ਦੇ ਵਿਚਕਾਰ ਬੈਠਾ ਸੀ। ਕਦੀ ਉਹ ਤਾਰਾਂ ਨੂੰ ਟੁਣਕਾਉਣ ਲੱਗ ਜਾਂਦਾ, ਕਦੀ ਆਪਣਾ ਹੱਥ ਤਾਰਾਂ ਉੱਤੇ ਰੱਖ ਲੈਂਦਾ ਤੇ ਗਾਉਣਾ ਸ਼ੁਰੂ ਕਰ ਦੇਂਦਾ। ਸਾਰੇ ਸਾਹ ਰੋਕੀ ਉਸ ਨੂੰ ਸੁਣ ਰਹੇ ਸਨ, ਇਥੋਂ ਤੱਕ ਕਿ ਆਪਣੇ ਮੱਖੀਆਂ ਵਾਲੇ ਕੰਮ ਲਈ ਆਈ ਮੰਡੀ ਵਿਚ ਉਡਦੀ ਫਿਰਦੀ ਮੱਖੀ ਦੀ ਆਵਾਜ਼ ਵੀ ਸੁਣੀ ਜਾ ਸਕਦੀ ਸੀ। ਇਕ ਨੌਜਵਾਨ ਨੂੰ ਗਾਣੇ ਦੇ ਦੌਰਾਨ ਖੰਘ ਆ ਗਈ, ਤਾਂ ਇਕ ਬਜ਼ੁਰਗ ਪਹਾੜੀਏ ਨੇ ਜਿਹੜਾ ਖੰਘਣ ਵਾਲੇ ਦਾ ਪਿਓ ਲਗਦਾ ਸੀ, ਉਸਨੂੰ ਉਸੇ ਵੇਲੇ ਬਾਹਰ ਭੇਜ ਦਿਤਾ।

ਇਹੋ ਜਿਹੀ ਚੁੱਪ ਵਿਚ, ਜਦੋਂ ਮਹਿਮੂਦ ਦੇ ਗਾਣੇ ਤੋਂ ਸਿਵਾ ਇਕ ਆਵਾਜ਼ ਵੀ ਨਹੀਂ ਸੀ ਸੁਣਾਈ ਦੇਂਦੀ, ਜਲਾਤੂਰੀ ਦੇ ਇਕ ਬੰਦੇ ਨੇ ਆਪਣੇ ਨਾਲ ਦੇ ਨਾਲ ਗੱਲ ਕਰਨੀ ਸ਼ੁਰੂ ਕਰ ਦਿਤੀ। ਆਮ ਕਰਕੇ ਉਸ ਦੀ ਮਨਸ਼ਾ ਬੜੀ ਚੰਗੀ ਸੀ : ਨਾਲ ਦੇ ਬੰਦੇ ਨੂੰ ਆਵਾਰ ਬੋਲੀ ਦਾ ਇਕ ਲਫਜ਼ ਨਹੀਂ ਸੀ ਸਮਝ ਆਉਂਦਾ, ਇਸ ਲਈ ਜਲਾਤੂਰੀ ਦਾ ਬੰਦਾ ਉਸ ਨੂੰ ਲਫ਼ਜ਼ਾਂ ਦੇ ਅਰਥ ਕਰ ਕਰ ਕੇ ਦੱਸ ਰਿਹਾ ਸੀ। ਮੁਸੀਬਤ ਇਹ ਸੀ ਕਿ ਉਸਦੇ ਬੁਲ੍ਹਾਂ ਵਿਚੋਂ ਨਿਕਲੀ ਲਫ਼ਜ਼ਾਂ ਦੀ ਨਿਰੰਤਰ ਲੜੀ ਸੁਣਨ ਵਾਲਿਆਂ ਦਾ ਧਿਆਨ ਉਚਾਟ ਕਰਦੀ ਸੀ ਤੇ ਉਹਨਾਂ ਦੀ ਖੁਸ਼ੀ ਭੰਗ ਕਰਦੀ ਸੀ।

ਨੌਜਵਾਨ ਹਮਜ਼ਾਤ (ਮੇਰੇ ਭਵਿਖ ਵਿਚ ਬਨਣ ਵਾਲੇ ਪਿਤਾ) ਨੂੰ ਜਲਾਤੂਰਾ ਦੇ ਬੰਦੇ ਦੇ ਵਿਹਾਰ ਉਤੇ ਗੁੱਸਾ ਆ ਗਿਆ। ਉਸਨੇ ਉਸਦੀ ਬਾਂਹ ਖਿੱਚੀ ਪਰ ਕੋਈ ਫਾਇਦਾ ਨਾ ਹੋਇਆ। ਫਿਰ ਉਸਨੇ ਉਸਨੂੰ ਕੰਨ ਵਿਚ ਕਿਹਾ ਕਿ ਚੁੱਪ ਕਰ ਜਾ, ਪਰ ਉਸ ਨੇ ਕੋਈ ਧਿਆਨ ਨਾ ਦਿਤਾ। ਪ੍ਰੇਸ਼ਾਨੀ ਵਿਚ ਹਮਜ਼ਾਤ ਨੇ ਚਾਰ ਚੌਫੇਰੇ ਨਜ਼ਰ ਮਾਰੀ ਤੇ ਦੇਖਿਆ ਕਿ ਝਾੜੂ ਵੇਚਣ ਵਾਲਾ ਵੀ ਗਾਣਾ ਸੁਨਣ ਲਈ ਕੋਲ ਆ ਗਿਆ ਹੈ। ਪਿਤਾ ਜੀ ਨੱਠਦੇ ਹੋਏ ਉਸ ਕੋਲ ਗਏ, ਉਸ ਕੋਲੋਂ ਸਭ ਤੋਂ ਵੱਡਾ ਝਾੜੂ ਫੜ ਲਿਆ ਤੇ ਉਸ ਨਾਲ ਜਲਾਤੂਰਾ ਦੇ ਅਸਹਿ ਬੰਦੇ ਨੂੰ ਕੁਟਣਾ ਸ਼ੁਰੂ ਕਰ ਦਿਤਾ।

ਜਲਾਤੂਰਾ ਵਾਲਾ ਪਿੱਛੇ ਹਟਦਾ ਹੋਇਆ ਹਮਜ਼ਾਤ ਨੂੰ ਧਮਕੀਆਂ ਦੇਂਦਾ ਰਿਹਾ ਪਰ ਮੇਰੇ ਪਿਤਾ ਨੂੰ ਏਨਾ ਗੁੱਸਾ ਚੜ੍ਹਿਆ ਹੋਇਆ ਸੀ ਕਿ ਉਹਨਾਂ ਨੇ ਉਸਦੀਆਂ ਧਮਕੀਆਂ ਨੂੰ ਸੁਣਿਆ ਤੱਕ ਨਾ ਤੇ ਆਖਰ ਗੀਤ ਸੁਣਨ ਵਿਚ ਵਿਘਨ ਪਾਉਣ ਵਾਲੇ ਨੂੰ ਉਥੋਂ ਨੱਠਾ ਦਿਤਾ। ਫਿਰ ਪਿਤਾ ਜੀ ਝਾੜੂਆਂ ਵਾਲੇ ਨੂੰ ਝਾੜੂ ਵਾਪਸ ਕਰਨ ਗਏ।

"ਰੱਖ ਲੈ ਹੁਣ ਇਹ ਤੂੰਹੀਓਂ।"

"ਪਰ ਮੇਰੇ ਕੋਲ ਸਿਰਫ ਵੀਹ ਕੋਪੇਕ ਨੇ, ਤੇ ਤੂੰ ਚਾਲੀ ਮੰਗਦੈਂ।"

"ਜਾ ਐਵੇਂ ਲੈ ਜਾ। ਤੂੰ ਜੋ ਕੀਤੈ ਉਹ ਮੇਰੀਆਂ ਸਾਰੀਆਂ ਚੀਜ਼ਾਂ ਨਾਲੋਂ ਮਹਿੰਗੈ।"

ਅੱਜ ਦੁਨੀਆ ਵਿਚ ਬੜੇ ਨੇ, ਜਿਹੜੇ ਜਲਾਤੂਰਾ ਦੇ ਬੰਦੇ ਵਾਂਗ ਲੋਕਾਂ ਦੇ ਗੀਤ ਮਾਨਣ ਵਿਚ ਵਿਘਨ ਪਾਉਂਦੇ ਨੇ। ਉਹਨਾਂ ਦੀ ਗਿਣਤੀ ਵਧ ਗਈ ਹੈ ਪਰ ਅਫਸੋਸ ਦੀ ਗੱਲ ਹੈ ਕਿ ਨਾ ਹੀ ਉਹਨਾਂ ਨੂੰ ਕੁਟਾਪਾ ਚਾੜ੍ਹਣ ਲਈ ਕੋਈ ਝਾੜੂ ਹੈ, ਤੇ ਨਾ ਹੀ ਉਸ ਝਾੜੂ ਨੂੰ ਵਰਤਣ ਵਾਲਾ ਕੋਈ ਬੰਦਾ ਹੈ।...



Sri Satguru Jagjit Singh Ji Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOUR**
**WOODEN & STEEL FURNITURE**
**& PADESTALFAN ETC.**

Phones : Office : 2584
„ : 2503
Resi. : 2130

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji Elibrary NamdhariElibrary@gmail.com

ਵਿਅਕਤੀ-ਚਿੱਤਰ

# ਝਰਦਾ ਘੜਾ

—ਗੁਰਮੇਲ ਮਡਾਹੜ—



(ਪੰਜਾਬੀ ਸਾਹਿਤ-ਟਰੱਸਟ, ਢੁਡੀਕੇ ਵਲੋਂ ੧੯੯੩ ਵਰ੍ਹੇ ਦਾ ਬਲਰਾਜ ਸਾਹਨੀ ਸਨਮਾਨ ਪੰਜਾਬੀ ਕਹਾਣੀਕਾਰ ਸ੍ਰੀ ਰਾਮ ਸਰੂਪ ਅਣਖੀ ਨੂੰ ਦਿਤਾ ਜਾ ਰਿਹਾ ਹੈ।)

"ਅਣਖੀ ਦੀ ਕਿਤਾਬ ਗੁਰੂ ਨਾਨਕ ਦੇਵ ਯੂਨੀ-ਵਰਸਿਟੀ ਦੀ ਐਮ. ਏ. ਦੇ ਕੋਰਸ ਵਿਚ ਲਗ ਗਈ ਐ" ਇਕ ਦਿਨ ਅਚਾਨਕ ਪ੍ਰੋ: ਤੇਜਵੰਤ ਮਾਨ ਨੇ ਮੈਨੂੰ ਇਹ ਖਬਰ ਸੁਣਾਈ।

"ਕਿਹੜੀ ?" ਮੇਰੇ ਮੂੰਹੋਂ ਝਟ ਸਵਾਲ ਨਿਕਲਿਆ।

"ਆਪਣੇ ਘੜੇ ਦਾ ਪਾਣੀ" ਮਾਨ ਨੇ ਦਸਿਆ। ਸੁਣ ਕੇ ਮਨ ਨੂੰ ਬਹੁਤ ਖੁਸ਼ੀ ਹੋਈ। ਅਣਖੀ ਦਾ ਸੰਘਰਸ਼ ਮਈ ਜੀਵਨ ਤੇ ਸੁਭਾਅ ਝਟ ਯਾਦਾਂ ਦੇ ਚਿਤਰ ਪੱਟ ਤੋਂ ਦੀ ਨਿਕਲ ਗਿਆ। ਮੇਰੇ ਮਨ ਵਿਚ ਇਕ ਖਿਆਲ ਆਇਆ ਕਿ ਅਣਖੀ ਨੂੰ ਆਪਣੀ ਕਿਤਾਬ ਦਾ ਨਾਮ 'ਆਪਣੇ ਘੜੇ' ਦਾ ਨਹੀਂ, ਸਗੋਂ 'ਝਰਦੇ ਘੜੇ ਦਾ ਪਾਣੀ' ਰਖਣਾ ਚਾਹੀਦਾ ਸੀ। ਰਾਮ ਸਰੂਪ ਦੀ ਜਦ ਤੋਂ ਸੁਰਤ ਸੰਭਲੀ ਹੈ,ਉਹ ਆਪਣੇ ਸਿਰ ਉਤੇ ਅਜਿਹਾ ਮੁਸੀਬਤਾਂ ਦਾ ਘੜਾ ਚੁਕੀ ਫਿਰਦਾ ਹੈ, ਜਿਸ ਦਾ ਹਰ ਮੁਸਾਮ ਕਤਰਾ-ਕਤਰਾ ਝਰਦਾ ਰਹਿੰਦਾ ਹੈ। ਜਿਸ ਕਰ ਕੇ ਉਹਦੀ ਰੂਹ ਸੰਗਲ ਮਾਰੀ ਕੰਧ ਵਾਂਗ ਖੁਰਦੀ ਰਹੀ ਹੈ। ਵਿਸਵੇਦਾਰ, ਮੁਕਦਮੇਬਾਜ਼, ਹੈਂਕੜ ਦਾ ਮਾਰਿਆ, ਫੱਕਰ ਤਬੀਅਤ ਤੇ ਸੱਤਰ ਘੁਮਾ ਜ਼ਮੀਨ ਦੇ ਮਾਲਕ ਪਿਓ ਨੇ ਕਦੇ ਉਹ ਦੇ ਵਲ ਆਪਣੀ ਰੁਚੀ ਨਹੀਂ ਸੀ ਦਿਖਾਈ, ਪਰ ਲਾਡਲੇ ਰਾਮ ਸਰੂਪ ਨੂੰ ਉਹਦੀ ਮਾਂ ਦਾ ਪਿਆਰ ਸਰਾਪ ਬਣ ਗਿਆ। ਬਾਰਾਂ ਭੈਣ ਭਾਈਆਂ ਵਿਚੋਂ ਉਹ ਸਿਰਫ ਤਿੰਨ ਹੀ ਬਚੇ ਸੀ। ਭੈਣ ਭਾਗਵੰਤੀ ਬਾਰਾਂ ਸਾਲ ਵਡੀ ਤੇ ਭਾਈ ਨਵਜੋਸ਼ ਬਾਰਾਂ ਸਾਲ ਛੋਟਾ। ਮਾਂ ਨੂੰ ਛੇਤੀ ਘਰ ਨੂੰਹ ਲਿਆਉਣ ਦਾ ਚਾਅ ਸੀ, ਸੋ ਉਹ ਨੇ ਦੂਜੀ ਵਿਚ ਪੜ੍ਹਦੇ ਰਾਮ ਸਰੂਪ ਨੂੰ ਸਾਕ ਲੈ ਲਿਆ। ਪੰਜਵੀਂ ਵਿਚ ਪੜ੍ਹਦੇ ਦਾ ਵਿਆਹ ਦਾ ਪ੍ਰੋਗਰਾਮ ਬਣ ਗਿਆ। ਪਰ ਦੋਹਾਂ ਧਿਰਾਂ ਵਿਚ ਗਲਤ ਫਹਿਮੀ ਪੈਦਾ ਹੋ ਜਾਣ ਕਰ ਕੇ ਸਾਕ ਟੁਟ ਗਿਆ। ਇਹ ਸੱਲ ਉਹਦੇ ਕਾਲਜੇ ਵਿਚ ਹੁਣ ਵੀ ਡੂੰਘੇ ਜ਼ਖਮ ਕਰੀ ਬੈਠਾ ਹੈ। ਉਹ ਸੋਚਦਾ ਹੈ ਕਿ ਉਹ ਜੇ ਉਥੇ ਵਿਆਹਿਆ ਗਿਆ ਹੁੰਦਾ ਤਾਂ ਸ਼ਾਇਦ ਜ਼ਿੰਦਗੀ ਕੁਝ ਹੋਰ ਹੁੰਦੀ। ਕੁੜੀ ਦੀ ਸਿਹਤ ਚੰਗੀ ਸੀ। ਮਾਂ ਨੇ ਫੇਰ ਫੁਰਤੀ ਦਿਖਾਈ, ਪੰਜਵੀਂ ਪੜ੍ਹਦੇ ਨੂੰ ਹੀ ਹੋਰ ਰਿਸ਼ਤਾ ਲੈ ਲਿਆ। ਉਸੇ ਸਾਲ ਵਿਆਹ ਵੀ। ਦਸਵੀਂ ਵਿਚ ਪੜ੍ਹਦੇ ਦਾ ਮੁਕਲਾਵਾ ਆ ਗਿਆ। ਨਾਲ ਪੜ੍ਹਦੇ ਮੁੰਡੇ ਰਾਮ ਸਰੂਪ ਨੂੰ 'ਕਬੀਲਦਾਰ' ਕਹਿ ਕੇ ਖਿਝਾਉਂਦੇ। ਦਸਵੀਂ ਪਾਸ ਕਰ ਕੇ ਜਦ ਮਹਿੰਦਰਾ ਕਾਲਜ ਪਟਿਆਲੇ ਦਾਖਲਾ ਲਿਆ ਤਾਂ ਉਥੋਂ ਦੀਆਂ ਤਿਤਲੀਆਂ ਵਰਗੀਆਂ ਕੁੜੀਆਂ ਦੇਖ ਕੇ ਰਾਮ ਸਰੂਪ ਜੀ ਚਕਰਾ ਗਏ। ਮਨ ਨੂੰ ਇਕ ਝੋਰਾ ਲਾ ਬੈਠਾ। ਦਿਲ ਅੰਦਰ ਹੀ ਇਕ ਹੀਣ ਭਾਵ ਜਾਗਣ ਲਗਿਆ ਕਿ ਉਹਦੇ ਜਿਹੇ ਇਕ ਪੜ੍ਹੇ-ਲਿਖੇ ਬੰਦੇ ਦੇ ਅਨਪੜ੍ਹ ਤੇ ਪੇਂਡੂ ਗੰਵਾਰ ਲੜਕੀ ਕਿਥੇ ਪੱਲੇ ਪੈ ਗਈ। ਅਣਖੀ ਦੇ ਹੇਰਵੇ ਵਿਚ ਉਹ ਵਿਚਾਰੀ ਰਿਝ-ਰਿਝ ਕੇ ਮਰ ਗਈ। ਡਾਕਟਰ ਲੋਕ ਭਾਵੇਂ ਉਸ ਨੂੰ ਟਾਈਫਾਈਡ ਦੀ ਮਰੀਜ਼ ਦਸਦੇ ਸੀ, ਪਰ ਰਾਮ ਸਰੂਪ ਹੀ ਜਾਣਦਾ ਸੀ ਜਾਂ ਉਹ ਕਿ ਉਹ ਤਾਂ ਉਹਦੇ ਉਦਰੇਵੇਂ ਨੇ ਹੀ ਲੈ ਲਈ। ਉਸ ਦੇ ਮਰਨ ਦਾ ਉਦੋਂ ਰਾਮ ਸਰੂਪ ਨੂੰ ਕੋਈ ਅਫਸੋਸ ਨਹੀਂ ਸੀ ਹੋਇਆ। ਇਥੋਂ ਤਕ ਮੁਕਾਣ ਆਈ ਉਹਦੀ ਨਾਨੀ-ਸੱਸ ਨੇ ਉਹਨੂੰ ਕਹਿ ਵੀ ਦਿਤਾ, "ਲੈ ਪੁਤ, ਹੁਣ ਤੂੰ ਵੀਹ ਜਮਾਤਾਂ ਪੜ੍ਹ ਲੈ ਚਾਹੇ...ਸਾਡੀ ਧੀ ਤਾਂ ਮੁਕਗੀ ਸਾਊ।"



Sri Satguru Jagjit Singh Ji Elibrary NamdhariElibrary@gmail.com

ਮਾਂ ਨੇ ਫੇਰ ਇਕ ਵੇਰ ਫੁਰਤੀ ਦਿਖਾਈ। ਹੋਰ ਰਿਸ਼ਤਾ ਲੈ ਲਿਆ। ਭਾਨੀਮਾਰਾਂ ਨੇ ਵੀ ਆਪਣੀ ਫੁਰਤੀ ਦਿਖਾ ਦਿਤੀ। ਰਿਸ਼ਤਾ ਟੁੱਟ ਗਿਆ। ਚੌਥੀ ਵਾਰ ਉਹ ਜੋਗੇ ਵਿਆਹਿਆ ਗਿਆ। ਬਰੇਨ ਟਿਊਮਰ ਦੀ ਮਰੀਜ਼ ਉਹ ਬਾਈ ਸਾਲ ਬੀਮਾਰੀ ਨਾਲ ਘੁਲਦੀ ਰਹੀ। ਅੰਤਲੇ ਦਿਨਾਂ ਵਿਚ ਅੰਨ੍ਹੀ ਰਹੀ। ਦੋ ਲੜਕੇ ਦੋ ਲੜਕੀਆਂ ਛੱਡ ਕੇ ਚੁਤਾਲੀ ਸਾਲ ਦੇ ਰਾਮ ਸਰੂਪ ਨੂੰ ਮੰਝਧਾਰ ਵਿਚ ਹੀ ਗੋਤਾ ਦੇ ਗਈ। ਉਤੋਂ ਵਡੀ ਕੁੜੀ ਦਾ ਦਿਮਾਗੀ ਤੌਰ ਤੇ ਅਪੰਗ ਹੋਣਾ। (ਹੁਣ ਇਹ ਕੁੜੀ ਵੀ ਅਗਸਤ ੮੩ ਵਿਚ ਮੁਕ ਗਈ ਹੈ) ਰਾਮ ਸਰੂਪ ਬਿਲਬਿਲਾ ਉਠਿਆ। ਇਕੱਲ ਉਸ ਨੂੰ ਵੱਢ-ਵੱਢ ਖਾਣ ਲਗ ਪਈ। ਕਿੱਕਰ ਦੇ ਮੁਚਰ ਜਿਹਾ ਸਰੀਰ ਪਤਨੀ ਦੇ ਵਿਜੋਗ ਵਿਚ ਸੁਕ ਕੇ ਤੀਲਾ ਹੋ ਗਿਆ। ਮਿੱਤਰਾਂ ਨੇ ਸੋਚਿਆ ਪੰਜਾਬੀ ਸਾਹਿਤ ਦਾ ਇਹ ਟਹਿਕਦਾ-ਮਹਿਕਦਾ ਕਾਲਾ ਗੁਲਾਬ ਮੁਰਝਾ ਹੀ ਨਾ ਜਾਵੇ। ਇਸ ਨੂੰ ਤਾਂ ਔਰਤ ਦੇ ਪਿਆਰ-ਪਾਣੀ ਨਾਲ ਰੌਣੀ ਕਰਨ ਦੀ ਸਖਤ ਜ਼ਰੂਰਤ ਹੈ। ਸੋ ਉਹਨਾਂ ਕੋਈ ਬੰਨ੍ਹ ਸੁਬ ਕਰਨ ਬਾਰੇ ਉਹਦੇ ਨਾਲ ਗੱਲ ਕੀਤੀ ਪਰ ਉਸ ਨੇ ਤਾਂ ਢੋਲ ਜਿਡਾ ਸਿਰ ਨਾਂਹ ਵਿਚ ਹਿਲਾ ਦਿਤਾ। ਉਹ ਤਾਂ ਕੁਝ ਹੋਰ ਹੀ ਸੋਚ ਰਿਹਾ ਸੀ। ਸੈਕਸ ਉਸ ਦੀ ਸਮਸਿਆ ਨਹੀਂ ਰਹੀ ਸੀ। ਉਸ ਨੂੰ ਤਾਂ ਰੰਡੇ ਆਦਮੀ ਦੀਆਂ ਮੁਸੀਬਤਾਂ ਘੇਰੀ ਬੈਠੀਆਂ ਸਨ। ਉਸ ਨੂੰ ਵਾਰ ਵਾਰ ਲੋਕਾਂ ਤੋਂ ਸੁਣੀਆਂ ਉਹ ਗੱਲਾਂ ਯਾਦ ਆਉਂਦੀਆਂ, ਜਿਨ੍ਹਾਂ ਨੂੰ ਉਸ ਨੇ ਪਹਿਲਾਂ ਕਦੇ ਗੌਲਿਆ ਨਹੀਂ ਸੀ।

ਉਸ ਨੂੰ ਲਗਦਾ ਕਿ ਮੈਂ ਛੇਤੀ ਹੀ ਸਮਾਜ ਨਾਲੋਂ ਟੁਟ ਕੇ ਰਹਿ ਜਾਵਾਂਗਾ। ਲੋਕ ਮੇਰਾ ਹੁਕਾ ਪਾਣੀ ਛੇਕ ਦੇਣਗੇ। ਏਸ ਡਰੋਂ ਉਹਨੇ ਕੇ. ਐਲ. ਗਰਗ ਵਰਗੇ ਸੁਹਿਰਦ ਮਿੱਤਰਾਂ ਨੂੰ ਕਹਿ ਦਿਤਾ, "ਚੰਗਾ, ਥੋਡੀ ਮਰਜ਼ੀ ਐ"। ਇਸ ਦੌਰਾਨ ਜਦ ਉਸ ਦੀ ਜੀਵਨ ਨੱਈਆ ਮੰਝਧਾਰ ਵਿਚ ਗੋਤੇ ਖਾ ਰਹੀ ਸੀ, ਭਟਕ ਰਹੀ ਸੀ ਤਾਂ ਉਸ ਦਾ ਹੱਥ ਅਜਮੇਰ (ਰਾਜਸਥਾਨ) ਰਹਿੰਦੀ ਹਿੰਦੀ ਵਿਚ ਉਹਦੀ ਇਕ ਪਾਠਕਾ ਸ਼ੋਭਾ ਨੇ ਫੜ ਲਿਆ।

ਏਸੇ ਸੰਦਰਭ ਵਿਚ ਉਸ ਨੂੰ ਇਕ ਝੋਰਾ ਹੋਰ ਇਸ ਗੱਲ ਦਾ ਹੈ ਕਿ ਜਦ ਉਹ ਬਰਨਾਲੇ ਪੜ੍ਹਦਾ ਸੀ ਤਾਂ ਰਿਸ਼ਤੇਦਾਰਾਂ ਦੇ ਘਰ ਇਕ ਕੁੜੀ ਆਉਂਦੀ ਹੁੰਦੀ। ਬਾਹਮਣਾਂ ਦੀ ਹੀ, ਜੋ ਦਸਵੀਂ ਵਿਚ ਪੜ੍ਹਦੀ ਸੀ ਤੇ ਉਸ ਨੂੰ ਚਾਹੁੰਦੀ ਸੀ। ਉਸ ਨੂੰ ਵੀ ਉਹ ਚੰਗੀ ਚੰਗੀ ਲਗਦੀ। ਪਰ ਹਿੰਮਤ ਨਹੀਂ ਪੈਂਦੀ ਸੀ ਕਿ ਉਸ ਨੂੰ ਕੁਝ ਕਹੇ। ਪਹਿਲ ਕੁੜੀ ਨੇ ਹੀ ਕੀਤੀ। ਇਕ ਪੁਰਾਣੀ ਚਿਠੀ ਲਿਆਕੇ ਉਸ ਨੂੰ ਪੜ੍ਹ ਕੇ ਸੁਣਾਉਣ ਲਈ ਕਹਿਣ ਲਗੀ। ਦੋ ਸਾਲ ਪਹਿਲਾਂ ਦੀ ਤਾਰੀਖ ਦੇਖੀ ਤਾਂ ਅਣਖੀ ਸਮਝ ਤਾਂ ਗਿਆ। ਪਰ ਬੁਧੂ ਕੁਝ ਵੀ ਨਾ ਆਖ-ਵੇਖ ਸਕਿਆ। ਕੁੜੀ ਹੱਸ ਕੇ ਪਰ ਫੇਰ ਕਚ੍ਹੀਚ ਜਿਹੀ ਹੋ ਕੇ ਚਲੀ ਗਈ। ਹੁਣ ਉਹ ਪਛਤਾਉਂਦਾ ਹੈ ਕਿ ਜੇ ਉਸ ਦਾ ਉਸ ਕੁੜੀ ਨਾਲ ਵਿਆਹ ਹੋ ਜਾਂਦਾ ਤਾਂ ਸ਼ਾਇਦ ਬਹੁਤ ਸੁਖੀ ਰਹਿੰਦਾ।

ਪਿੱਛੇ ਜਿਹੇ ਇਕ ਵਾਰ ਉਹ ਆਪਣੀ ਲੜਕੀ ਲਈ ਇਕ ਲੜਕਾ ਦੇਖਣ ਇਕ ਸ਼ਹਿਰ ਗਿਆ। ਉਥੇ ਜਾਕੇ ਉਸ ਨੂੰ ਪਤਾ ਲੱਗਿਆ ਕਿ ਜਿਸ ਲੜਕੇ ਨੂੰ ਮੈਂ ਦੇਖਣ ਆਇਆ ਹਾਂ ਉਹਦੀ ਭੂਆ ਦਾ ਰਿਸ਼ਤਾ ਕਦੇ ਮੈਨੂੰ ਹੋਇਆ ਸੀ ਤੇ ਪਿੱਛੋਂ ਟੁੱਟ ਗਿਆ ਸੀ। ਲੜਕੇ ਦੀ ਗੱਲ ਛੱਡਕੇ ਉਹ ਉਹਦੀ ਭੂਆ ਬਾਰੇ ਹੀ ਪੁੱਛ-ਗਿਛ ਕਰਨ ਲੱਗਿਆ-ਕਿੱਥੇ ਵਿਆਹੀ ਗਈ ਸੀ? ਉਹਦੇ ਬਾਲ ਬੱਚੇ ਕੀ ਨੇ? ਪਤਾ ਲੱਗਿਆ, ਉਹਦਾ ਪਤੀ ਸ਼ਰਾਬੀ ਸੀ ਤੇ ਮਰ ਚੁੱਕਿਆ ਹੈ। ਅਣਖੀ ਪਛਤਾਵੇ ਦੀ ਅੱਗ ਵਿਚ ਸੜਨ ਲੱਗ ਪੈਂਦਾ ਹੈ। ਸੋਚਦਾ ਹੈ ਕਿ ਜੇ ਇਹ ਰਿਸ਼ਤਾ ਨਾ ਟੁਟਦਾ ਤਾਂ ਹੁਣ ਜਾਕੇ ਮੈਨੂੰ ਇਹ ਐਨੇ ਦੁੱਖ ਨਾ ਸਹਿਣੇ ਪੈਂਦੇ।

ਅਣਖੀ ਸਾਰੀ ਉਮਰ ਭੁਰਦਾ ਰਿਹਾ ਹੈ। ਕੱਚੇ ਘੜੇ ਵਾਂਗ ਖੁਰਦਾ ਰਿਹਾ ਹੈ। ਪਰ ਹਾਰਿਆ ਨਹੀਂ। ਸਾਹਿਤ ਦਾ ਨਾਇਕ ਵੀ ਕਦੇ ਹਾਰਦਾ ਹੈ? ਸਾਰੀ ਉਮਰ ਦੁੱਖਾਂ ਨਾਲ ਦੋ ਹੱਥ ਕਰਨ ਵਾਲੇ ਇਸ ਮਜ਼ਬੂਤ ਤੇ ਮਿਹਨਤੀ ਮਨੁੱਖ ਦਾ ਰੰਗ ਖੰਘਰ ਵਰਗਾ, ਅੱਖਾਂ ਮੋਟੀਆਂ, ਦਾੜ੍ਹੀ ਸਫੈਦ ਜਿਸ ਨੂੰ ਕਦੇ ਕੱਟ ਲੈਂਦਾ ਹੈ, ਕਦੇ ਰੱਖ ਲੈਂਦਾ ਹੈ। ਹਾਈਟ, ਲੰਬ ਬਰੇ-ਡਥ ਇਕੋ ਜਿਹੀ......ਗੋਲ ਮਟੋਲ—ਨੰਗੇ ਸਿਰ ਵਾਲੀ ਤਸਵੀਰ ਵੇਖਣ ਵਾਲੇ ਨੂੰ ਸੋਲਜ਼ੇਨਿਤਸਨ ਲਗਦਾ ਹੈ। ਪੱਗ ਵਾਲੀ ਤਸਵੀਰ ਤੋਂ ਉਹ ਇਉਂ ਲਗਦਾ ਹੈ ਜਿਵੇਂ ਕੋਈ ਕੱਟੜ ਸਿੱਖ ਹੋਵੇ। ਅਣਖੀ ਤਖੱਲਸ ਉਸ ਨੇ ਖੁਦ ਨਹੀਂ ਰੱਖਿਆ। ਇਹ ਤਾਂ ਇਤਫਾਕੀਆ ਉਸਦੇ ਨਾਉਂ ਨਾਲ ਖੁਦ ਬਖੁਦ ਜੁੜ ਗਿਆ। ਗੱਲ ਇਹ ਹੋਈ ਕਿ ਨੌਵੀਂ ਦਸਵੀਂ ਵਿਚ ਪੜ੍ਹਦੇ ਉਹਦੇ ਕੁਝ ਸਾਥੀਆਂ ਨੇ ਰਲ ਕੇ ਇਕ ਸਾਹਿਤਕ ਪਰਚਾ "ਅਣਖੀ" ਕਢਣ ਦਾ ਵਿਚਾਰ ਬਣਾਇਆ ਤਾਂ ਅਣਖੀ ਨੂੰ ਪਰਚੇ ਦੀ ਐਡਵਰਟਾਈਜ਼ਮੈਂਟ ਦਾ ਕੰਮ ਸੌਂਪਿਆ ਗਿਆ ਜਿਸ ਨੂੰ ਉਸਨੇ ਬਖੂਬੀ ਨਿਭਾਇਆ। ਬਰ-ਨਾਲੇ ਦੇ ਕੰਧਾਂ-ਕੌਲੇ ਕੋਲੇ ਨਾਲ ਪਰਚੇ ਦੀ ਐਡਵਰਟਾਈਜ਼-ਮੈਂਟ ਲਿਖ ਲਿਖ ਕਾਲੇ ਕਰ ਦਿਤੇ। ਪਰਚਾ ਤਾਂ ਨਾ ਨਿਕਲਿਆ ਪਰ ਰਾਮ ਸਰੂਪ ਦੇ ਨਾਮ ਨਾਲ ਜਿਵੇਂ ਗੁਰਬਖਸ



Sri Satguru Jagjit Singh Ji Elibrary NamdhariElibrary@gmail.com

ਸਿੰਘ ਨਾਲ 'ਪ੍ਰੀਤ ਲੜੀ' ਮੋਹਨ ਸਿੰਘ ਨਾਲ ਪੰਜ ਦਰਿਆ, ਸੁਰੇਂਦਰ ਨਾਲ 'ਹੇਮ ਜਿਉਤੀ' ਜੁੜਿਆ ਇਵੇਂ 'ਅਣਖੀ' ਜੁੜ ਗਿਆ।

ਪੰਜਾਬ ਦੀ ਬਹੁਤ ਹੀ ਮਸ਼ਹੂਰ ਸਾਹਿਤ ਸਭਾ, ਬਰਨਾਲਾ ਦਾ ਜਦ ਉਹ ਇਤਿਹਾਸ ਪੜ੍ਹਦਾ ਹੈ ਤਾਂ ਉਸ ਦੇ ਜਨਮ ਦਾਤਿਆਂ ਵਿਚ ਆਪਣਾ ਨਾਮ ਪਿਛੋਂ ਆਉਂਦਾ ਦੇਖਕੇ ਇਤਿ-ਹਾਸ ਲਿਖਣ ਵਾਲਿਆਂ ਦੀ ਦਿਆਨਤਦਾਰੀ ਸਾਹਮਣੇ ਰੱਖਕੇ ਮਨ ਨੂੰ ਝੋਰਾ ਲਾ ਬਹਿੰਦਾ ਹੈ। ਤੇ ਉਸਨੂੰ ੧੯੫੩ ਦੇ ਉਹ ਦਿਨ ਯਾਦ ਆਉਂਦੇ ਹਨ ਜਦ ਉਹ ਮਹਿੰਦਰਾ ਕਾਲਜ ਤੋਂ ਐਫ. ਏ. ਕਰਕੇ ਬਰਨਾਲੇ ਆਇਆ ਸੀ ਤਾਂ ਮਹਿੰਦਰਾ ਕਾਲਜ ਦੀ ਪੰਜਾਬੀ ਸਾਹਿਤ ਸਭਾ ਵਾਂਗ ਬਰਨਾਲੇ ਵੀ ਇਕ ਸਾਹਿਤ ਸਭਾ ਬਨਾਉਣ ਬਾਰੇ ਕਰਮ ਚੰਦ ਰਿਸ਼ੀ ਨਾਲ ਗੱਲਬਾਤ ਕੀਤੀ ਤਾਂ ਉਹ ਝੱਟ ਸਹਿਮਤ ਹੋ ਗਿਆ। ਫੇਰ ਪ੍ਰਦੀਪ ਅਰਸ਼ੀ ਨਾਲ ਸਲਾਹ ਕਰਕੇ ਸਾਧੂ ਰਾਮ ਸੂਦ (ਹਲਵਾਈ) (ਕਹਾਣੀਕਾਰ ਕੇਵਲ ਸੂਦ ਦੇ ਪਿਤਾ ਜੀ) ਦੇ ਚੁਬਾਰੇ ਵਿਚ ਪਹਿਲੀ ਸਾਹਿਤਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਐਸ. ਐਸ. ਪਦਮ ਜਿਸਨੇ ਨੈਸ਼ਨਲ ਕਾਲਜ ਬਠਿੰਡਾ ਖੋਲ੍ਹਿਆ ਹੋਇਆ ਸੀ, ਪ੍ਰਸਿੱਧ ਸ਼ਾਇਰ ਪ੍ਰੀਤਮ ਸਿੰਘ ਰਾਹੀ ਜੋ ਉਸ ਵਕਤ ਨੌਵੀਂ ਜਮਾਤ ਵਿਚ ਪੜ੍ਹਦਾ ਸੀ ਤੇ ਇੰਦਰ ਸਿੰਘ ਖਾਮੋਸ਼ ਜੋ ਬਰਨਾਲੇ ਆਦਰਸ਼ ਗਿਆਨੀ ਕਾਲਜ ਚਲਾਉਂਦਾ ਸੀ ਆਦਿ ਸ਼ਾਮਲ ਹੋਏ। ਇਤਿਹਾਸ ਲਿਖਣ ਵਾਲੇ ਇਸ ਪਹਿਲੀ ਇਤਿਹਾਸਿਕ ਮੀਟਿੰਗ ਨੂੰ ਬਿਲਕੁਲ ਹੀ ਖਾਰਜ ਕਰ ਰਹੇ ਹਨ।

ਇਕ ਸਮਾਂ ਸੀ ਜਦ ਰਾਮ ਸਰੂਪ ਕਿਸੇ ਦੇ ਲੈਟਰ ਬਕਸ ਚੋਂ ਰਸਾਲੇ ਚੋਰੀ ਕੱਢਕੇ ਪੜ੍ਹਦਾ ਹੁੰਦਾ, ਪਰ ਹੁਣ ਉਸਦੇ ਘਰ ਪੰਜਾਬੀ, ਹਿੰਦੀ ਤੇ ਉਰਦੂ ਦੇ ਪਰਚੇ ਮੁਫਤ ਇਨੇ ਆ ਜਾਂਦੇ ਹਨ ਕਿ ਅਣਖੀ ਨੂੰ ਕਈ ਵਾਰ ਤਾਂ ਉਹਨਾਂ ਨੂੰ ਪੜ੍ਹਨ ਤੱਕ ਦਾ ਸਮਾਂ ਨਹੀਂ ਮਿਲਦਾ। ਇਹ ਮਾਣ ਉਸ ਨੂੰ ਪਰਚਿਆਂ ਦੇ ਸੰਪਾਦਕਾਂ ਵਲੋਂ ਐਵੇਂ ਨਹੀਂ ਮਿਲਿਆ, ਉਹਦੀ ਤੀਹ ਸਾਲ ਦੀ ਮਿਹਨਤ ਦਾ ਸਿੱਟਾ ਹੈ। ਉਹ ਖੁਦ ਮੰਨਦਾ ਹੈ ਚਿ ਉਹ ਮਿਹਨਤੀ ਬਹੁਤ ਹੈ, ਚਮਤਕਾਰੀ ਘੱਟ। ਉਹ ਕੋਈ ਚੋਟੀ ਦੇ ਪ੍ਰਤਿਭਾਵਾਨਾਂ ਵਿਚੋਂ ਨਹੀਂ, ਇੱਕ ਮਿਡਿਉਕਰ ਕਿਸਮ ਦਾ ਮਨੁੱਖ ਹੈ। ਉਹ ਪੰਜ-ਸੱਤ ਵਧੀਆ ਕਹਾਣੀਆਂ ਲਿਖਕੇ ਨਹੀਂ, ਬਲਕਿ ਬਹੁਤਾ ਲਿਖਕੇ ਮਸ਼ਹੂਰ ਹੋਇਆ ਹੈ। ਉਂਜ ਭਾਵੇਂ ਉਸਨੇ ਜ਼ਿੰਦਗੀ ਦੇ ਹਰ ਪਹਿਲੂ ਤੇ ਕਲਮ ਆਜ਼ਮਾਈ ਹੈ, ਪਰ ਮਸ਼ਹੂਰੀ ਉਸਨੂੰ ਔਰਤ-ਮਰਦ ਦੇ ਜਾਇਜ਼-ਨਜਾਇਜ਼ ਸੰਬੰਧਾਂ ਵਾਲੀਆਂ ਕਹਾਣੀਆਂ ਨੇ ਹੀ ਦਵਾਈ। ਨਾਨਕ ਸਿੰਘ, ਜਸਵੰਤ, ਸਿੰਘ ਕੰਵਲ ਤੋਂ ਬਾਅਦ ਉਸਦਾ ਨੰਬਰ ਆਉਂਦਾ ਹੈ ਕਿਉਂਕਿ ਕਿਤਾਬਾਂ ਛਪਵਾਉਣ ਤੇ ਵੇਚਣ ਵਿਚ ਉਸਨੂੰ ਕੋਈ ਦਿਕੱਤ ਪੇਸ਼ ਨਹੀਂ ਆਉਂਦੀ। ਉਹ ਲੇਖਕ ਹੈ, ਪ੍ਰਕਾਸ਼ਕ ਵੀ, ਵਿਕਰੇਤਾ ਵੀ ਤੇ ਆਪਣਾ ਆਪ ਪਬਲਿਸਿਟੀ ਮਹਿਕਮਾ ਵੀ। ਇਹ ਤਾਂ ਕਹਾਣੀਆਂ ਦੀਆਂ ਕਿਤਾਬਾਂ ਹਨ, ਨਾਵਲ ਹਨ। ਮੇਰਾ ਖਿਆਲ ਹੈ, ਜੇ ਉਹ ਫਲਾਂ ਦੀ ਰੇੜ੍ਹੀ ਦੀ ਲਾਉਂਦਾ ਹੁੰਦਾ ਤਾਂ ਬਰਨਾਲੇ ਦੇ ਸਾਰੇ ਰੇੜ੍ਹੀਆਂ ਵਾਲਿਆਂ ਦਾ ਧੰਦਾ ਛੁਡਾ ਦਿੰਦਾ।

ਅਣਖੀ ਕਦੇ ਵਕਤ ਜ਼ਾਇਆ ਨਹੀਂ ਕਰਦਾ। ਉਹ ਕੁਝ ਨਾ ਕੁਝ ਲਿਖਦਾ ਹੀ ਰਹਿੰਦਾ ਹੈ, ਕਵਿਤਾ, ਨਾਵਲ, ਕਹਾਣੀ, ਆਲੋਚਨਾ, ਰੇਖਾ-ਚਿੱਤਰ, ਇੰਟਰਵਿਊ, ਅਨੁਵਾਦ ਆਦਿ। ਹੋਰ ਨਹੀਂ ਤਾਂ ਆਪਣੀਆਂ ਕਹਾਣੀਆਂ ਨੂੰ ਹਿੰਦੀ ਵਿਚ ਹੀ ਅਨੁਵਾਦ ਕਰਦਾ ਹੈ। ਹੈਰਾਨੀ ਦੀ ਗੱਲ ਹੈ, ਹਿੰਦੀ ਵਿਚ ਉਸਦੀਆਂ ਉਹ ਕਹਾਣੀਆਂ ਮਕਬੂਲ ਹੋਈਆਂ, ਜੋ ਪੰਜਾਬੀ ਵਾਲਿਆਂ ਨੇ ਅੱਖੋਂ ਉਹਲੇ ਕਰ ਰੱਖੀਆਂ ਸਨ। ਹਿੰਦੀ ਦੇ ਸਿਰਕੱਢ ਪਰਚਿਆਂ ਨੇ ਉਸ ਨੂੰ ਵੱਡਾ ਲੇਖਕ ਬਣਾਇਆ ਤੇ ਪੈਸੇ ਦਿਤੇ।

ਅਣਖੀ ਲਿਟਰੇਚਰ ਪੜ੍ਹਦਾ ਤਾਂ ਬਹੁਤ ਹੈ, ਪਰ ਕਹੇਗਾ—"ਯਾਰ, ਨਵੇਂ ਜੇ ਮੁੰਡੇ ਕਿਤਾਬ ਦੇ ਕੇ ਕਹਿਣਗੇ ਅਣਖੀ ਸਾਹਿਬ ਇਸ ਬਾਰੇ ਜ਼ਰੂਰ ਲਿਖਣਾ। ਸੱਚ ਗੱਲ ਇਹ ਐ ਬਾਈ, ਮੈਂ ਉਹ ਕਿਤਾਬ ਪੜ੍ਹ ਈ ਨੀ ਸਕਦਾ. ਜਿਸ ਚੋਂ ਮੈਂ ਕੁਝ ਸਿੱਖ ਨਾ ਸਕਦਾ ਹੋਵਾਂ। ਨਵੇਂ ਲੇਖਕ ਮਿਹਨਤ ਘੱਟ ਕਰਦੇ ਨੇ ਤੇ ਇਕ ਦਿਨ ਵਿਚ ਹੀ ਕਿਤਾਬ ਛਪਵਾਕੇ ਮਹਾਨ ਬਣਨਾ ਚਾਹੁੰਦੇ ਨੇ...ਐਂ ਥੋੜਾ ਹੁੰਦੈ। ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਬੰਦੇ ਨੂੰ ਵੱਡੇ ਵੱਡੇ ਲੇਖਕ ਪੜ੍ਹਨੇ ਚਾਹੀਦੇ ਨੇ...ਜ਼ਿੰਦਗੀ ਨੂੰ ਸਮਝਣ ਦੀ ਲੋੜ ਐ...ਆਪਣਾ ਗਾਸੋ ਏਸੇ ਬਿਮਾਰੀ ਦਾ ਮਰੀਜ਼ ਐ। ਮੈਂ ਕਦੇ ਉਹਦੀ ਇਕ ਕਿਤਾਬ ਪੂਰੀ ਨਹੀਂ ਪੜ੍ਹ ਸਕਿਆ।"

ਅਣਖੀ ਜਾਤ ਤੇ ਨਾਮ ਤੋਂ ਬਰਾਹਮਣ, ਸ਼ਕਲ ਤੋਂ ਪੜ੍ਹਿਆ ਲਿਖਿਆ ਸਰਦਾਰ, ਪਰ ਸੁਭਾਅ ਤੋਂ ਉਹ ਨਿਰਾ ਜੱਟ ਹੈ।...ਮਲੰਗ ਜੱਟ। ਜਿਸ ਨੇ ਕਦੇ ਐਫ. ਏ. ਕਰਨ ਤੋਂ ਬਾਅਦ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਖਤ ਦਾ ਪ੍ਰਭਾਵ ਕਬੂਲ ਕਰਕੇ ਖੇਤੀ ਕਰਨੀ ਸ਼ੁਰੂ ਕੀਤੀ ਸੀ, ਪਰ ਸੋਹਲ ਸਰੀਰ ਖੇਤੀ ਦੀ ਮਾਰ ਨਾ ਝੱਲ ਸਕਿਆ। ਥੋੜ੍ਹਾ ਜਿਹਾ


Sri Satguru Jagjit Singh Ji Elibrary NamdhariElibrary@gmail.com

ਕੰਮ ਕਰਦਾ, ਧੁੱਪ ਲਗਦੀ, ਸਾਹ ਚੜ੍ਹ ਜਾਂਦਾ ਝੱਟ ਗਰਮੀ ਸੁਕਾਉਣ ਲਈ ਟਾਹਲੀ ਦੀ ਛਾਵੇਂ ਜਾ ਬੈਠਦਾ। ਸੱਪ ਦੇ ਮੂੰਹ ਵਿਚ ਕਿਰਲੀ ਵਾਲੀ ਹਾਲਤ ਸੀ ਅਣਖੀ ਦੀ, ਖਾਂਦਾ ਤਾਂ ਕੋਹੜੀ ਛੱਡਦਾ ਤਾਂ ਕਲੰਕੀ...ਨਾਲੇ ਕੰਮ ਕਰਦਾ, ਨਾਲੇ ਪਛਤਾਉਂਦਾ ਕਿ ਕਿਥੋਂ ਮੈਂ ਗੁਰਬਖਸ਼ ਸਿੰਘ ਨੂੰ ਖਤ ਲਿਖਕੇ ਲੰਗੜੇ ਬੋਕ ਤੇ ਚੜ੍ਹ ਬੈਠਾ...ਹੁਣ ਵੀ ਉਹ ਹਫਤੇ ਦਸ ਦਿਨਾਂ ਪਿਛੋਂ ਖੇਤ ਜ਼ਰੂਰ ਜਾਂਦਾ ਹੈ। ਵੱਟਾਂ ਤੇ ਗੇੜੇ ਮਾਰਦਾ ਅਣਖੀ ਉਸ ਵਕਤ ਆਪਣੇ ਆਪ ਨੂੰ ਕੋਈ ਬਹੁਤ ਵੱਡਾ ਜਾਗੀਰਦਾਰ ਸਮਝਦਾ ਹੈ।

ਯਾਰੀਆਂ ਲਾਉਣ ਤੇ ਪੁਗਾਉਣ ਵਿਚ ਵੀ ਉਹ ਕਿਸੇ ਗੱਲੋਂ ਪਿਛੇ ਨਹੀਂ। ਉਹ ਜਿਸ ਕਿਸੇ ਨੂੰ ਪਿਆਰ ਕਰਦਾ ਹੈ। ਪਾਗਲਪਣ ਦੀ ਹੱਦ ਤਕ। ਯਾਰ ਦੇ ਗੁਣਾਂ ਨੂੰ ਦੇਖਦਾ ਹੈ। ਔਗੁਣਾਂ ਨੂੰ ਨਹੀਂ...ਪਰ ਜੇ ਕਦੇ ਕੋਈ ਉਹਦੇ ਮਨੋਂ ਉੱਤਰ ਜਾਵੇ ਤਾਂ ਫੇਰ ਉਹਦਾ ਵੈਰ ਵੀ ਝੋਟੇ ਵਰਗਾ ਹੁੰਦਾ ਹੈ। ਯਾਰੀ ਪੰਦਰਾਂ ਵੀਹ ਸਾਲ ਪੁਰਾਣੀ ਵੀ ਕਿਉਂ ਨਾ ਹੋਵੇ। ਉਂਜ ਲਗਦੀ ਵਾਹ ਉਹ ਅਜਿਹੀ ਨੌਬਤ ਆਉਣ ਨਹੀਂ ਦਿੰਦਾ।

ਉਸ ਨਾਲ ਜਦ ਕਦੇ ਬਰਨਾਲੇ ਦੇ ਲੇਖਕਾਂ ਬਾਰੇ ਗੱਲ ਤੁਰ ਪਵੇ ਤਾਂ ਉਹ ਝੱਟ ਕਹਿੰਦਾ ਹੈ ਕਿ ਬਰਨਾਲੇ ਦੇ ਲੇਖਕ (ਰਵਿੰਦਰ ਭੱਠਲ ਨੂੰ ਛੱਡਕੇ) ਲੇਖਕ ਘੱਟ ਹਨ, ਫੜ੍ਹਮਾਰ ਨਾਮ ਨਿਹਾਦ ਮਾਰਕਸੀ ਵੱਧ। ਹਰ ਕੋਈ ਢਾਈ ਇੱਟ ਦੀ ਅਲੱਗ ਮਸੀਤ ਬਣਾਈ ਫਿਰਦਾ ਹੈ। ਉਹ ਕਹਿੰਦਾ ਹੈ—"ਮੈਂ ਜ਼ਿੰਦਗੀ ਦੇ ਸੱਚ ਨੂੰ ਪੇਸ਼ ਕਰਦਾ ਹਾਂ। ਮਾਰਕਸਵਾਦ ਸਾਨੂੰ ਰਾਜਨੀਤੀ ਤੋਂ ਅਗਾਂਹ ਇੱਕ ਜੀਵਨ ਜਾਚ ਵੀ ਸਿਖਾਉਂਦਾ ਹੈ। ਇਸ ਪੱਖੋਂ ਮੈਂ ਉਸਦਾ ਪੱਕਾ ਧਾਰਨੀ ਹਾਂ। ਸਾਹਿਤ ਦਾ ਕਲਿਆਣਕਾਰੀ ਤੇ ਭਵਿਖਵਾਦੀ ਹੋਣਾ ਉਹਦੀ ਮੁੱਖ ਤਾਕਤ ਹੈ।"

ਅਣਖੀ ਨੇ ਕਦੇ ਜੀ-ਜਾਨ ਨਾਲ ਕਵਿਤਾ ਰਚੀ ਸੀ, ਕਿਤਾਬਾਂ ਛਪਵਾਈਆਂ ਸਨ, ਪਰ ਹੁਣ ਉਹ ਕਵਿਤਾ ਲਿਖਣ ਵੇਲੇ ਮੈਨੂੰ ਇਉਂ ਲਗਦਾ ਹੈ, ਜਿਵੇਂ ਝੂਠ ਬੋਲ ਰਿਹਾ ਹੋਵਾਂ।

ਨਵੇਂ ਡਿਜ਼ਾਇਨ ਦੇ ਕਪੜੇ ਪਾਉਣਾ, ਸੂਟਿੰਗ-ਸੈਚਿੰਗ ਉਹਦੀ ਆਦਤ ਤੋਂ ਦੂਰ ਦੀ ਗੱਲ ਹੈ। ਪਹਿਲਾ ਮਾਂ, ਫੇਰ ਭਾਗਵੰਤੀ ਜਾਂ ਕਦੇ ਕੋਈ ਦੋਸਤ ਤੇ ਹੁਣ ਸ਼ੋਭਾ ਜੋ ਵੀ ਖਰੀਦ ਕੇ ਲਿਆ ਦੇਵੇ, ਉਹ ਸਿਲਾ ਕੇ ਪਾ ਲੈਂਦਾ ਹੈ। ਉਹਦੀ ਆਪਣੀ ਕੋਈ ਪਸੰਦ ਨਹੀਂ, ਉਜ਼ਰ ਨਹੀਂ। ਖਾਣ ਪੀਣ ਵਿਚ ਵੀ।

ਅਠਾਰਾਂ-ਵੀਹ ਕਿਤਾਬਾਂ ਲਿਖਕੇ, ਭਾਰਤ ਦੀਆਂ ਤਕਰੀਬਨ ਸਾਰੀਆਂ ਭਾਸ਼ਾਵਾਂ ਵਿਚ ਲਗਭਗ ਸੌ ਕਹਾਣੀਆਂ ਤੇ ਦੋ ਨਾਵਲ ਅਨੁਵਾਦ ਹੋ ਜਾਣ ਤੋਂ ਬਾਅਦ ਵੀ ਜਦ ਸਾਹਿਤ ਰਚਨਾ ਬਾਰੇ ਉਸ ਨਾਲ ਗੱਲ ਚਲਦੀ ਹੈ ਤਾਂ ਉਹ ਉਦਾਸ ਜਿਹਾ ਹੋ ਕੇ ਕਹਿੰਦਾ ਹੈ—"ਸਾਹਿਤ ਲਿਖਣਾ ਐਮੀ ਜੀ ਗੱਲ ਐ...ਲੇਖਕ ਆਪਣੇ ਬੱਚਿਆ ਦਾ ਖਿਆਲ ਨਹੀਂ ਰੱਖ ਸਕਦਾ, ਪਤਨੀ ਦੇ ਚਾਅ ਪੂਰੇ ਨਹੀਂ ਹੁੰਦੇ, ਪੈਸੇ ਵਲੋਂ ਹਮੇਸ਼ਾ ਤੰਗ ਰਹਿੰਦਾ ਹਾਂ—ਬੱਸ ਨਾਮ ਹੀ ਕਮਾਇਆ ਹੈ। ਹਾਲਾਂ ਕਿ ਸਾਹਿਤ ਚੋਂ ਦੋ ਢਾਈ ਸੌ ਐਵਰੇਜ਼ ਆ ਈ ਜਾਂਦੇ ਪਰ ਜੋ ਸਾਹਿਤ ਤੇ ਖਰਚ ਹੁੰਦਾ ਹੈ, ਉਸਦਾ ਹਿਸਾਬ ਮੁਸ਼ਕਲ ਐ।" ਪਰ ਫੇਰ ਵੀ ਉਹ ਸਿਰ-ਸੁਟ ਕੇ ਲਿਖੀ ਜਾ ਰਿਹਾ ਹੈ। ਉਸਦੀ ਮਿਹਨਤ ਤੇ ਲਗਨ ਨੂੰ ਮੁੱਖ ਰੱਖਕੇ ਪੰਜਾਬ ਤੇ ਹਰਿਆਣੇ ਦੀਆਂ ਕਈ ਸਾਹਿਤ ਸਭਾਵਾਂ ਨੇ ਉਸ ਨੂੰ ਸਨਮਾਨਿਆ ਹੈ। ਭਾਸ਼ਾ ਵਿਭਾਗ ਨੇ ਉਸਦੇ ਨਾਵਲ 'ਸੁਲਗਦੀ ਰਾਤ' ਨੂੰ ੨੫੦੦ ਰੁਪਏ ਐਵਾਰਡ ਵੀ ਦਿੱਤਾ ਹੈ। ਪਰ ਉਸਨੇ ਕਦੇ ਫੂਕ ਨਹੀਂ ਛਕੀ, ਪੈਰ ਨਹੀਂ ਛੱਡੇ...ਅਣਖੀ ਉਹੀ ਅਣਖੀ ਰਿਹਾ ਹੈ, ਯਾਰਾਂ ਦਾ ਯਾਰ, ਇੱਕ ਵਧੀਆ, ਸਾਹਿਤਕਾਰ।

ਇਨ੍ਹਾਂ ਦਿਨਾਂ ਵਿਚ ਉਹ ਇੱਕ ਵੱਡੇ ਕੈਨਵਸ ਨੂੰ ਲੈਕੇ ਨਾਵਲ ਲਿਖ ਰਿਹਾ।

ਗੁਰਮੇਲ ਮਡਾਹੜ
ਬੀ-੪/੯੧, ਅਸਤਬਲ
ਪਟਿਆਲਾ ਗੇਟ, ਸੰਗਰੂਰ
੧੪੮੦੦੧

---

ਉਮਰ ਦੇ ਨਾਲ ਨਾਲ ਮੈਂ ਜ਼ਿੰਦਗੀ ਨੂੰ ਸਦਾ ਵੱਧ ਤੋਂ ਵੱਧ ਦਿਲਚਸਪ ਸਾਹਸੀ ਕਾਰਜ adveuture ਦੇ ਰੂਪ ਵਿਚ ਦੇਖਿਆ ਹੈ ਜਿਸ ਤੋਂ ਅਜੇ ਵੀ ਪਤਾ ਨਹੀਂ, ਕਿੰਨਾ ਕੁਝ ਸਿਖਣਾ ਹੈ ਤੇ ਇਥੇ ਖਬਰੇ ਅਜੇ ਵੀ ਕਿੰਨਾ ਕੁਝ ਕਰਨਾ ਬਾਕੀ ਹੈ। ਇਸ ਲਈ ਮੈਨੂੰ ਹਰ ਸਮੇਂ ਇਹ ਮਹਿਸੂਸ ਹੁੰਦਾ ਰਿਹਾ ਹੈ ਕਿ ਮੈਂ ਵੱਡਾ ਹੋ ਰਿਹਾ ਹਾਂ। ਇਹ ਹੀ ਭਾਵਨਾ ਮੇਰੇ ਜੀਵਨ ਦੀ ਚਾਲ ਵਿਚ ਸਦਾ ਉਤਸ਼ਾਹ ਭਰਦੀ ਆ ਰਹੀ ਹੈ। ਮੈਂ ਜ਼ਿੰਦਗੀ ਨੂੰ ਪਿਆਰ ਕੀਤਾ ਹੈ ਤੇ ਇਸ ਦੀ ਖਿਚ ਅੱਜ ਵੀ ਘੱਟ ਨਹੀਂ ਹੋਈ।

—ਜਵਾਹਰ ਲਾਲ ਨਹਿਰੂ


Sri Satguru Jagjit Singh Ji Elibrary NamdhariElibrary@gmail.com

# ਜਸਵੰਤ : ਭਵਿਖ ਦਾ ਦੌੜਾਕ

੧੫੦੦ ਮੀਟਰ ਦੀ ਦੋੜ ਵਿਚ ਸੋਲਾਂ ਸਾਲ ਤੋਂ ਹੇਠਾਂ ਦੀ ਉਮਰ ਦੇ ਗਰੁਪ ਵਿਚ ਸਾਰੇ ਭਾਰਤ ਚੋਂ ਦੂਸਰੇ ਸਥਾਨ ਤੇ ਰਿਹਾ ਹੈ। ਆਂਧਰਾ ਪ੍ਰਦੇਸ਼ ਦੇ ਸ਼ਹਿਰ ਨੈਲੌਰ ਵਿਚ ਅਕਤੂਬਰ ਦੇ ਸ਼ੁਰੂ ਵਿਚ, ਸਾਰੇ ਭਾਰਤ ਦਾ ਪੇਂਡੂ ਖੇਡਾਂ ਦਾ ਚੋਦਵਾਂ ਮੁਕਾਬਲਾ "ਅਖਿਲ ਭਾਰਤੀ ਗਰਮੀਨ ਖੇਲ ਕੂਦ ਟੂਰਨਾਮੈਂਟ "All India Rural Sports Tournament" ਨੇਤਾ ਜੀ ਸੁਭਾਸ਼, ਨੈਸ਼ਨਲ ਇੰਸਟੀਚਯੂਟ ਆਫ ਸਪਰੋਟਸ ਵਲੋਂ ਕਰਵਾਇਆ ਗਿਆ। ਇਸ ਵਿਚ ਭਾਗ ਲੈਣ ਵਾਲੇ ਖਿਡਾਰੀ ਆਪਣੇ ਆਪਣੇ ਸੂਬਿਆਂ ਵਲੋਂ ਚੁਣ ਕੇ ਭੇਜੇ ਗਏ ਸਨ। ਜਸਵੰਤ ਸਿੰਘ ੧੫੦੦ ਮੀਟਰ ਚੋਂ ਤਾਂ ਦੂਸਰਾ ਸਥਾਨ ਪ੍ਰਾਪਤ ਕਰ ਗਿਆ ਪਰ ਉਸ ਨੂੰ ਇਕ ਹੋਰ ਦੌੜ ਵੀ ਦੁੜਾਈ ਗਈ। ਦਸ ਕਿਲੋਮੀਟਰ ਦੀ ਲੰਮੀ ਦੌੜ ਵਿਚ ਉਹਲੇ ਸਾਰੇ ਭਾਰਤ ਚੋਂ ਛੇਵਾਂ ਸਥਾਨ ਪ੍ਰਾਪਤ ਕਰਕੇ ਪੰਜਾਬ ਵਾਸਤੇ ਇਕ ਹੋਰ ਮਾਨ ਦੀ ਗਲ ਅਤੇ ਭਾਰਤ ਵਾਸਤੇ ਵਡੀਆਂ ਪ੍ਰਾਪਤੀਆਂ ਦੀ ਸੰਭਾਵਨਾ ਪੈਦਾ ਕਰ ਦਿਤੀ। ਦਸ ਕਿਲੋਮੀਟਰ ਦੀ ਉਸ ਦੀ ਆਪਣੀ ਹੀਟ ਨਹੀਂ ਸੀ। ਜੇਕਰ ਉਸਦੀ ਏਸ ਦੌੜ ਲਈ ਤਿਆਰੀ ਹੁੰਦੀ ਤਾਂ ਉਹ ਇਸ ਚੋਂ ਵੀ ਬਹੁਤ ਉਪਰ ਆ ਸਕਦਾ ਸੀ ਪਰ ਫਿਰ ਵੀ ਛੇਵਾਂ ਸਥਾਨ ਵੀ ਮਾਨ ਵਾਲੀ ਹੀ ਗੱਲ ਹੈ। ਜਸਵੰਤ ਸਿੰਘ ਭੈਣੀ ਸਾਹਿਬ ਵਿਚ ਰਹਿ ਕੇ ਕੋਚ ਸ: ਅਜੀਤ ਸਿੰਘ ਸੰਘਾ ਦੀ ਦੇਖ ਰੇਖ ਵਿਚ ਅਥਲੈਟਿਕਸ ਦਾ ਅਭਿਆਸ ਕਰ ਰਿਹਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਖੇਡਣ ਕੁਦਣ ਦੌੜਣ ਵਾਲੇ ਛੋਟਿਆਂ ਨਾਮਧਾਰੀ ਬਚਿਆਂ ਨੂੰ ਨੇਮਬਦ ਤਰੀਕੇ ਨਾਲ ਸਿਖਲਾਈ ਦਵਾਈ ਜਾ ਰਹੀ ਹੈ। ਟਰੇਨਿੰਗ, ਖੁਰਾਕ ਅਤੇ ਹੋਰ ਦੂਸਰਿਆਂ ਖਰਚਿਆਂ ਦਾ ਪਰਬੰਧ ਸਤਿਗੁਰੂ ਜੀ ਹੀ ਕਰਦੇ ਹਨ ਇਸ ਤੋਂ ਵੱਡੀ ਗਲ ਸਿਖਿਆਰਥੀਆਂ ਵਾਸਤੇ ਸਤਿਗੁਰੂ ਜੀ ਦੀ ਅਸੀਸ ਅਤੇ ਖੁਸ਼ੀਆਂ ਪ੍ਰਾਪਤ ਕਰਨ ਦਾ ਅਵਸਰ ਹੁੰਦਾ ਹੈ।

ਨੌਜਵਾਨਾਂ ਦੀਆਂ ਰੁਚੀਆਂ ਵਿਚ ਸੇਹਤ ਮੰਦ ਰੁਹਜਾਨ ਪੈਦਾ ਕਰਨ ਵਾਸਤੇ ਅਜਿਹੇ ਮੁਕਾਬਲੇ ਬਹੁਤ ਲੋੜੀਂਦੇ ਹਨ।

ਜਸਵੰਤ ਸਿੰਘ ਪਿੰਡ ਦਮ ਦਮਾ ਜ਼ਿਲਾ ਸਰਸਾ ਦੇ ਸ: ਨਰਿੰਜਨ ਸਿੰਘ ਮੈਂਬਰ ਦਾ ਸਪੁਤਰ ਹੈ। ਇਸ ਦੇ ਦਾਦਾ ਬਾਬਾ ਮਾਘਾ ਸਿੰਘ ਜੀ ਵੀ ਅਪਣੇ ਸਮੇਂ ਦੇ ਬਹੁਤ ਬਹੁਤ ਤੇਜ਼ ਦੌੜਾਕ ਸਨ।



ਜਸਵੰਤ ਸਿੰਘ

ਕਟਾਣੀ ਸਕੂਲ ਦੇ ਨੋਵੀਂ ਜਮਾਤ ਦੇ ਇਸ ਵਿਦਿਆਰਥੀ ਨੇ ਦਸਿਆ ਕਿ ਉਸ ਨੂੰ ਕੋਚਿੰਗ ਲੈਂਦਿਆਂ ਸਿਰਫ ਤਿੰਨ ਸਾਲ ਹੋਏ ਹਨ। ਅਤੇ ਇਸ ਵੇਲੇ ਉਮਰ ਸੋਲਾਂ ਸਾਲ ਦੀ ਹੈ।

ਇਕ ਪ੍ਰਸ਼ਨ ਦੇ ਉਤਰ ਵਿਚ ਉਸ ਦਸਿਆ ਕਿ ਇਸ ਤੋਂ ਪਹਿਲਾਂ ਉਸ ਸਥਾਨਕ ਮੁਕਾਬਲਿਆਂ ਵਿਚ ਹਿੱਸ਼ਾ ਲਿਆ ਅਤੇ ਸਨਮਾਨ ਪ੍ਰਾਪਤ ਕੀਤੇ। ਪਿੰਡ ਕੋਟ ਲੁਧਿਆਣੇ 'ਚ ੧੫੦੦ ਮੀਟਰ ਦੀ ਦੌੜ ਵਿਚ ਉਹ ਸਰਬ ਪ੍ਰਥਮ ਰਿਹਾ। ਕੈਥਲ ਵਿਚ ੫ ਕਿਲੋਮੀਟਰ ਦੀ ਕਰਾਸ ਕੰਟਰੀ ਦੌੜ ਵਿਚ ਉਹ ਪ੍ਰਥਮ ਰਿਹਾ।

ਇਕ ਪੁਛ ਦੇ ਉਤਰ ਵਿਚ ਕਿ ਕਛਹਿਰਿਆਂ ਅਤੇ ਨਾਮਧਾਰੀ ਪੱਗਾਂ ਨਾਲ ਇਹਨਾਂ ਮੁਕਾਬਲਿਆਂ ਵਿਚ ਤੁਹਾਨੂੰ ਕੋਈ ਅਧੁਵਿਧਾ ਤਾਂ ਨਹੀਂ ਹੁੰਦੀ ਤਾਂ ਸ: ਹਰਬੰਸ ਸਿੰਘ ਇੰਨਚਾਰਜ ਨੇ ਦਸਿਆ ਕਿ ਪਹਿਲਾਂ ਹਾਕੀ ਦੀ ਟੀਮ ਅਤੇ ਅਥਲੈਟਿਕਸ ਵਾਲੇ ਬਚਿਆਂ ਨੂੰ ਮਖੌਲ ਅਤੇ ਟਿਚਰਾਂ ਕੀਤੀਆਂ ਜਾਂਦੀਆਂ ਸਨ ਪਰ ਹੁਣ ਇਹਨਾਂ ਦੇ ਹੱਕ ਵਿਚ ਲੋਕ ਤਾਲੀਆਂ ਵਜਾਉਂਦੇ ਹਨ।

ਜਸਵੰਤ ਸਿੰਘ ਨੇ ਨਾਮਨਾ ਖਟਿਆ ਹੈ ਪਰ ਅਜੇ ਹੋਰ ਵੀ ਮੰਜ਼ਲਾਂ ਤੇ ਕਰਨੀਆਂ ਹਨ। ★



Sri Satguru Jagjit Singh Ji Elibrary NamdhariElibrary@gmail.com

# ਸੰਗੀਤ ਦੀ ਸੁਗੰਧੀ...

ਸਾਲ ੧੯੮੩ ਵਿਚ ਹੋਏ ਸਰਬ ਭਾਰਤੀ ਰੇਡੀਓ ਸੰਗੀਤ ਮੁਕਾਬਲੇ ਵਿਚ ਗਜ਼ ਨਾਲ ਵਜਾਉਣ ਵਾਲੇ ਸਾਜ਼ਾਂ ਵਿਚੋਂ ਜੋ ਕਲਾਕਾਰ ਸਰਬ ਪ੍ਰਥਮ ਰਿਹਾ ਹੈ ਉਹ ਹੈ ਭੈਣੀ ਸਾਹਿਬ ਦਾ ਉਭਰਦਾ ਕਲਾਕਾਰ ਬਲਜੀਤ ਸਿੰਘ ਨਾਮਧਾਰੀ। ਉਸ ਨੇ ਛੋਟੀ ਉਮਰ ਵਿਚ ਹੀ ਕਲਾਕਾਰਾਂ ਦੇ ਇਸ ਮੁਕਾਬਲੇ ਵਿਚ ਆਪਣੇ ਸਾਜ ਦਿਲਰਬਾ ਉਤੇ ਭਾਰਤੀ ਰਾਗਾਂ ਦਾ ਵਾਦਨ ਕਰਕੇ ਸਰੇਸ਼ਟ ਪਦਵੀ ਹਾਸਲ ਕੀਤੀ ਹੈ। ਹੁਣ ਉਸ ਨੂੰ ਸਰਕਾਰੀ ਪੱਧਰ ਤੇ ਇਨਾਮ ਵੀ ਦਿਤਾ ਜਾਣਾ ਹੈ।

ਆਕਾਸ਼ਬਾਣੀ ਵਲੋਂ ਕਰਵਾਏ ਜਾਂਦੇ ਇਸ ਮੁਕਾਬਲੇ ਵਿਚ ਪਹਿਲਾਂ ਸਥਾਨਕ ਪੱਧਰ ਤੇ ਮੁਕਾਬਲੇ ਹੁੰਦੇ ਹਨ ਅਤੇ ਫੇਰ ਭਾਰਤੀ ਪੱਧਰ ਤੇ। ਸਾਜ਼ਾਂ ਦੀ ਬਣਤਰ ਤੇ ਵਜਾਉਣ ਢੰਗ ਅਨੁਸਾਰ ਉਹਨਾਂ ਦੇ ਵਾਦਕ ਕਲਾਕਾਰਾਂ ਦੇ ਵੱਖ ਵੱਖ ਭਾਗ ਹੁੰਦੇ ਹਨ ਜਿਵੇਂ ਤੁਣਕੇ ਨਾਲ ਵਜਣ ਵਾਲੇ ਸਾਜ਼ ਸਿਤਾਰ ਸਰੋਦ ਆਦਿ, ਇਹਨਾ ਦਾ ਇਕ ਗਰੁਪ ਹੁੰਦਾ ਹੈ। ਇਸੇ ਪ੍ਰਕਾਰ ਫੂਕ ਨਾਲ ਵਜਣ ਵਾਲੇ ਬੰਸਰੀ, ਮੁਰਲੀ, ਸ਼ਹਿਨਾਈ ਆਦਿ ਦਾ ਹੋਰ ਗਰੁਪ। ਇਵੇਂ ਹੀ ਗਜ਼ ਨਾਲ ਵਜਣ ਵਾਲਿਆਂ ਸਾਜ਼ਾਂ ਵਾਇਲਿਨ, ਸਾਰੰਗੀ, ਦਿਲਰੁਬਾ ਤਾਰ ਸ਼ਹਿਨਾਈ ਆਦਿ ਦਾ ਵਖਰਾ ਗਰੁਪ ਹੁੰਦਾ ਹੈ। ਇਹਨਾਂ ਵੱਖ ਵੱਖ ਸ਼ਰੇਣੀਆਂ ਦੇ ਵਖਰੇ ਵਖਰੇ ਮੁਕਾਬਲੇ ਹੁੰਦੇ ਹਨ।

ਬਲਜੀਤ ਸਿੰਘ ਗਜ਼ ਵਾਲੇ ਸਾਜ਼ਾਂ ਚੋਂ ਅੱਵਲੀਨ ਰਿਹਾ ਹੈ। ਦਿਲਰੁਬਾ ਇਕ ਮੁਸ਼ਕਲ ਸਾਜ਼ ਹੈ। ਇਹ ਪੁਰਾਤਨ ਸਮਿਆਂ ਦੇ ਤਾਊਸ ਸਾਜ਼ ਦਾ ਹੀ ਇਕ ਸੋਧਿਆ ਰੂਪ ਹੈ। ਇਸ ਵੇਲੇ ਦਿਲਰੁਬਾ ਦਾ ਹੇਠਲਾ ਹਿਸਾ ਸਾਰੰਗੀ ਦਾ ਅਤੇ ਉਪਰ ਵਾਲਾ ਸਿਤਾਰ ਦਾ ਹੈ। ਬਲਜੀਤ ਸਿੰਘ ਦੇ ਉਸਤਾਦ ਸ: ਪਿਆਰਾ ਸਿੰਘ ਦੇ ਕਥਨ ਅਨੁਸਾਰ ਦਿਲਰੁਬਾ ਦਾ ਰਿਵਾਜ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਕੀਰਤਨਕਾਰਾਂ ਵਿਚ ਪਹਿਲੇ ਆਮ ਹੁੰਦਾ ਸੀ। ਮਸ਼ਹੂਰ ਹਜ਼ੂਰੀ ਰਾਗੀ ਭਾਈ ਸੁੰਦਰ ਸਿੰਘ ਦਿਲਰੁਬਾ ਲੈ ਕੇ ਕੀਰਤਨ ਕਰਿਆ ਕਰਦੇ ਸਨ। ਅਜ ਕਲ੍ਹ ਤੰਤੀ ਸਾਜ਼ਾਂ ਦਾ ਸਿਖ ਸਮਾਜ ਵਿਚ ਪ੍ਰਚਲਨ ਲਗਭਗ ਖਤਮ ਹੋ ਗਿਆ ਹੈ ਅਤੇ ਕੇਵਲ ਹਾਰਮੋਨੀਅਮ ਹੀ ਹਰ ਥਾਂ ਪਰਧਾਨ ਹੋ ਗਿਆ ਹੈ।



ਬਲਜੀਤ ਸਿੰਘ

ਪਰ ਦਿਲਰੁਬਾ ਸਾਜ਼ ਦੀ ਪਰੰਪਰਾ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ ਕੇਵਲ ਕਾਇਮ ਹੀ ਨਹੀਂ ਸਗੋਂ ਹੋਰ ਵੀ ਪ੍ਰਫੁਲਤ ਹੋਈ ਹੈ। ਨਾਮਧਾਰੀ ਸਤਿਗੁਰੂ ਸਾਹਿਬਾਨ ਆਪ ਇਸ ਸਾਜ਼ ਦੇ ਸਿਧ ਹਸਤ ਵਾਦਕ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਇਸ ਨਾਲ ਕੀਰਤਨ ਕਰਦੇ ਹੁੰਦੇ ਸਨ ਅਤੇ ਹੁਣ ਸਤਿਗੁਰੂ ਜਗਜੀਤ ਸਿੰਘ ਜੀ ਵਰਤਮਾਨ ਸਮੇਂ ਦੇ ਕੁਸ਼ਲ ਦਿਲਰੁਬਾ ਵਾਦਕ ਹਨ।

ਆਪ ਜੀ ਨੇ ਨਾਮਧਾਰੀਆਂ ਵਿਚ ਜਿਥੇ ਸ਼ਾਸਤਰੀ ਸੰਗੀਤ ਦਾ ਬਹੁਤ ਪਰਵਾਹ ਚਲਾਇਆ ਹੈ ਉਥੇ ਦਿਲਰੁਬਾ ਸਾਜ਼ ਉਤੇ ਵਾਦਨ ਕਲਾ ਵਿਚ ਬਹੁਤ ਨਿਖਾਰ ਲਿਆਂਦਾ ਹੈ। ਇਸ ਵੇਲੇ ਕਈ ਵਿਦਿਆਰਥੀ ਇਸ ਸਾਜ਼ ਦੇ ਅਭਿਆਸੀ ਹਨ। ਦਿਲੀ ਦਾ ਇਕ ਨਾਮਧਾਰੀ ਸਿਖ ਅਵਤਾਰ ਸਿੰਘ ਤਾਂ ਇਹ ਸਾਜ਼ ਬਣਾ ਕੇ ਸਤਿਗੁਰੂ ਜੀ ਨੂੰ ਭੇਟ ਕਰਦਾ ਹੀ ਰਹਿੰਦਾ ਹੈ।

ਬਲਜੀਤ ਸਿੰਘ ਦਿਲਰੁਬਾ ਵਾਦਨ ਦੀ ਸਿਖਿਆ ਹਿੰਦੁਸਤਾਨ ਦੇ ਪਰਮੁਖ ਕਲਾਕਾਰ ਉਸਤਾਦ ਪਿਆਰਾ ਸਿੰਘ



Sri Satguru Jagjit Singh Ji Elibrary NamdhariElibrary@gmail.com



ਇਕ ਸੰਗੀਤ ਸੰਮੇਲਨ ਸਮੇਂ (ਖਬਿਓਂ) ਸੁਖਵਿੰਦਰ ਸਿੰਘ (ਤਬਲਾ), ਮੋਹਨ ਸਿੰਘ ਤਾਨਪੂਰਾ, ਬਲਜੀਤ ਸਿੰਘ ਹਾਰਮੋਨੀਅਮ ਅਤੇ ਮੋਹਨ ਸਿੰਘ ਪ੍ਰੋਗਰਾਮ ਪੇਸ਼ ਕਰਦੇ ਹੋਏ ।

ਤੋਂ ਲੈ ਰਿਹਾ ਹੈ। ਪਿਆਰਾ ਸਿੰਘ ਜੀ ਪੁਰਾਣੇ ਸੰਗੀਤ ਘਰਾਨੇ ਨਾਲ ਸੰਬੰਧ ਰਖਦੇ ਹਨ । ਦਿਲੀ ਰੇਡੀਓ ਦੇ ਪੁਰਾਣੇ ਕਲਾਕਾਰ ਅਤੇ ਸੰਗੀਤ ਪੁਸਤਕਾਂ ਦੇ ਲੇਖਕ ਵੀ ਹਨ ।

ਬਲਜੀਤ ਸਿੰਘ ਦਾ ਜਨਮ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਖਾਪੜ ਖੇੜੀ ਵਿਚ ਸੰਗੀਤ ਪ੍ਰੇਮੀ ਇਕ ਕਿਰਤੀ ਪਰਿਵਾਰ ਵਿਚ ਹੋਇਆ ਮਾਪਿਆਂ ਨੇ ਬਾਲ ਬਲਜੀਤ ਨੂੰ ਹੀ ਸੰਗੀਤ ਦੀ ਉਚੇਰੀ ਸਿਖਿਆ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਭੇਟ ਕਰ ਦਿਤਾ । ਮਾਂ ਨੇ ਪੁਤਰ ਵਿਛੜਣ ਦੇ ਇਵਜ਼ਾਨੇ ਵਜੋਂ ਇਕ ਹੋਰ ਪੁਤਰ ਦਾ ਵਰ ਪ੍ਰਾਪਤ ਕਰ ਲਿਆ ।

ਸਤਿਗੁਰੂ ਜੀ ਨੇ ਇਸ ਕਲਾਕਾਰ ਨੂੰ ਪਹਿਲਾਂ ਅੰਮ੍ਰਿਤਸਰ ਦੇ ਪ੍ਰਸਿਧ ਗਾਇਕ ਉਸਤਾਦ ਮਹਿੰਦਰ ਸਿੰਘ ਦਾ ਸ਼ਾਗਿਰਦ ਬਣਾਇਆ । ਤੀਖਣ ਬੁਧੀ ਵਾਲਾ ਬਲਜੀਤ ਛੋਟੀ ਉਮਰ ਵਿਚ ਹੀ ਸਟੇਜਾਂ ਦਾ ਸ਼ਿੰਗਾਰ ਬਣ ਗਿਆ । ਗੁਰਬਾਣੀ ਸ਼ਬਦਾਂ ਦੀਆਂ ਰੀਤਾਂ ਉਸਤਾਦ ਹਰਭਜਨ ਸਿੰਘ ਨੇ ਸਿਖਾਈਆਂ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਸੁਰਾਂ ਤਾਲਾਂ ਤਿਹਾਈਆਂ ਅਤੇ ਬੰਦਸ਼ਾਂ ਸਿਖਲਾਈਆਂ । ਸ੍ਰੀ ਅੰਮ੍ਰਿਤਸਰ ਦੇ ਚਾਰ ਸੌ ਸਾਲਾ ਸਥਾਪਨਾ ਦਿਵਸ ਉਤੇ ਨਾਮਧਾਰੀ ਬਚਿਆਂ ਦੇ ਕਾਨੜਾ ਵਿਚ ਗਾਏ ਸ਼ਬਦ ਨੂੰ ਬਹੁਤ ਸਲਾਹਿਆ ਗਿਆ । ਉਸ ਜਥੇ ਵਿਚ ਬਲਜੀਤ ਦਾ ਅਹਿਮ ਹਿਸਾ ਸੀ ।

ਸੰਪੂਰਨ ਆਸਾ ਦੀ ਵਾਰ ਸਮੇਤ, ਗੁਰਬਾਣੀ ਕੀਰਤਨ ਦੀਆਂ ਸ਼ੁਧ ਉਚਾਰਨ ਦੁਆਰਾ ਬਹੁਤ ਸਾਰੀਆਂ ਰੀਤਾਂ, ਧਰੁਪਦ ਧਮਾਰ ਅਤੇ ਖਿਆਲ ਗਾਇਕੀ ਵਿਚ ਯੋਗ ਅਭਿਆਸ ਕਰਾਉਣ ਬਾਦ ਬਲਜੀਤ ਨੂੰ ਤੰਤੀ ਸਾਜ਼ ਦਿਲਰੁਬਾ ਅਤੇ ਤਾਰ ਸ਼ਹਿਨਾਈ ਵਲ ਲਾਇਆ ਗਿਆ । ਸਾਜ਼ ਵਾਦਨ ਨੂੰ ਬਹੁਤ ਜਲਦੀ ਇਸ ਬਾਲ ਕਲਾਕਾਰ ਨੇ ਅਪਨਾ ਲਿਆ ।

ਸ: ਪਿਆਰਾ ਦੀ ਯੋਗ ਤੇ ਪ੍ਰੇਰਨਾਮਈ ਅਗਵਾਈ ਅਤੇ ਦਿਲੀ ਵਿਚ ਰਹਿ ਕੇ ਬਲਜੀਤ ਦੇ ਅਭਿਆਸ ਨੇ ਕ੍ਰਿਸ਼ਮੇ ਦਿਖਾਉਣੇ ਸ਼ੁਰੂ ਕਰ ਦਿਤੇ । ਉਸ ਦੇ ਸੰਗੀਤ ਵਿਚੋਂ ਰਸ ਅਤੇ ਸੋਜ ਹੋਰ ਵੀ ਪ੍ਰਗਟ ਹੋਣ ਲਗਾ । ਦਿਲਰੁਬਾ ਵਿਚੋਂ ਰਾਗਦਾਰੀ ਠੁਮਰੀਆਂ ਰੀਤਾਂ ਦੇ ਜਿਵੇਂ ਫੁਹਾਰੇ ਫੁੱਟ ਪਏ ਹੋਣ । ਸ: ਪਿਆਰਾ ਸਿੰਘ ਸ਼ਾਗਿਰਦ ਨੂੰ ਸਾਹਮਣੇ ਬੈਠਾ ਕੇ ਅਮਲੀ ਅਭਿਆਸ ਕਰਾਉਂਦੇ ਹਨ । ਬਲਜੀਤ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਿਆਰਾ ਬੱਚਾ ਅਤੇ ਕੀਰਤਨ ਵਿਚ ਪਰਮੁਖ ਸਹਾਇਕ ਵੀ ਹੈ । ਬਲਜੀਤ ਸਿੰਘ, ਥਾਈਲੈਂਡ, ਕੀਨੀਆ, ਤਨਜ਼ਾਨੀਆ ਅਤੇ ਇੰਗਲੈਂਡ ਵਿਚ ਬਹੁਤ ਸਫਲ ਪ੍ਰੋਗਰਾਮ ਦੇ ਚੁੱਕਾ ਹੈ ।

ਬਲਜੀਤ ਸਿੰਘ ਵਲੋਂ ਸਾਰੇ ਭਾਰਤ ਦਾ ਸੰਗੀਤ ਮੁਕਾਬਲਾ ਜਿਤਣ ਉਤੇ ਸ੍ਰੀ ਭੈਣੀ ਸਾਹਿਬ ਵਿਖੇ ਉਸਤਾਦ ਪਿਆਰਾ ਸਿੰਘ ਅਤੇ ਉਸਤਾਦ ਮਹਿੰਦਰ ਸਿੰਘ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।

ਸੰਸਕ੍ਰਿਤ ਕਾਵਿ 'ਚ ਇਕ ਕਥਨ ਹੈ ਕਿ ਕਸਤੂਰੀ ਦੀ ਸੁਗੰਧੀ ਦਸਣ ਲਈ ਸੁਗੰਧਾਂ ਚੁਕਣ ਦੀ ਲੋੜ ਨਹੀਂ । ਉਹ ਆਪ ਹੀ ਆਪਣੀ ਖੁਸ਼ਬੋ ਦੀ ਵੱਡੀ ਗਵਾਹੀ ਹੁੰਦੀ ਹੈ ।

ਬਲਜੀਤ ਸਿੰਘ ਦੀ ਕਲਾ ਦੀ ਸੁਗੰਧੀ ਬਹੁਤ ਫੈਲੇਗੀ ਜੇ ਉਹ ਨਿਸ਼ਠਾ ਨਾਲ ਮਰਿਆਦਾ ਅੰਦਰ ਸੰਗੀਤ ਅਭਿਆਸ ਨੂੰ ਗੁਰੂ ਚਰਨਾਂ ਵਿਚ ਅਰਪਨ ਕਰਦਾ ਰਿਹਾ ।

★



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE





Sri Satguru Jagjit Singh Ji Elibrary NamdhariElibrary@gmail.com

ਸਾਹਿਤ ਸਰਗਰਮੀਆਂ

# ਕਾਨਫਰੰਸਾਂ ਗੋਸ਼ਟੀਆਂ

—ਅਨੁਭਵੀ

ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਪੰਜਾਬੀ ਭਾਸ਼ਾ ਕਨਵੈਨਸ਼ਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੰਡੀਗੜ੍ਹ ਵਿਚ ਹੋਈ ਦਸਵੀਂ ਸਰਬ ਹਿੰਦ ਕਾਨਫਰੰਸ ਨਵੰਬਰ ਮਹੀਨੇ ਦੇ ਅਹਿਮ ਸਮਾਗਮ ਹਨ ਅਤੇ ਇਹਨਾਂ ਦੀ ਇਹ ਅਹਿਮੀਅਤ ਇਸ ਕਰਕੇ ਵੀ ਹੈ ਕਿ ਇਨਾਂ ਸਮਾਗਮਾਂ ਦਾ ਘੇਰਾ ਵਿਸ਼ਾਲ ਸੀ ਅਤੇ ਇਸ ਕਰਕੇ ਵੀ ਕਿ ਪੰਜਾਬ ਭਰ ਦੇ ਸਾਹਿਤਕਾਰਾਂ ਨੇ ਇਹਨਾਂ ਸਮਾਗਮਾਂ ਵਿਚ ਆਪਣੀ ਹਾਜ਼ਰੀ ਲੁਆਈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਮਾਗਮ ਵਿਚ ਤਾਂ ਕੁਝ ਲੇਖਕ ਪੰਜਾਬ ਤੋਂ ਬਾਹਰੋਂ ਵੀ ਆਏ। ਵਿਸ਼ੇਸ਼ ਤੌਰ ਉਤੇ ਬਲਵੰਤ ਗਾਰਗੀ ਅਤੇ ਖਾਲਿਦ ਹੁਸੈਨ-ਜਿਨਾਂ ਨੂੰ ਉਹਨਾਂ ਵਲੋਂ ਪੰਜਾਬ ਤੋਂ ਬਾਹਰ ਕੀਤੀ ਗਈ ਪੰਜਾਬੀ ਸਾਹਿਤ ਸਿਰਜਣ ਸੇਵਾ ਕਰਕੇ ਸਨਮਾਨਤ ਕੀਤਾ ਗਿਆ। ਬੰਬਈ ਤੋਂ ਸੁਖਬੀਰ ਨੂੰ ਵੀ ਇਸੇ ਪਰੋਗਰਾਮ ਅਧੀਨ ਸਨਮਾਨਤ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਉਹ ਇਹ ਸਨਮਾਨ ਪ੍ਰਾਪਤ ਕਰਨ ਦੀ ਖੁਸ਼ੀ ਪ੍ਰਾਪਤ ਨਹੀਂ ਕਰ ਸਕਿਆ।ਸ਼ਾਇਦ ਉਹ ਆਪਣੀ ਆਦਤ ਅਨੁਸਾਰ ਸਨਮਾਨਾਂ ਤੋਂ ਦੂਰ ਰਹਿਣ ਦੀ ਜ਼ਿਦ ਤੇ ਸੁਚੇਤ ਤੌਰ ਉਤੇ ਫੇਰ ਪੁਗ ਗਿਆ ਹੋਵੇਗਾ। ਗੁਰਬਚਨ ਭੁੱਲਰ ਅਜੇਹਾ ਲੇਖਕ ਸੀ ਜਿਹੜਾ ਕਿਸੇ ਸਨਮਾਨ ਤੇ ਲਾਲਚ ਤੋਂ ਬਿਨਾਂ ਦਿਲੀ ਤੋਂ ਚੰਡੀਗੜ੍ਹ ਪਹੁੰਚਿਆ ਸੀ—ਅਜੇਹੇ ਤੱਥ ਨੂੰ ਵੇਖਦਿਆਂ ਹੋਇਆਂ ਇਸ ਕਾਨਫਰੰਸ ਦੀ ਮਹੱਤਤਾ ਵਡੀ ਜਾਪਦੀ ਹੈ। ਉਦੋਂ ਤਾਂ ਇਹ ਮਹਤਤਾ ਹੋਰ ਵੀ ਵਡੇਰੀ ਹੋ ਜਾਂਦੀ ਹੈ ਜਦੋਂ ਪੰਜਾਬ ਯੂਨੀਵਰਸਟੀ ਦੇ ਇੰਗਲਿਸ਼ ਆਡੀਟੋਰੀਅਮ, ਜਿਥੇ ਕਾਨਫਰੰਸ ਦੀਆਂ ਗੋਸ਼ਟੀਆਂ ਹੋ ਰਹੀਆਂ ਸਨ, ਦੇ ਸਾਹਮਣੇ ਵਾਲੇ ਲਾਨ ਵਿਚ ਲੇਖਕਾਂ ਦੀਆਂ ਮਹਿਫਲਾਂ ਜੁੜੀਆਂ ਦਿਸਦੀਆਂ ਸਨ, ਅਤੇ ਜਦੋਂ ਸਟੂਡੈਂਟਸ ਸੈਂਟਰ ਅਤੇ ਚਾਹ ਦੀਆਂ ਕੰਟੀਨਾਂ ਦੀਆਂ ਮੇਜ਼ਾਂ ਉਤੇ ਸਾਹਿਤ-ਚੁਟਕਲੇ ਤੈਰਦੇ ਦਿਸਦੇ ਸਨ... ਜਦੋਂ ਚੁਗਲ ਦਰਬਾਰਾਂ ਵਿਚੋਂ ਠਹਾਕੇ ਉਡਦੇ ਸਨ ਅਤੇ ਯੂਨੀਵਰਸਟੀ ਦੀ ਫਿਜ਼ਾ ਨੂੰ ਰੰਗੀਨ ਕਰ ਰਹੇ ਸਨ...ਜਦੋਂ ਲਾਅ ਆਡੀਟੋਰੀਅਮ ਵਿਚ ਹੁੰਦੇ ਕਵੀ ਦਰਬਾਰ ਨੂੰ ਗਾਂਧੀ ਸਟੇਡੀਅਮ ਦੇ ਖਬੇ ਹਥਲੇ ਪਲਾਟ ਵਿਚਲੀ ਪਾਣੀ ਦੀ ਟੂਟੀ ਕੋਲੋਂ ਦਾਦ ਮਿਲਦੀ ਸੀ ਅਤੇ ਜਦੋਂ ਫੈਕਲਟੀ ਹਾਊਸ ਦੇ ਕਮਰਿਆਂ ਵਿਚੋਂ ਰਾਤਾਂ ਜਾਗਦੀਆਂ ਦਿਸਦੀਆਂ ਸਨ। ਜਾਗਦੀਆਂ ਰਾਤਾਂ ਕਾਨਫਰੰਸ ਦੇ ਉਦਘਾਟਨ ਸਮੇਂ ਕੀਤੇ ਗਏ ਡਾਕਟਰ ਨਾਮਵਰ ਸਿੰਘ ਦੇ ਭਾਸ਼ਣ ਦੀ ਬਾਤ ਪਾਉਂਦੀਆਂ ਸਨ। ਜਾਗਦੀਆਂ ਰਾਤਾਂ ਦਿਨ ਭਰ ਦੀਆਂ ਗੋਸ਼ਟੀਆਂ ਵਿਚ ਹੋਈ ਫੁਸਫੁਸੀ ਬਹਿਸ ਵਿਚ ਜਾਨ ਫੂਕਦੀਆਂ ਸਨ। ਜਾਗਦੀਆਂ ਰਾਤਾਂ ਆਤਮਜੀਤ ਅਤੇ ਅਜਮੇਰ ਔਲਖ ਦੇ ਨਾਟਕਾਂ ਦੇ ਪਾਤਰਾਂ ਨੂੰ ਅਮਰ ਕਰ ਰਹੀਆਂ ਸਨ......ਇਹ ਰਾਤਾਂ ਸਿਰਫ ਦੋ ਸਨ—ਤੀਜੀ ਰਾਤ ਘਰਾਂ ਨੂੰ ਮੁੜਨ ਦੀ ਰਾਤ ਸੀ ਇਹ ਅੱਧ-ਪਚੱਧਾ ਜਾਗਦੀ ਰਹੀ—ਸੁੱਤ-ਉਨੀਦੀ ਜਿਹੀ—ਖੰਡਤ ਜਿਹੀ। ਕਾਨਫਰੰਸ ੨੫ ਨਵੰਬਰ ਦੇ ਲੌਢੇ ਵੇਲੇ ਸ਼ੁਰੂ ਹੋਈ ਸੀ। ਡਾਕਟਰ ਅਤਰ ਸਿੰਘ ਅਤੇ ਡਾਕਟਰ ਨਾਮਵਰ ਸਿੰਘ ਦੇ ਭਾਸ਼ਣਾਂ ਨਾਲ ਅਤੇ ਬਲਵੰਤ ਗਾਰਗੀ ਤੇ ਖਾਲਿਦ ਹੁਸੈਨ ਦੇ ਸਨਮਾਨ-ਵਸੂਲਣ ਨਾਲ। ਬਲਵੰਤ ਗਾਰਗੀ ਨੇ ਇਸ ਇਨਾਮ ਦਾ ਨਕਦੀ ਵਾਲਾ ਹਿੱਸਾ ਸਭਾ ਨੂੰ ਮੋੜਨ ਦੀ ਪੇਸ਼ਕਸ਼ ਕੀਤੀ ਤਾਂ ਸਭਾ ਦੇ ਜਨਰਲ ਸਕੱਤਰ ਤੇਰਾ ਸਿੰਘ ਚੰਨ ਹੋਰੀਂ ਪ੍ਰਵਾਨ ਕਰ ਲਈ ਪਰ ਜਗਜੀਤ ਸਿੰਘ ਆਨੰਦ ਅਤੇ ਸੰਤ ਸਿੰਘ ਸੇਖੋਂ ਨੇ ਇਸ ਨੂੰ ਵੀਟੋ ਕਰ ਦਿਤਾ—ਸੇਖੋਂ ਸਾਹਿਬ ਆਪਣੀ ਪਰਧਾਨਗੀ ਦੀ ਲਾਜ ਰਖਦੇ ਹੋਏ ਭੱਜ ਕੇ ਗਏ ਅਤੇ ਪੈਸੇ ਗਾਰਗੀ ਨੂੰ ਮਲੋਮਲੀ ਫੜਾ ਦਿਤੇ। ਗਾਰਗੀ ਦੇ ਅਪਣਤ ਭਰੇ ਸ਼ਬਦ ਸਨ 'ਚਲੋ ਕਿਤੇ ਇਨਾਂ (ਸੇਖੋਂ) ਦੀ ਸੇਵਾ ਕਰ ਦਿਆਂਗੇ।'—ਖਾਲਿਦ ਹੁਸੈਨ—'ਮਾਂ ਬੋਲੀ ਦੀ ਸੇਵਾ ਬਦਲੇ ਮਿਲੇ ਇਨਾਂ ਪੈਸਿਆਂ ਨੂੰ ਜੇਬ ਦਾ ਸ਼ਿੰਗਾਰ ਬਣਾਉਣਾਉਣਾ ਚਾਹੁੰਦਾ ਸੀ। ਉਸਨੂੰ ਇਸ ਉਤੇ ਮਾਣ ਸੀ ਫਖਰ ਸੀ......। ਉਦਘਾਟਨੀ ਅਤੇ ਸਨਮਾਨ ਸਮਾਰੋਹ ਦੇ ਸਿਰ ਚੜ੍ਹੀ ਆ ਰਹੀ ਰਾਤ ਕਵੀ ਦਰਬਾਰ ਦੀ ਸੀ ਜਿਸ ਵਿਚ ਪੰਜਾਬੀ ਦੇ ਉਘੇ ਤੋਂ ਉਘੇ ਕਵੀ ਪ੍ਰਭਜੋਤ ਕੌਰ ਦੀ ਪ੍ਰਧਾਨਗੀ ਹੇਠ ਕਵਿਤਾ ਪੜ੍ਹਨ ਲਈ ਪਹੁੰਚੇ ਹੋਏ ਸਨ।



Sri Satguru Jagjit Singh Ji Elibrary NamdhariElibrary@gmail.com

ਸੁਆਗਤੀ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਹਲਵਾਰਵੀ ਦੀ ਸਕੱਤਰੀ ਅਧੀਨ ਢਲਿਆ ਇਹ ਕਵੀ ਦਰਬਾਰ ਸਰੋ-ਤਿਆਂ ਦੇ ਉਮਾਹ ਤੋਂ ਊਣਾ ਸੀ। ਕਵੀ ਤੋਂ ਕਵੀ ਅਤੇ ਕਵਿਤਾ ਤੋਂ ਕਵਿਤਾ ਤਕ ਦੇ ਫਾਸਲੇ ਵਿਚ ਹਲਵਾਰਵੀ ਦੀ ਹੋਂਦ ਖਟਕਦੀ ਸੀ। ਸਵੇਰ ਦੀ ਚਰਚਾ ਦਸਦੀ ਸੀ ਕਿ ਜਿਵੇਂ ਰਾਤ ਦੇ ਕਵੀ ਦਰਬਾਰ ਵਿਚੋਂ ਇਕੋ ਕਵੀ ਪਹੁੰਚਿਆ ਹੋਵੇ ਅਤੇ ਉਸ ਕਵੀ ਦਾ ਨਾਂਅ ਸੀ ਸੁਰਜੀਤ ਰਾਮਪੁਰੀ।

ਗੋਸ਼ਟੀਆਂ ਦਾ ਸਾਰਾ ਪਰੋਗਰਾਮ ਡੇਢ ਦਿਨ ਦਾ ਸੀ ਅਤੇ ਇਸੇ ਡੇਢ ਦਿਨ ਵਿਚ ਮਤੇ ਪਾਸ ਕਰਾਉਣ ਦਾ ਕਾਰਜ ਵੀ ਸ਼ਾਮਲ ਸੀ। ੨੬ ਨਵੰਬਰ ਦੀ ਸਵੇਰ ਤੋਂ ਸ਼ੁਰੂ ਹੋਏ ਇਨਾਂ ਕਾਰਜਾਂ ਵਿਚ ਕਵਿਤਾ, ਕਹਾਣੀ, ਨਾਵਲ, ਨਾਟਕ ਅਤੇ ਸਾਹਿਤਕ ਪੱਤਰਕਾਰੀ ਉਤੇ ਚਰਚਾ ਹੋਈ। ਅਰੰਭਲੇ ਪਰਚੇ ਪ੍ਰਗਤੀਵਾਦੀ ਪੰਜਾਬੀ ਕਵਿਤਾ ਸਬੰਧੀ ਸਨ ਅਤੇ ਇਨਾਂ ਨੂੰ ਲਿਖਣ ਵਾਲੇ ਸਨ ਡਾਕਟਰ ਸਤਿੰਦਰ ਸਿੰਘ ਅਤੇ ਡਾਕਟਰ ਕੇਸਰ ਸਿੰਘ ਕੇਸਰ। ਡਾਕਟਰ ਸਤਿੰਦਰ ਸਿੰਘ ਪਰਚਾ ਪੜਨ ਲਈ ਨਹੀਂ ਪਹੁੰਚੇ ਸਨ ਇਸ ਕਰਕੇ ਉਨਾਂ ਦੀ ਗੈਰ ਹਾਜ਼ਰੀ ਵਿਚ ਇਹ ਪਰਚਾ ਸਟੇਜ ਸਕੱਤਰ ਤੇਜਵੰਤ ਮਾਨ ਨੇ ਪੜ੍ਹਿਆ। ਸਵਾਲ ਇਸ ਪਰਚੇ ਉਤੇ ਵੀ ਉਠਾਏ ਗਏ ਅਤੇ ਬਹਿਸਕਾਰਾਂ ਦੀ ਫਰਾਖ ਦਿਲੀ ਇਹ ਸੀ ਕਿ ਡਾਕਟਰ ਸਤਿੰਦਰ ਸਿੰਘ ਨੂੰ ਸਤਿੰਦਰ ਸਿੰਘ-ਨੂਰ ਆਖਦੇ ਰਹੇ। ਡਾਕਟਰ ਕੇਸਰ ਸਿੰਘ ਦੇ ਪਰਚੇ ਉਤੇ ਭਖਵੀਂ ਬਹਿਸ ਹੋਈ ਪਰ ਸਮਾ ਇਸ ਨੂੰ ਹੋਰ ਭਖਣ ਦੀ ਇਜਾਜ਼ਤ ਨਾ ਦੇ ਸਕਿਆ। ਫੇਰ ਦਸ ਮਿੰਟ ਦੀ ਛੁਟੀ ਉਪਰੰਤ ਪੰਜਾਬੀ ਕਹਾਣੀ ਸਬੰਧੀ ਡਾਕਟਰ ਗੁਰਬਖਸ਼ ਸਿੰਘ ਫਰੈਂਕ ਅਤੇ ਡਾਕਟਰ ਜੋਗਿੰਦਰ ਸਿੰਘ ਕੈਰੋਂ ਨੇ ਪਰਚੇ ਪੜੇ ਫੇਰ ਖਾਣੇ ਦੀ ਛੁਟੀ ਉਪਰੰਤ ਨਾਵਲ ਅਤੇ ਯਥਾਰਥਵਾਦ ਸਬੰਧੀ ਰਘਬੀਰ ਸਿੰਘ ਸਿਰਜਣਾ ਨੇ ਪਰਚਾ ਪੜਿਆ। ਡਾਕਟਰ ਜੋਗਿੰਦਰ ਸਿੰਘ ਰਾਹੀ ਨੇ ਨਾ ਪਰਚਾ ਭੇਜਿਆ ਸੀ ਨਾ ਉਹ ਆਪ ਬਹੁੜੇ ਸਨ ਇਸ ਕਰਕੇ ਇਕੋ ਪਰਚੇ ਨਾਲ ਹੀ ਕੰਮ ਚਲਾਉਣਾ ਪਿਆ। ਅਗਲੇ ਪਰਚੇ ਨਾਟਕਾਂ ਸੰਬੰਧੀ ਸਨ, ਜਿਹੜੇ ਡਾਕਟਰ ਅਮਰਜੀਤ ਅਤੇ ਸ. ਨ. ਸੇਵਕ ਵਲੋਂ ਪੜ੍ਹੇ ਗਏ। ਨਵਨਿੰਦਰਾ ਦਾ ਪਰਚਾ ਉਂਝ ਛਾਪ ਕੇ ਵੰਡਿਆ ਗਿਆ ਸੀ ਪਰ ਉਹ ਆਪ ਨਹੀਂ ਆਏ ਸਨ। ਇਹਨਾਂ ਪਰਚਿਆਂ ਉਤੇ ਬਹਿਸ ਅਗਲੇ ਦਿਨ ਸਵੇਰ ਉਤੇ ਪਾ ਦਿਤੀ ਗਈ ਅਤੇ ਲੇਖਕ ਰੋਟੀਆਂ ਖਾ ਕੇ ਨਾਟਕ ਦੇਖਣ ਦੀਆਂ ਤਿਆਰੀਆਂ ਖਿਚਣ ਲੱਗੇ। ਵੱਖ ਵੱਖ ਸ਼ਿਫਟਾਂ ਵਿਚ ਰੋਟੀਆਂ ਤੱਕ ਪਹੁੰਚ ਕੇ ਲਾਅ ਆਡੀਟੋਰੀਅਮ ਵਿਚ ਪਹੁੰਚੇ ਸਾਹਿਤਕਾਰ ਅਤੇ ਯੂਨੀਵਰਸਟੀ ਦੇ ਵਿਦਿਆਰਥੀ ਅਜੇ ਕੁਰਸੀਆਂ ਉਤੇ ਸਜੇ ਹੀ ਸਨ ਕਿ ਆਤਮਜੀਤ ਨੇ ਭਰੇ ਪੀਤੇ ਅੰਦਾਜ਼ ਵਿਚ ਐਲਾਨ ਫੁਰਮਾ ਦਿਤਾ ਕਿ ਉਹ ਨਾਟਕ ਨਹੀਂ ਖੇਡੇਗਾ। ਉਸਨੂੰ ਇਤਰਾਜ਼ ਸੀ ਕਿ ਅੰਮ੍ਰਿਤਸਰ ਤੋਂ ਵੀਹ ਕਲਾਕਾਰਾਂ ਸਮੇਤ ਨਾਟਕ ਖੇਡਣ ਤੋਂ ੩੬ ਘੰਟੇ ਪਹਿਲਾਂ ਯੂਨੀਵਰਸਟੀ ਵਿਚ ਪਹੁੰਚਣ ਉਤੇ ਵੀ ਪ੍ਰਬੰਧਕਾਂ ਨੇ ਨਾਟਕ ਖੇਡਣ ਲਈ ਲੋੜੀਂਦੀਆਂ ਦੋ ਲਾਈਟਾਂ ਦਾ ਬੰਦੋਬਸਤ ਵੀ ਨਹੀਂ ਕੀਤਾ ਸੀ ਅਤੇ ਹੁਣ ਸਵੇਰੇ ਤੋਂ ਹੀ ਵਾਰ ਵਾਰ ਕੀਤੀ ਜਾਂਦੀ ਮੰਗ ਦੇ ਬਾਵਜੂਦ ਉਸਨੂੰ ਦਸ ਮੀਟਰ ਬਿਜਲੀ ਦੀ ਤਾਰ ਮੁਹੱਈਆ ਨਹੀਂ ਸੀ ਕੀਤੀ ਗਈ। ਉਸਨੇ ਕਿਹਾ ਇਸ ਸੂਰਤ ਵਿਚ ਉਹ ਨਾਟਕ ਨਹੀਂ ਖੇਡ ਸਕੇਗਾ।

ਆਡੀਟੋਰੀਅਮ ਵਿਚ ਸੁੰਨ ਛਾ ਗਈ। ਤੇਰਾ ਸਿੰਘ ਚੰਨ ਸਟੇਜ ਉਤੇ ਸੁੰਨ ਹੋਏ ਖੜੇ ਸਨ। 'ਆਤਮਜੀਤ ਨੂੰ ਮਨਾਓ' ਸਭ ਪਾਸੇ ਘੁਸਰ ਮੁਸਰ ਸੀ। ਕੁਝ ਦੋਸਤਾਂ ਨੇ ਹਿੰਮਤ ਕੀਤੀ, ਤਾਰ ਦਾ ਪ੍ਰਬੰਧ ਕੀਤਾ। ਘਟ ਲਾਈਟਾਂ ਨਾਲ ਹੀ ਸਾਰਨ ਦਾ ਵਾਸਤਾ ਪਾਇਆ...। ਕੁਝ ਸ਼ਾਂਤੀ ਹੋਈ ਤਾਂ ਸਟੇਜ ਉਤੇ ਜਗਜੀਤ ਜ਼ੀਰਵੀ ਬੁਲੇ ਸ਼ਾਹ ਦੀ ਕਾਫ਼ੀ ਗਾ ਰਿਹਾ ਸੀ। ਫੇਰ ਉਸਨੇ ਸ਼ਿਵ ਕੁਮਾਰ ਛੇੜ ਲਿਆ ਅਤੇ ਫੇਰ ਮਿਰਜ਼ਾ। ਉਸ ਦੇ ਗੀਤਾਂ ਲਈ ਵੀ ਕਿਸੇ ਤਬਲਾ-ਢੋਲਕ ਵਜਾ-ਉਣ ਵਾਲੇ ਦਾ ਕੋਈ ਪ੍ਰਬੰਧ ਨਹੀਂ ਸੀ ਕੀਤਾ ਗਿਆ। ਇਹ ਗੱਲ ਉਸਨੇ ਵੀ ਸਟੇਜ 'ਤੇ ਚਿਤਾਰ ਦਿਤੀ। ਬਸ ਜਗਜੀਤ ਅਤੇ ਵਾਜਾ...ਜਦੋਂ ਮਿਰਜ਼ੇ ਦੀ ਹੇਕ ਗੂੰਜੀ ਤਾਂ ਵਾਜਾ ਕਿਤੇ ਪਿਛੇ ਹੀ ਰਹਿ ਗਿਆ...। ਆਤਮਜੀਤ ਨੇ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਅਤੇ ਅਜਮੇਰ ਔਲਖ ਨੇ 'ਅੰਨ੍ਹੇ ਨਿਸ਼ਾਨਚੀ' ਨਾਟਕ ਖੇਡੇ। ਸਮਕਾਲੀ ਸਥਿਤੀ ਦੀ ਸੰਭਵ ਭਿਆਨਕਤਾ ਤੋਂ ਦਰਸ਼ਕਾਂ ਨੂੰ ਸੁਚੇਤ ਕਰਦੇ ਪ੍ਰਤੀਕਾਤਮਿਕ ਜਜ਼ਬਾਤੀ ਨਾਟਕ।

ਨਾਟਕਾਂ ਸੰਬੰਧੀ ਇਕ ਦਿਨ ਪਹਿਲਾਂ ਪੜ੍ਹੇ ਗਏ ਪਰਚਿਆਂ ਉਤੇ ਬਹਿਸ ਨਾਲ ੨੭ ਨਵੰਬਰ ਦੀ ਸਵੇਰੇ ਦਾ ਸਮਾਗਮ ਸ਼ੁਰੂ ਹੋਇਆ ਅਤੇ ਸਮੇਂ ਦੀ ਸਰਵ ਵਿਆਪਕ ਘਾਟ ਨੇ ਇਸ ਨੂੰ ਤੁਰੰਤ ਹੀ ਸਾਹਿਤਕ ਪੱਤਰਕਾਰੀ ਉਤੇ ਚਰਚਾ ਤੱਕ ਲੈ ਆਂਦਾ। ਇਸ ਗੋਸ਼ਟੀ ਦੀ ਪ੍ਰਧਾਨਗੀ ਕੀਤੀ 'ਨਵਾਂ ਜ਼ਮਾਨਾ' ਦੇ ਮੁਖ ਸੰਪਾਦਕ ਜਗਜੀਤ ਸਿੰਘ ਆਨੰਦ ਨੇ, ਪਰਚੇ ਪੜ੍ਹੇ ਡਾਕਟਰ ਸ.ਪ. ਸਿੰਘ ਅਤੇ ਸਬਿੰਦਰਜੀਤ ਸਾਗਰ ਨੇ ਅਤੇ ਬਹਿਸ ਦਾ ਅਰੰਭ ਕੀਤਾ 'ਨਵਾਂ ਜ਼ਮਾਨਾ' ਦੇ ਐਡੀਟਰ ਇੰਚਾਰਜ ਸੁਰਜਨ ਸਿੰਘ ਜ਼ੀਰਵੀ ਨੇ। ਪੱਤਰਕਾਰੀ



Sri Satguru Jagjit Singh Ji Elibrary NamdhariElibrary@gmail.com

ਬਾਰੇ ਪੜ੍ਹੇ ਗਏ ਪਰਚੇ ਭਾਵੇਂ ਇਨ੍ਹਾਂ ਸਾਰੀਆਂ ਗੋਸ਼ਟੀਆਂ ਵਿਚ ਹੀ ਪੜ੍ਹੇ ਗਏ ਪਰਚਿਆਂ ਵਾਂਗ 'ਆਮ ਪੱਧਰ' ਤਕ ਪਹੁੰਚ ਕੇ ਹੀ ਲਿਖੇ ਗਏ ਸਨ ਪਰ ਇਸ ਗੋਸ਼ਟੀ ਵੇਲੇ ਬਹਿਸ ਵਿਚ ਕੁਝ ਸਾਰਥਕ ਨੁਕਤੇ ਉਠੇ। ਦੋਹਾਂ ਹੀ ਪਰਚਾ ਲੇਖਕਾਂ ਨੇ ਸਾਹਿਤਕ-ਪੱਤਰਕਾਰੀ ਦੀ ਪਰਿਭਾਸ਼ਾ ਨੂੰ ਰਚਨਾਵਾਂ ਦੀ ਸੰਪਾਦਨਾ ਤਕ ਸੀਮਤ ਰਖਿਆ ਸੀ ਅਤੇ ਉਹ ਵੀ ਮਾਸਿਕ ਪੱਤਰਾਂ ਤੋਂ ਉਪਰ ਨੂੰ ਸ਼ੁਰੂ ਕਰਕੇ । ਰੋਜ਼ਾਨਾ ਅਖਬਾਰਾਂ ਦੇ ਸਪਤਾਹਿਕ ਅੰਕਾਂ ਨੂੰ ਤਾਂ ਇਸ ਘੇਰੇ ਵਿਚੋਂ ਹੀ ਬਾਹਰ ਕੱਢ ਦਿਤਾ ਗਿਆ ਸੀ। ਇਹ ਨੁਕਤਾ ਜ਼ੀਰਵੀ ਹੋਰਾਂ ਨੇ ਉਠਾਇਆ। ਬਹਿਸ ਦਾ ਦੂਜਾ ਨੁਕਤਾ ਸੀ ਸਮਾਗਮਾਂ ਦੀਆਂ ਰੀਪੋਰਟਾਂ ਅਤੇ ਰਚਨਾਵਾਂ ਉਤੇ ਟਿੱਪਣੀਆਂ ਸਾਹਿਤਕ ਪੱਤਰਕਾਰੀ ਦਾ ਅੰਗ ਹਨ ਕਿ ਨਹੀਂ। ਇਸ ਨੁਕਤੇ ਨੂੰ ਉਠਾਇਆ ਗੁਰਬਚਨ ਅਤੇ ਦੇਵਿੰਦਰ ਜੋਹਲ ਨੇ।...ਸ੍ਰੀ ਆਨੰਦ ਦਾ ਪ੍ਰਧਾਨਗੀ ਭਾਸ਼ਣ ਮੁਕਦਿਆਂ ਹੀ ਮਤੇ ਪਾਸ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਹ ਸਿਲਸਿਲਾ ਰਵਾਇਤੀ ਨਾ ਹੋ ਕੇ ਇਤਿਹਾਸਕ ਬਣ ਗਿਆ। ਇਹ ਇਤਿਹਾਸਕਤਾ ਇਸਦੇ ਇਸ ਤੱਥ ਵਿਚ ਹੈ ਕਿ ਜਨਰਲ ਸਕੱਤਰ ਵਲੋਂ ਰਖੇ ਗਏ ਮਤੇ 'ਪਾਸ-ਪਾਸ' ਦੇ ਸ਼ੋਰ ਵਿਚ ਹੀ ਪਾਸ ਨਾ ਹੋ ਸਕੇ। ਪਹਿਲੇ ਹੀ ਮਤੇ ਵਿਚ 'ਪੰਜਾਬ ਦੀਆਂ ਅਖਬਾਰਾਂ, ਖਾਸ ਕਰਕੇ ਪੰਜਾਬੀ ਹਿੰਦੀ ਅਤੇ ਉਰਦੂ ਦੀਆਂ'' ਨੂੰ ਅਪੀਲ ਕੀਤੀ ਗਈ ਸੀ ਕਿ ਉਹ ਭੜਕਾਊ ਖਬਰਾਂ ਅਤੇ ਲੇਖ ਨਾ ਛਾਪਣ। ਪਰ ਹਰਨਾਮ ਸਿੰਘ ਸ਼ਾਨ ਨੇ ਇਹ ਨੁਕਤਾ ਉਠਾ ਦਿਤਾ ਕਿ ਇਹ ਅਪੀਲ ਅੰਗਰੇਜ਼ੀ ਦੀਆਂ ਅਖਬਾਰਾਂ ਨੂੰ ਕਿਉਂ ਨਹੀਂ ਕੀਤੀ ਗਈ...ਇਸ ਮਤੇ ਨੂੰ ਸੋਧਣਾ ਪਿਆ। ਦੂਸਰਾ ਮਤਾ ਸੀ—'ਪੰਜਾਬ ਵਿਚ ਹੋ ਰਹੇ ਬੇਗੁਨਾਹ ਲੋਕਾਂ ਦੇ ਕਤਲਾਂ ਦੀ ਨਿੰਦਾ ਕਰਨ ਦਾ। ਸ਼ਮਸ਼ੇਰ ਸਿੰਘ ਜੋਸ਼ ਨੇ ਕੁਝ ਹੋਰ ਸੰਪਾਦਕਾਂ/ਲੇਖਕਾਂ ਨੂੰ ਇਤਰਾਜ਼ ਸੀ ਕਿ ਪੁਲਸ ਮੁਕਾਬਲਿਆਂ ਵਿਚ ਮਾਰੇ ਜਾਣ ਵਾਲੇ ਬੇਗੁਨਾਹ ਦੇ ਕਤਲਾਂ ਦੀ ਵੀ ਨਿੰਦਾ ਕੀਤੀ ਜਾਵੇ । ਇਹ ਨੁਕਤਾ ਏਨਾ ਭਖ ਗਿਆ ਕਿ ਕਿ 'ਵੋਟਾਂ ਪੁਆ ਲਓ—ਵੋਟਾਂ ਪੁਆ ਲਓ' ਦਾ ਰੌਲਾ ਪੈ ਗਿਆ। ਉਸ ਤੋਂ ਅਗਲੇ ਮਤੇ ਜਿੰਨਾਂ ਵਿਚ ਪੰਜਾਬੀ ਨੂੰ ਸਭ ਪੱਧਰ ਉਤੇ ਲਾਗੂ ਕਰਨ ਦੀ ਮੰਗ ਫੇਰ ਕੀਤੀ ਗਈ ਸੀ, ਕਾਹਲੀ ਕਾਹਲੀ ਦੇ ਰਵਾਇਤੀ ਢੰਗ ਨਾਲ ਹੀ ਪਾਸ ਹੋ ਗਏ। ਅੰਤਮ ਡੰਗ ਦੀ ਰੋਟੀ ਖਾ ਕੇ ਸਾਹਿਤਕਾਰ ਆਪਣੇ ਆਲ੍ਹਣਿਆਂ ਨੂੰ ਉਡਾਰੀਆਂ ਮਾਰ ਰਹੇ ਸਨ। ਪ੍ਰੋਗਰਾਮ ਦੀ ਤਾਲਿਕਾ ਵਿਚ ਰਾਤ ਨੂੰ ਸੱਭਿਆਚਾਰਕ ਪ੍ਰੋਗਰਾਮ ਤਾਂ ਸ਼ਾਮਲ ਸੀ ਪਰ ਖਾਣੇ ਦਾ ਇੰਤਜ਼ਾਮ ਨਹੀਂ। ਫੇਰ ਭਲਾ ਲੇਖਕਾਂ ਨੇ ਕੀ ਅਟਕਣਾ ਹੋਇਆ। ਦੋ ਰਾਤਾਂ ਦੀ ਖਜਲ ਖੁਆਰੀ ਤਾਂ ਪਹਿਲਾਂ ਹੀ ਉਹਨਾਂ ਨੇ ਮਸਾਂ ਝੱਲੀ ਸੀ। ਕਿਸੇ ਨੇ ਪੰਚਾਇਤ ਭਵਨ ਦੇ ਰੜੇ ਪਟੱਕ ਕਮਰਿਆਂ ਵਿਚ ਫਰਸ਼ਾਂ ਦਾ ਸੀਤ ਮਾਣ ਕੇ। ਕਿਸੇ ਨੇ ਫੈਕਲਟੀ ਹਾਊਸ ਦੇ ਕਮਰਿਆਂ ਦਾ ਸਰਬ-ਸਾਂਝਾ ਨਿੱਘ ਕੱਟ ਕੇ ਅਤੇ ਕਿਸੇ ਨੇ ਆਪਣੇ ਭੁਲੇ ਵਿਸਰੇ ਚੰਡਗੜ੍ਹੀਏ ਯਾਰਾਂ ਦੇ ਕਮਰਿਆਂ ਦੀ ਰੌਣਕ ਵਧਾ ਕੇ ਅਤੇ ਕਿਸੇ ਨੇ ਦਾਰੂ ਦੀ ਬੋਤਲ ਨੂੰ ਹੀ ਰਜ਼ਾਈ ਸਮਝਕੇ...। ਲੇਖਕਾਂ ਦੇ ਮੇਲ ਜੋਲ ਅਤੇ ਸਮੀਖਿਆ ਦੇ ਪਰਚਾ-ਲੇਖਕ ਤਜਰਬਿਆਂ ਨੂੰ ਚਿਤਵੀਏ ਤਾਂ ਇਹ ਕਾਨਫਰੰਸ ਸਲਾਹੁਣਯੋਗ ਸੀ। ਕਈ ਮਹੀਨਿਆਂ ਦੇ ਵਿਛੜੇ ਲੇਖਕਾਂ ਨੇ ਇਕ ਵਾਰ ਫੇਰ ਇਕ ਦੂਜੇ ਦੀਆਂ ਹੱਥ-ਘੁਟਣੀਆਂ ਦਾ ਨਿੱਘ ਮਾਣਿਆ ਅਤੇ ਕਈ ਨਵੇਂ ਸਮੀਖਿਆ-ਕਾਰਾਂ ਅਤੇ ਬਹਿਸਕਾਰਾਂ ਨੇ ਆਪਣੀ ਚੋਭ-ਸ਼ਕਤੀ ਨੂੰ ਫੇਰ ਅਜ਼ਮਾਇਆ ਅਤੇ ਸਟੇਜ ਦੀ ਸਾਣ ਉਤੇ ਤਿਖਿਆਂ ਕੀਤਾ।

ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਪੰਜਾਬੀ ਭਾਸ਼ਾ ਕਨਵੈਨਸ਼ਨ ਕੇਂਦਰੀ ਲੇਖਕ ਸਭਾ ਦੇ ਸਮਾਗਮ ਤੋਂ ਪੰਦਰਾਂ ਕੁ ਦਿਨ ਪਹਿਲਾਂ ਹੋਈ ਸੀ। ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ: ਨਿਰੰਜਣ ਸਿੰਘ ਢੇਸੀ ਕਾਫ਼ੀ ਸਮੇਂ ਤੋਂ ਇਹ ਕਾਨਫਰੰਸ ਕਰਾਉਣ ਲਈ ਯਤਨਸ਼ੀਲ ਸਨ ਅਤੇ ਖੁਸ਼ਕਿਸਮਤੀ ਵਾਲੀ ਗੱਲ ਇਹ ਹੈ ਕਿ ਕਾਲਜ ਦੇ ਪ੍ਰਿੰਸੀਪਲ ਰਾਜਾ ਹਰਨਰਿੰਦਰ ਸਿੰਘ ਉਹਨਾਂ ਦੀ ਅਜੇਹੀ ਕਿਸੇ ਵੀ ਸਕੀਮ ਨੂੰ ਸਿਰੇ ਚੜ੍ਹਾਉਣ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਭਾਵੇਂ ਉਹ ਪ੍ਰਬੰਧਕੀ ਸਹਿਯੋਗ ਹੋਵੇ ਅਤੇ ਭਾਵੇਂ ਮਾਇਕ ਇਸ ਕਾਲਜ ਦੇ ਪੰਜਾਬੀ ਵਿਭਾਗ ਨੂੰ ਇਸਦੀ ਕਦੇ ਤੋਟ ਨਹੀਂ ਆਈ। ਕਾਨਫਰੰਸ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਇਥੇ ਪਰਚੇ ਸਿਰਫ਼ ਦੋ ਹੀ ਪੜ੍ਹੇ ਗਏ। ਡਾਕਟਰ ਜੋਗਿੰਦਰ ਸਿੰਘ ਪੁਆਰ ਦਾ ਸਵੇਰ ਦੇ ਸਮਾਗਮ ਵਿਚ ਅਤੇ ਡਾਕਟਰ ਰਵਿੰਦਰ ਸਿੰਘ ਰਵੀ ਦਾ ਸ਼ਾਮ ਦੇ ਸਮਾਗਮ ਵਿਚ। ਪ੍ਰਧਾਨਗੀ ਮੰਡਲਾਂ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਦੇ ਸਾਬਕ ਚੇਅਰਮੈਨ ਸ: ਭਰਪੂਰ ਸਿੰਘ, ਡਾਕਟਰ ਬਲਬੀਰ ਸਿੰਘ ਸੰਧੂ, ਪ੍ਰਿੰਸੀਪਲ ਸੁਜਾਨ ਸਿੰਘ, ਡਾ: ਰੋਸ਼ਨ ਲਾਲ ਅਹੂਜਾ ਅਤੇ ਪ੍ਰਿੰ: ਸੰਤ ਸਿੰਘ ਸੇਖੋਂ ਆਦਿ ਵਿਦਵਾਨ ਸ਼ਾਮਲ ਸਨ। ਅਸਲ ਵਿਚ ਕਾਨਫਰੰਸ ਦਾ ਇਕ ਮਤਾ ਸੀ ਕਿ ਬੀ. ਏ. ਪੱਧਰ ਤੱਕ ਸਭ ਕਾਲਜਾਂ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ ਅਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਵਾਲਾ ਪੈਟਰਨ ਸਾਰੀਆਂ ਯੂਨੀਵਰਸਟੀਆਂ ਵਿਚ ਲਾਗੂ ਕੀਤਾ ਜਾਵੇ। ਮਤੇ ਪੇਸ਼



Sri Satguru Jagjit Singh Ji Elibrary NamdhariElibrary@gmail.com

ਕਰਦਿਆਂ ਪ੍ਰੋ: ਢੇਸੀ ਨੇ ਯੂਨੀਵਰਸਟੀ ਅਧਿਕਾਰੀਆਂ ਉਤੇ ਦੋਸ਼ ਲਾਇਆ ਕਿ ਪੰਜਾਬੀ ਐਮ. ਏ. ਵਿਚ ਸਮਿਸਟਰ ਸਿਸਟਮ ਨੂੰ ਯੂਨੀਵਰਸਟੀ ਕੈਂਪਸ ਤੱਕ ਮਹਿਦੂਦ ਰੱਖ ਕੇ ਉਹ ਕਾਲਜਾਂ ਨਾਲ ਜਾਣ ਬੁਝ ਕੇ ਵਿਤਕਰਾ ਕਰ ਰਹੇ ਹਨ। ਉਹਨਾਂ ਕਿਹਾ ਗੁਰੂ ਨਾਨਕ ਦੇਵ ਯੂਨੀਵਰਸਟੀ ਵਿਚ ਇਹ ਵਿਤਕਰਾ ਇਸੇ ਕਰਕੇ ਹੋ ਰਿਹਾ ਹੈ ਕਿਉਂਕਿ ਹਰ ਸਾਲ ਐਮ. ਏ. ਪੰਜਾਬੀ ਵਿਚੋਂ ਪਹਿਲੀਆਂ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀ ਕਾਲਜਾਂ ਵਿਚੋਂ ਹੀ ਹੁੰਦੇ ਸਨ ਜਿਸ ਕਰਕੇ ਵਰਸਟੀ ਅਧਿਕਾਰੀਆਂ ਨੇ ਆਪਣੀ ਬੇਇਜ਼ਤੀ ਸਮਝਿਆ ਅਤੇ ਉਹਨਾਂ ਨੇ ਇਸ ਮੁਕਾਬਲੇ ਵਿਚੋਂ ਹੀ ਨਿਕਲਣ ਲਈ ਇਹ ਨਵਾਂ ਸਮਿਸਟਰ ਸਿਸਟਮ ਸ਼ੁਰੂ ਕਰ ਲਿਆ। ਹੁਣ ਜਦੋਂ ਕਾਲਜ ਵੀ ਇਸਨੂੰ ਕਰਨ ਦੀ ਮੰਗ ਕਰ ਰਹੇ ਹਨ ਤਾਂ ਇਸਨੂੰ ਬਿਨਾਂ ਕਿਸੇ ਕਾਰਨ ਦੇ ਠੁਕਰਾਇਆ ਜਾ ਰਿਹਾ ਹੈ। ਇਨ੍ਹਾਂ ਸਮਾਗਮਾਂ ਦੇ ਪਰਚਿਆਂ ਉਤੇ ਬਹਿਸ ਭਾਵੇਂ ਬਹੁਤੀ ਭਖਵੀਂ ਨਹੀਂ ਹੋਈ ਪਰ ਅੰਤ ਉਤੇ ਸੰਤ ਸਿੰਘ ਸੇਖੋਂ ਵਲੋਂ ਦਿਤਾ ਗਿਆ ਪ੍ਰਧਾਨਗੀ ਭਾਸ਼ਨ ਯਾਦਗਾਰੀ ਸੀ। ਉਹਨਾਂ ਦੇ ਟਿਸ ਭਾਸ਼ਨ ਨੇ ਸਰੋਤਿਆਂ ਨੂੰ ਅਜੀਬ ਸਥਿਤੀ ਵਿਚ ਸੁਟ ਦਿਤਾ। ਜਦੋਂ ਪੰਜਾਬ ਦੀ ਮੌਜੂਦਾ ਹਾਲਤ ਨੂੰ ਉਨਾਂ ਨੇ 'ਠੀਕ ਠੀਕ ਹੀ ਹੋ ਰਿਹਾ ਹੈ' ਕਹਿਕੇ ਇਹ ਸਿੱਧ ਕੀਤਾ ਕਿ ਜੋ ਕੁਝ ਅਸੀਂ ਕਈ ਸਾਲ ਪਹਿਲਾਂ ਤੋਂ ਸੋਚਦੇ ਸਾਂ ਉਹ ਮਸਾਂ ਤਾਂ ਹੋਣ ਵਾਲੇ ਪਾਸੇ ਜਾ ਰਿਹਾ ਹੈ। ਉਹ ਸਮਝਦੇ ਸਨ ਕਿ ਪੰਜਾਬੀ ਭਾਸ਼ਾ ਸਭ ਪੱਧਰਾਂ ਤੱਕ ਲਾਗੂ ਹੋਣ ਦਾ ਮਸਲਾ ਉਦੋਂ ਹੀ ਪੱਕੀ ਤਰਾਂ ਹੱਲ ਹੋਵੇਗਾ ਜਦੋਂ ਇਹ ਜੋ ਕੁਝ ਸ਼ੁਰੂ ਹੋ ਚੁਕਿਆ ਹੈ ਹੋਰ ਪੰਜਾਂ ਚੌਹ ਸਾਲਾਂ ਤੱਕ ਕਿਸੇ ਸਿਰੇ ਲਗ ਗਿਆ"। ਇਸ ਉਪਰੰਤ ਪ੍ਰਿੰਸੀਪਲ ਸੁਜਾਨ ਸਿੰਘ ਦਾ ਭਾਸ਼ਣ ਸੀ ਜਿਸਨੇ ਝਕਦਿਆਂ ਝਕਦਿਆਂ ਸੇਖੋਂ ਹੋਰਾਂ ਦੇ ਭਾਸ਼ਣ ਦੀ ਦਬਵੀਂ ਜਿਹੀ ਪਰ ਸਾਫ਼ ਸਾਫ਼ ਸ਼ਬਦਾਂ ਵਿਚ ਤਾਈਦ ਕੀਤੀ। ਝੱਟ ਪਿਛੋਂ ਹੀ ਹੋਇਆ ਡਾਕਟਰ ਰੋਸ਼ਨ ਲਾਲ ਅਹੂਜਾ ਦਾ ਭਾਸ਼ਣ ਵਿਚਾਰਾ ਜਿਹਾ ਬਣ ਕੇ ਰਹਿ ਗਿਆ ਸੀ। ਕਾਲਜ ਦੀਆਂ ਰਵਾਇਤਾਂ ਅਨੁਸਾਰ ਹੀ ਚਾਹ ਬਹਿਸ ਕਰਦਿਆਂ ਨੂੰ ਵਰਤ ਗਈ ਸੀ ਅਤੇ ਇਸ ਸਮਾਗਮ ਉਤੇ ਖਾਧੀ ਰੋਟੀ ਦਾ ਚੇਤਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪੰਦਰਾਂ ਦਿਨ ਬਾਅਦ ਚੰਡੀਗੜ 'ਚ ਹੋਏ ਸਮਾਗਮ ਦੀਆਂ ਰੋਟੀਆਂ ਅਤੇ ਵਰਤ-ਪ੍ਰਬੰਧ ਵਲ ਵੇਖ ਕੇ ਵਾਰ ਵਾਰ ਆਉਂਦਾ ਰਿਹਾ।

ਭਾਸ਼ਾ ਵਿਭਾਗ ਪੰਜਾਬ ਵਲੋਂ ਵੱਖ ਵੱਖ ਜ਼ਿਲ੍ਹਿਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਸੰਬੰਧੀ ਸ਼ੁਰੂ ਕੀਤੀਆਂ ਗਈਆਂ ਵਿਚਾਰ ਗੋਸ਼ਟੀਆਂ ਦੀ ਲੜੀ ਦਾ ਇਕ ਸਮਾਗਮ ਪਿਛਲੇ ਹਫਤੇ ਜਲੰਧਰ ਵਿਚ ਹੋਇਆ। ਗੌਰਮਿੰਟ ਟਰੇਨਿੰਗ ਕਾਲਜ ਵਿਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਰੋਜ਼ਾਨਾ 'ਅਜੀਤ' ਦੇ ਮੁੱਖ ਸੰਪਾਦਕ ਡਾਕਟਰ ਸਾਧੂ ਸਿੰਘ ਹਮਦਰਦ ਨੇ ਕੀਤੀ ਅਤੇ ਜਲੰਧਰ ਜ਼ਿਲ੍ਹੇ ਦੀ ਪੰਜਾਬੀ ਸਾਹਿਤ ਨੂੰ ਦੇਣ ਸੰਬੰਧੀ ਪੜ੍ਹੇ ਗਏ ਪਰਚੇ ਵਿਚ ਈਸ਼ਰ ਸਿੰਘ ਅਟਾਰੀ ਨੇ ਜਲੰਧਰ ਦੀ ਸਾਹਿਤ-ਸਭਿਆਚਾਰ ਅਤੇ ਸਮਾਜ ਨੂੰ ਦੇਣ ਉਤੇ ਭਰਪੂਰ ਚਾਨਣਾ ਪਾਇਆ। ਜਲੰਧਰ ਦੇ ਇਤਿਹਾਸਕ ਵਿਕਾਸ, ਇਸਦੇ ਫੈਲਾਓ ਅਤੇ ਸੁੰਗੇੜ ਸੰਬੰਧੀ ਵਿਆਪਕ ਜਾਣਕਾਰੀ ਦੇਂਦਾ ਇਹ ਪਰਚਾ ਇਕ ਦਸਤਾਵੇਜ਼ ਬਣ ਗਈ ਹੈ। ਕਿਤੇ ਕਿਤੇ ਤਥਾਤਮਿਕ ਉਕਾਈਆਂ ਕਰਨਾ ਅਤੇ ਕਿਤੇ ਕਿਤੇ ਦੋਸਤਾਂ ਮਿੱਤਰਾਂ ਦਾ ਜ਼ਿਕਰ ਕੁਝ ਉਲਾਰਤਾ ਨਾਲ ਕਰਨ ਦੇ ਦੋਸ਼ ਸ੍ਰੀ ਅਟਾਰੀ ਦੇ ਹਰ ਯਤਨ ਉਤੇ ਹਮੇਸ਼ਾ ਲਗੇ ਹਨ ਅਤੇ ਉਹਨਾਂ ਦੀ ਇਹ ਆਦਤ ਸਮੁੱਚੇ ਪੰਜਾਬੀ ਸੁਭਾਅ ਦੇ ਪ੍ਰਤੀਕੂਲ ਨਹੀਂ ਹੈ। ਜਲੰਧਰ ਦੁਆਬੇ ਦਾ ਮੱਝ ਹੈ ਅਤੇ ਇਸ ਵੇਲੇ ਸਮੁੱਚੇ ਪੰਜਾਬੀ ਸਾਹਿਤ ਜਗਤ ਦੀ 'ਰਾਜਧਾਨੀ'। ਰਾਜਧਾਨੀ ਹੋਣ ਦਾ ਵੱਡਾ ਕਾਰਨ ਭਾਵੇਂ ਰੇਡੀਓ ਅਤੇ ਟੈਲੀਵੀਜਨ ਦੀ ਹੋਂਦ ਸਦਕਾ...ਅਤੇ ਜਲੰਧਰ ਜ਼ਿਲ੍ਹਾ ਹੀ ਅਜੇਹਾ ਇਲਾਕਾ ਹੈ ਜਿਥੋਂ ਦੇ ਲੋਕਾਂ ਨੇ ਬਾਹਰਲੀ ਦੁਨੀਆ ਨਾਲ ਆਪਣਾ ਨਾਤਾ ਵਧੇਰੇ ਜੋੜਿਆ ਹੈ। ਮੁਢ ਕਦੀਮ ਤੋਂ ਚਲੇ ਆਉਂਦੇ ਇਨ੍ਹਾਂ ਕਾਰਨਾਂ ਕਰਕੇ ਦੁਆਬੇ ਦੇ ਇਸ ਹਿਸੇ ਵਿਚ ਰਹਿਣ ਵਾਲੇ ਲੋਕ ਅਗਾਂਹਵਧੂ ਲਹਿਰਾਂ ਅਤੇ ਇਨ੍ਹਾਂ ਦੇ ਸਾਹਿਤ ਉਤੇ ਪਏ ਪ੍ਰਭਾਵ ਨੂੰ ਕਬੂਲਣ ਜਾਂ ਰੱਦਣ ਵਿਚ ਹਮੇਸ਼ਾ ਪੇਸ਼ ਪੇਸ਼ ਰਹੇ ਹਨ। ਆਪਣੇ ਚੁਸਤ ਪਰ ਕੁਝ ਮੀਸਣੇ ਸੁਭਾਅ ਵਾਲੇ ਇਹ ਲੋਕ ਜੇਕਰ ਕਦੇ ਲਹਿਰਾਂ ਤੋਂ ਪਿਛੇ ਵੀ ਰਹੇ ਤਾਂ ਵੀ ਆਪਣੀ ਦਖਲਅੰਦਾਜ਼ੀ ਨੂੰ ਮੱਠੀ ਪੈਣ ਤੋਂ ਰੋਕਦੇ ਰਹੇ। ਅਟਾਰੀ ਸਾਹਿਬ ਲਈ ਇਨ੍ਹਾਂ ਲੋਕਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਸੰਬੰਧੀ ਫਿਰ ਸਭ ਕੁਝ ਲਿਖ ਦੇਣਾ ਤਾਂ ਸੌਖਾ ਹੀ ਸੀ ਪਰ ਇਸ ਪਰਚੇ ਉਤੇ ਇਨ੍ਹਾਂ ਹੀ ਲੋਕਾਂ ਵਲੋਂ ਕੀਤੇ ਜਾਣ ਵਾਲੀ ਬਹਿਸ ਦਾ ਸਾਹਮਣਾ ਕਰਨਾ ਵਾਕਿਆ ਹੀ ਔਖਾ ਕੰਮ ਸੀ। ਸੁਣੀਆਂ ਸੁਣਾਈਆਂ ਸੂਚਨਾਵਾਂ ਦੇ ਅਧਾਰ ਉਤੇ ਬਣੀ ਰਾਏ ਨੂੰ ਜਦੋਂ ਅਸੀਂ ਪਰਚੇ ਨਾਲ ਮੇਲ ਕੇ ਵੇਖਿਆ ਹੈ ਤਾਂ ਇਸ ਵਿਚ ਕੁਝ ਪਾੜਾ ਨਜ਼ਰ ਆਇਆ ਹੈ। ਪਰਚੇ ਦੀ ਵੱਡੀ ਤਥਾਤਮਿਕ ਉਕਾਈ, ਇਸ ਵਿਚ ਲੱਖਾ ਸਿੰਘ ਜੌਹਰ ਦਾ ਜ਼ਿਕਰ ਨਾ ਹੋਣਾ ਤਾਂ ਹੈ ਪਰ ਤੇਰਾ ਸਿੰਘ ਚੰਨ ਹੋਰਾਂ ਦੇ ਗੀਤ-ਨਾਟਾਂ ਦਾ ਜ਼ਿਕਰ ਅਮਨ ਲਹਿਰ ਦੇ ਉਥਾਨ ਅਤੇ ਇਸ ਵਿਚ ਪੰਜਾਬੀ ਰੰਗਮੰਚ ਦੀ



Sri Satguru Jagjit Singh Ji Elibrary NamdhariElibrary@gmail.com

ਦੇਣ ਦਾ ਤੋਪਾ ਇਸ ਉਕਾਈ ਨੂੰ ਕੁਝ ਮੱਠਾ ਪਾ ਦੇਂਦਾ ਹੈ। ਰਹੀ ਗੱਲ ਉਹਨਾਂ ਲੋਕਾਂ ਨੂੰ ਅਜੇ ਵੀ ਜਲੰਧਰ ਨਾਲ ਹੀ ਜੋੜੀ ਰਖਣ ਦੀ ਜਿਹੜੇ ਦੂਰ ਦੁਰਾਡੀਆਂ ਥਾਵਾਂ ਉਤੇ ਆਪਣੇ ਕਾਰੋਬਾਰ ਚਲਾ ਰਹੇ ਹਨ। ਇਹ ਆਸ ਉਹਨਾਂ ਸਾਹਿਤਕਾਰਾਂ-ਨਾਟਕਕਾਰਾਂ ਵਲੋਂ ਹੁਣ ਰਖਣੀ ਹੀ ਵਾਧੂ ਦੀ ਗੱਲ ਹੈ...। ਇਕ ਗੱਲ ਭਾਸ਼ਾ ਵਿਭਾਗ ਵਲੋਂ ਦਿਤੇ ਜਾਂਦੇ ਮਿਹਨਤਰਾਨੇ ਬਾਰੇ ਵੀ...ਇਸਦਾ ਰੌਲਾ ਸਮਾਗਮ ਦੌਰਾਨ ਹੀ ਪੈਣਾ ਮੰਦਭਾਗੀ ਗੱਲ ਹੈ ਅਤੇ ਇਹ ਗੱਲ ਹੋਰ ਵੀ ਮੰਦਭਾਗੀ ਕਿ ਭਾਸ਼ਾ ਵਿਭਾਗ ਲਈ ਕੀਤੇ ਕੰਮ ਦਾ ਸੇਵਾਫਲ 'ਅਜੀਤ' ਨੂੰ ਹੀ ਦੇਣਾ ਪਵੇ। 'ਅਜੀਤ' ਦੀ ਇਸ ਉਦਮਕਾਰੀ ਦਾ ਧੰਨਵਾਦ ਤਾਂ ਕਰਨਾ ਬਣਦਾ ਹੈ ਕਿ ਉਸਨੇ ਸ੍ਰੀ ਅਟਾਰੀ ਨੂੰ ਢਾਈ ਸੌ ਰੁਪਏ ਦਿਤੇ ਹਨ ਅਤੇ ਏਨੇ ਪੈਸੇ ਹੀ ਭਾਸ਼ਾ ਵਿਭਾਗ ਨੇ—ਪਰ ਭਾਸ਼ਾ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਅਜੇਹੇ ਖੋਜ ਕਾਰਜਾਂ ਲਈ ਸੇਵਾਫਲ ਵਿਚ ਵਾਧਾ ਕਰੇ। ਤਾਂ ਕਿ ਕਿਸੇ ਖੋਜਕਾਰੀ ਦੀ ਇਹ ਲੋੜ 'ਅਜੀਤ' ਨੂੰ ਪੂਰੀ ਕਰਨ ਦਾ ਮੌਕਾ ਨਾ ਮਿਲੇ। ਭਾਸ਼ਾ ਵਿਭਾਗ ਦੇ ਸਾਰੇ ਕੰਮ ਢੰਗ ਦਾ ਹਾਲ ਇਹ ਹੈ ਕਿ ਇਸ ਸਮਾਗਮ ਦੀ ਹਾਜ਼ਰੀ ਸਥਾਨਕ ਸਭਾਵਾਂ ਵਲੋਂ ਸਮੇਂ ਸਮੇਂ ਕਰਵਾਏ ਜਾਂਦੇ ਸਮਾਗਮਾਂ ਦੇ ਅੱਧ ਤਕ ਵੀ ਨਹੀਂ ਪਹੁੰਚੀ। ਬਹੁਤ ਸਾਰੇ ਲੇਖਕਾਂ ਨੂੰ ਤਾਂ ਭਾਸ਼ਾ ਵਿਭਾਗ ਨੇ ਸੱਦਾ ਪੱਤਰ ਹੀ ਜਾਰੀ ਨਹੀਂ ਕੀਤੇ। ਇਸ ਤਰ੍ਹਾਂ ਇਹ ਸਮਾਗਮ ਲੇਖਕਾਂ ਤੋਂ ਚੋਰੀ ਕਰਨ ਦੀ ਸਕੀਮ ਭਾਸ਼ਾ ਵਿਭਾਗ ਦੇ ਪ੍ਰਬੰਧਕਾਂ ਨੇ ਪਤਾ ਨਹੀਂ ਕਿਹੜੀ ਮਜਬੂਰੀ ਅਧੀਨ ਬਣਾਈ ਹੋਵੇਗੀ?

★

---

ਯਿਹ ਬਦਨ ਬੋਝ ਸੇ ਝੁਕ ਕਰ ਦੋਹਰਾ ਹੂਆ ਹੋਗਾ
ਮੈਂ ਸਿਜਦੇ ਮੇ ਨਹੀਂ ਥਾ ਆਪ ਕੋ ਧੋਖਾ ਹੂਆ ਹੋਗਾ

—ਦੁਸ਼ਿਅੰਤ ਕੁਮਾਰ

---


Approved By Department of:
AGRICULTURE PUNJAB GOVERNMENT
High Class Manufacturers of:

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ
ਸਾਜ਼ ਸਾਮਾਨ ਬਨਾਉਣ ਵਾਲੇ।

TRADE MARK
**JASPAL**

Grams: HABI INDUSTRIES Phone: 2 37

**HABI INDUSTRIES** (Regd)
10, Industrial Area, PHAGWARA





Sri Satguru Jagjit Singh Ji Elibrary NamdhariElibrary@gmail.com

# ਦਿਲਾਂ ਦੀ ਧੜਕਣ : ਲੋਕ ਗੀਤ

—ਜਸਵੰਤ ਸਿੰਘ ਵਿਰਦੀ—

ਪੰਜਾਬ ਬਾਬੇ ਨਾਨਕ ਦੀ ਧਰਤੀ ਹੈ।

ਇਥੇ ਮਹਾਂਪੁਰਖਾਂ ਦੀ ਆਤਮਾ ਦਾ ਨਿਵਾਸ ਹੈ ਅਤੇ ਹਰ ਕੋਈ ਇਥੇ ਨਿਰਭੈ ਹੋ ਕੇ ਰਹਿ ਸਕਦਾ ਹੈ। ਲੋਕ ਗੀਤ ਵਿਚ ਵੀ ਆਉਂਦਾ ਹੈ :

ਸ: ਬਾਬੇ ਨਾਨਕ ਦਾ ਘਰ ਕਿਹੜਾ ?
ਜ: ਜਿਸ ਦਾ ਖੁਲ੍ਹਾ ਵਿਹੜਾ।

ਲੋਕ ਗੀਤਾਂ ਵਿਚ ਸਾਡੇ ਲੋਕਾਂ ਦਾ ਜੀਵਨ ਆਪਣੇ ਵਿਰਾਟ ਰੂਪ ਵਿਚ ਪੇਸ਼ ਹੋਇਆ ਹੈ। ਲੋਕ ਜੀਵਨ ਦਾ ਕੋਈ ਵੀ ਅਜਿਹਾ ਪੱਖ ਨਹੀਂ ਹੈ, ਜਿਸ ਬਾਰੇ ਲੋਕ ਗੀਤ ਨਾ ਹੋਣ। ਬੱਚੇ ਦੇ ਜਨਮ ਤੋਂ ਲੈ ਕੇ ਬੁਢਾਪੇ ਦੀ ਮੌਤ ਤਕ ਹਰੇਕ ਮੌਕੇ ਬਾਰੇ ਲੋਕਾਂ ਦੀ ਸੋਚ ਨੇ ਗੀਤਾਂ ਦੀ ਰਚਨਾ ਕੀਤੀ ਹੈ। ਮਨੁਖਤਾ ਦੀ ਸਰਵ ਸਾਂਝੀਵਾਲਤਾ ਵੀ ਲੋਕ ਗੀਤਾਂ ਨੇ ਬੜੀ ਸਿਦਕ ਦਿਲੀ ਨਾਲ ਪ੍ਰਗਟਾਈ ਹੈ। ਇਹੋ ਹੀ ਕਾਰਨ ਹੈ ਕਿ ਪੰਜਾਬ ਦੀ ਮਿੱਟੀ ਦੀ ਮਹਿਕ ਅਤੇ ਪੰਜਾਬੀਆਂ ਦੇ ਦਿਲ ਦੀ ਧੜਕਣ ਅਸੀਂ ਲੋਕ ਗੀਤਾਂ ਵਿਚੋਂ ਸੁਣ/ਮਾਣ ਸਕਦੇ ਹਾਂ।

ਲੋਕ ਗੀਤਾਂ ਦੀ ਰਚਨਾ ਕਿਉਂਕਿ ਕੋਈ ਇਕ ਬੰਦਾ ਨਹੀਂ ਕਰਦਾ, ਇਸ ਲਈ ਇਨ੍ਹਾਂ ਵਿਚ ਬਹੁਤ ਸਾਰੇ ਲੋਕਾਂ ਦੀ ਸੋਚ, ਉਨ੍ਹਾਂ ਦੇ ਭਾਵ ਅਤੇ ਵਿਚਾਰ ਪ੍ਰਗਟ ਹੋ ਕੇ ਬੜੇ ਹੀ ਕਲਾਤਮਕ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ। ਇਹੋ ਹੀ ਕਾਰਨ ਹੈ ਕਿ ਹਰੇਕ ਮਤ, ਧਰਮ ਅਤੇ ਗੁਰੂ-ਅਵਤਾਰ ਤੇ ਪੀਰ-ਫਕੀਰ ਬਾਰੇ ਪੰਜਾਬੀ ਦੇ ਲੋਕ ਗੀਤ ਮਿਲਦੇ ਹਨ। ਇਨ੍ਹਾਂ ਵਿਚ ਉਨ੍ਹਾਂ ਸਭਨਾਂ ਰੱਬੀ ਜੀਉੜਿਆਂ ਦਾ ਪੂਰਾ ਆਦਰ-ਮਾਣ ਵੀ ਕੀਤਾ ਹੋਇਆ ਹੈ। ਇਹ ਸਾਡੇ ਲੋਕਾਂ ਦੀ ਭਾਵਾਤਮਕ ਏਕਤਾ ਦਾ ਇਕ ਬਲਵਾਨ ਪ੍ਰਤੀਕ ਹੈ।

ਭਾਵਾਤਮਕ ਏਕਤਾ ਲਈ ਇਹ ਗੱਲ ਬਹੁਤ ਹੀ ਜ਼ਰੂਰੀ ਹੈ ਕਿ ਸਭੋ ਲੋਕ ਇਕ ਦੂਸਰੇ ਦੇ ਦ੍ਰਿਸ਼ਟੀਕੋਣ ਨੂੰ ਸਮਝਣ, ਅਤੇ ਸਭਨਾਂ ਦੇ ਧਾਰਮਿਕ, ਸਦਾਚਾਰਕ ਵਿਚਾਰਾਂ ਤੇ ਭਾਵਨਾਵਾਂ ਦਾ ਆਦਰ ਕੀਤਾ ਜਾਵੇ। ਜਦੋਂ ਕੋਈ ਬੰਦਾ ਇਹ ਕਹਿੰਦਾ ਹੈ ਕਿ ਮੂਰਤੀ ਵਿਚ ਭਗਵਾਨ ਨਹੀਂ ਹੋ ਸਕਦਾ ਤਾਂ ਮੂਰਤੀ ਵਿਚ ਭਗਵਾਨ ਦੇ ਸਾਖਿਆਤ ਦਰਸ਼ਨ ਕਰਨ ਵਾਲੇ ਲੋਕ ਅਵਸ਼ ਦੁਖੀ ਹੋਣਗੇ। ਕੋਈ ਆਪਣੇ ਰੱਬ ਨੂੰ ਕਿਸ ਤਰ੍ਹਾਂ ਮੰਨਦਾ ਹੈ ?...ਇਹ ਦੇ ਬਾਰੇ ਬਹਿਸ ਦੀ ਲੋੜ ਨਹੀਂ ਹੈ। ਕਿਸੇ ਲਈ ਰਬ ਨਿਰਾਕਾਰ ਰੂਪ ਵਿਚ ਹੈ ਤੇ ਕਿਸੇ ਲਈ ਸਾਕਾਰ ਰੂਪ ਵਿਚ ! ਇਹਦੇ ਬਾਰੇ ਝਗੜੇ ਦੀ ਕਿਤੇ ਵੀ ਗੁੰਜਾਇਸ਼ ਨਹੀਂ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ :

ਨਿਰਗੁਨ ਆਪਿ ਸਰਗੁਨ ਭੀ ਓਹੀ ॥
ਕਲਾਧਾਰਿ ਜਿਨਿ ਸਗਲੀ ਮੋਹੀ ॥

ਇਸ ਕਰ ਕੇ ਭਾਵਾਤਮਕ ਏਕਤਾ ਵਿਚ ਵਿਸ਼ਵਾਸ ਰੱਖਣ ਵਾਲੇ ਸਿਆਣੇ ਲੋਕ ਰੱਬ ਦੀ ਹੋਂਦ ਜਾਂ ਅਣਹੋਂਦ ਬਾਰੇ ਕਦੀ ਵੀ ਵਿਵਾਦ ਨਹੀਂ ਕਰਦੇ। ਗੁਰੂ ਸਾਹਿਬ ਨੇ ਤਾਂ ਉਨ੍ਹਾਂ ਲੋਕਾਂ ਦੇ ਸ਼ੰਕੇ ਨਵਰਿਤ ਕਰਨ ਲਈ ਵੀ ਕਹਿ ਦਿਤਾ ਹੈ, ਜਿਹੜੇ ਧਰਮਾਂ ਤੇ ਮਤ-ਮਤਾਂਤਰਾਂ ਦੇ ਵਿਖਰੇਵਿਆਂ ਵਿਚ ਵਿਸ਼ਵਾਸ ਰੱਖਦੇ ਹਨ :

ਸਗਲ ਮਤਾਂਤ ਕੇਵਲ ਹਰਿਨਾਮ ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥

ਪਰ ਆਪਣੇ ਆਪ ਨੂੰ ਬਹੁਤੇ ਵਿਚਾਰਵਾਨ ਅਤੇ ਚਤੁਰ ਸਮਝਣ ਵਾਲੇ ਲੋਕ ਇਸ ਹਕੀਕਤ ਨੂੰ ਨਹੀਂ ਸਮਝਦੇ। ਉਹ ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਸਾਊ ਲੋਕਾਂ ਦੇ ਭਾਵਾਂ ਤੇ ਚੋਟ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਇਕ ਬਹੁਤ ਹੀ ਦਿਲਚਸਪ ਗੱਲ ਇਹ ਹੈ ਕਿ ਇਸ ਤਰ੍ਹਾਂ ਦੇ ਸਭੋ ਬੁਧੀਜੀਵੀ ਲੋਕ ਵਧੇਰੇ ਕਰ ਕੇ ਨਗਰਾਂ ਵਿਚ ਨਿਵਾਸ ਕਰਦੇ ਹਨ। ਵਪਾਰੀ ਸ਼ਹਿਰੀਏ ਹੋਣ ਕਰ ਕੇ ਉਨ੍ਹਾਂ ਦੇ ਇਕ ਦੂਸਰੇ ਨਾਲ ਵਪਾਰਕ ਹਿਤ ਟਕਰਾਉਂਦੇ ਹਨ। ਪਰ ਉਹ ਲੋਕਾਂ ਨੂੰ ਧਰਮ ਅਤੇ ਜਾਤ-ਪਾਤ ਦਾ ਸਹਾਰਾ ਲੈ ਕੇ ਲੜਾਉਂਦੇ ਹਨ। ਇਹੋ ਹੀ ਕਾਰਨ ਹੈ ਕਿ ਸੰਪ੍ਰਦਾਇਕ ਦੰਗੇ-ਫਸਾਦ ਅਕਸਰ ਨਗਰਾਂ ਵਿਚ ਹੀ ਹੁੰਦੇ ਹਨ। ਇਸ ਦੇ ਉਲਟ ਪਿੰਡਾਂ ਦੇ ਲੋਕਾਂ ਵਿਚ ਕਦੀ ਕੋਈ ਤਨਾਓ ਨਹੀਂ ਪੈਦਾ ਹੋਇਆ। ਉਹ ਬੜੀ ਸਹਿਜ ਅਵਸਥਾ ਵਿਚ ਜੀਉਂਦੇ ਹਨ।



Sri Satguru Jagjit Singh Ji Elibrary NamdhariElibrary@gmail.com

ਇਕ ਹੋਰ ਮਿਸਾਲ ਲਵੋ :

ਸਾਡੇ ਲੋਕਾਂ ਵਿਚ ਇਕ ਕਹਾਵਤ ਪ੍ਰਚਲਿਤ ਹੈ ਕਿ ਰੱਬ ਪਿੰਡਾਂ ਵਿਚ ਵਸਦਾ ਹੈ। ਇਹ ਗੱਲ ਬਿਲਕੁਲ ਠੀਕ ਹੈ। ਸਾਡੇ ਪਿੰਡਾਂ ਦੇ ਲੋਕ ਹੀ ਇਹ ਗੱਲ ਕਹਿ ਸਕਦੇ ਨੇ—

ਧਰਤੀ ਜੇਡ ਗਰੀਬ ਨਾ ਕੋਈ
ਇੰਦਰ ਜੇਡ ਨਾ ਦਾਤਾ।
ਬ੍ਰਹਮਾ ਜੇਡ ਨਾ ਪੰਡਿਤ ਕੋਈ,
ਸੀਤਾ ਜੇਡ ਨਾ ਮਾਤਾ।
ਲਛਮਣ ਜੇਡ ਜਤੀ ਨਾ ਕੋਈ,
ਰਾਮ ਜੇਡ ਨਾ ਭਰਾਤਾ।
ਦੁਨੀਆਂ ਮਾਣ ਕਰਦੀ,
ਰੱਬ ਸਭਨਾਂ ਦਾ ਦਾਤਾ।

ਗੱਲ ਠੀਕ ਹੈ। ਰੱਬ ਕਿਉਂਕਿ ਹਰੇਕ ਬੰਦੇ ਦੇ ਅੰਦਰ ਨਿਵਾਸ ਕਰਦਾ ਹੈ, ਇਸ ਲਈ ਉਹ ਸਭਨਾਂ ਦਾ ਦਾਤਾ ਅਤੇ ਪਾਲਣਹਾਰ ਹੈ। ਰੱਬ ਦਾ ਭਗਵਾਨ, ਅੱਲਾ, ਵਾਹਿਗੁਰੂ ਆਦਿ ਕੋਈ ਵੀ ਨਾਂ ਹੋ ਸਕਦਾ ਹੈ। ਸਭੋ ਹੀ ਲੋਕ ਕਿਉਂਕਿ ਰੱਬ ਦੀ ਰਚਨਾ ਹਨ, ਇਸ ਲਈ ਸਭਨਾਂ ਦਾ ਸਤਿਕਾਰ ਕਰਨਾ ਲਾਜ਼ਮੀ ਅਮਲ ਹੈ। ਰੱਬ ਤਦੇ ਹੀ ਖੁਸ਼ ਰਹਿ ਸਕਦਾ ਹੈ।

ਸਾਡੇ ਲਈ ਖੁਸ਼ੀ ਵਾਲੀ ਗੱਲ ਇਹ ਹੈ ਕਿ ਸਾਡੇ ਦੇਸ਼ ਦੇ ਆਮ ਲੋਕ ਇਸ ਭੇਤ ਨੂੰ ਪੂਰੀ ਤਰ੍ਹਾਂ ਸਮਝਦੇ ਹਨ। ਇਹੋ ਹੀ ਕਾਰਨ ਹੈ ਕਿ ਪੰਜਾਬੀ ਗਭਰੂ ਭੰਗੜਾ ਪਾ ਰਹੇ ਹੋਣ ਜਾਂ ਮੁਟਿਆਰਾਂ ਗਿੱਧੇ ਵਿਚ ਨੱਚ ਰਹੀਆਂ ਹੋਣ—ਉਨ੍ਹਾਂ ਦੇ ਮਨੋਭਾਵ ਲੋਕ ਗੀਤਾਂ ਦਾ ਰੂਪ ਵਟਾ ਕੇ ਕੁਦਰਤੀ ਚਸ਼ਮੇ ਵਾਂਗ ਫੁੱਟ ਨਿਕਲਦੇ ਹਨ। ਗਿੱਧਾ ਪਾਉਣ ਵਾਲੀਆਂ ਸਭੋ ਕੁੜੀਆਂ ਕਿਸੇ ਇਕ ਜ਼ਾਤ ਜਾਂ ਧਰਮ ਦੀਆਂ ਨਹੀਂ ਹੁੰਦੀਆਂ, ਅਤੇ ਨਾ ਹੀ ਭੰਗੜੇ ਵਿਚ ਨੱਚ ਰਹੇ ਗੱਭਰੂ ਕਿਸੇ ਧਰਮ ਵਿਸ਼ੇਸ਼ ਨਾਲ ਸਬੰਧਤ ਹੁੰਦੇ ਹਨ। ਉਹ ਵਖੋ-ਵਖਰੇ ਧਰਮਾਂ, ਕੁਲ-ਜਾਤਾਂ ਅਤੇ ਰੰਗ-ਰੂਪਾਂ ਵਾਲੇ ਲੋਕ ਹੁੰਦੇ ਹਨ। ਪਰ ਨਾਚ ਦੀ ਥਿਰਕਣ ਵਿਚ ਉਨ੍ਹਾਂ ਦੇ ਮਨੋਭਾਵ ਸਮਰੂਪ ਹੋ ਕੇ ਦਿਲਕਸ਼ ਗੀਤਾਂ ਦੇ ਰੂਪ ਵਿਚ ਢਲ ਜਾਂਦੇ ਹਨ। ਜਦੋਂ ਕੋਈ ਇਕ ਜਣਾ ਕਹਿੰਦਾ ਹੈ—

ਪਹਿਲਾਂ ਨਾਂ ਹਰੀ ਦਾ ਲੈਂਦਾ, ਪਿਛੋਂ ਹੋਰ ਕੰਮ ਕਰਦਾ
ਡੇਰੇ ਸੋਹਣੇ ਸੰਤਾਂ ਦੇ, ਮੈਂ ਰਿਹਾ ਗੁਰਮੁਖੀ ਪੜ੍ਹਦਾ
ਜਿਹੜਾ ਫਲ ਕੇਰਾਂ ਟੁਟਿਆ ਉਹ ਮੁੜ ਨਾ ਵੇਲ ਤੇ ਚੜ੍ਹਦਾ
ਕਹਿਣਾ ਸੋਹਣੇ ਸੰਤਾਂ ਦਾ, ਮਾੜੇ ਬੰਦੇ ਕੋਲ ਨਾ ਖੜਦਾ
ਨਾਂ ਸੱਚੇ ਗੁਰਪੀਰਾਂ ਦਾ, ਲੈ ਕੇ ਗਿੱਧੇ ਵਿਚ ਵੜਦਾ।

ਤਦ ਦੂਸਰਾ ਬੋਲ ਉਠਦਾ ਹੈ—

ਪੜ੍ਹ ਬਿਸਮਿਲਾ ਤੇ ਨਾਂ ਲੈ ਸੱਚੇ ਰੱਬ ਦਾ,
ਨਿਗਾਹਬਾਨ ਉਹ ਆਪ ਗਫੂਰ ਹੋਸੀ।
ਅੱਖਾਂ ਸਾਡੀਆਂ ਵਿਚ ਜੋ ਪਾਏ ਸੁਰਮਾ,
ਸੋਹਣੇ ਨਬੀ ਦੇ ਕਦਮਾਂ ਦੀ ਧੂੜ ਹੋਸੀ।

ਇਹ ਗੀਤ ਗਾਉਣ ਵਾਲੇ ਕੇਵਲ ਮੁਸਲਮਾਨ ਵੀਰ ਹੀ ਨਹੀਂ ਹੁੰਦੇ। ਸਭੋ ਹੀ ਗੱਭਰੂ ਪੂਰੇ ਵਿਸ਼ਵਾਸ ਨਾਲ ਇਸ ਨੂੰ ਗਾਉਂਦੇ ਹਨ। ਮਨਾਂ ਵਿਚ ਕਿਤੇ ਵੀ ਕਿਸੇ ਕਿਸਮ ਦਾ ਵਿਖਰੇਵਾਂ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਪੰਜਾਬਣਾਂ ਦੇ ਗਿੱਧੇ ਵਿਚੋਂ ਵੀ ਅਜਿਹੀ ਹੀ ਆਵਾਜ਼ ਗੂੰਜਦੀ ਹੈ—

ਨਾਮ ਅੱਲਾ ਦਾ ਸਭ ਤੋਂ ਚੰਗਾ,
ਸਭ ਨੂੰ ਇਹੋ ਸੁਹਾਏ।
ਗਿੱਧੇ ਵਿਚ ਉਸ ਦਾ ਕੰਮ ਕੀ ਵੀਰਨੋ,
ਜਿਹੜਾ ਅੱਲਾ ਦਾ ਨਾਉਂ ਭੁਲਾਏ।
ਦੋਹਾਂ ਜਹਾਨਾਂ ਦਾ ਅੱਲਾ ਹੀ ਵਾਲੀ,
ਉਹਦੀ ਸਿਫਤ ਕਰੀ ਨਾ ਜਾਏ।
ਅੱਲਾ ਦਾ ਨਾਉਂ ਲੈ ਲਏ,
ਜਿਹੜਾ ਗਿੱਧੇ ਵਿਚ ਆਏ।

ਗਿੱਧੇ ਵਿਚ ਨੱਚਦੀਆਂ ਪੰਜਾਬਣਾਂ ਨੂੰ ਦੇਖ ਕੇ ਆਕਾਸ਼ ਲੋਕ ਦੀਆਂ ਪਰੀਆਂ ਵੀ ਸ਼ਰਮਾ ਜਾਣ। ਪੰਜਾਬਣਾਂ ਦੇ ਕਣਕਵੰਨੇ ਲਿਸ਼ਕਦੇ ਰੰਗ ਅਤੇ ਦੁਧ-ਦਹੀਂ ਦੇ ਪਲੇ ਹੋਏ ਨਿੱਗਰ ਸਰੀਰ, ਦੇਖ ਕੇ ਵੈਰੀ-ਦੁਸ਼ਮਣ ਦਾ ਤ੍ਰਾਹ ਹੀ ਨਿਕਲ ਜਾਏ।

ਪਹਿਲੇ ਗੀਤ ਦੇ ਖਤਮ ਹੁੰਦਿਆਂ ਹੀ ਮੁਟਿਆਰਾਂ ਇਕ ਹੋਰ ਗੀਤ ਸ਼ੁਰੂ ਕਰ ਦਿੰਦਿਆਂ ਹਨ—

ਜਿਥੇ ਬੈਠੇ ਕਲਗੀਆਂ ਵਾਲੇ,
ਧਰਤੀ ਨੂੰ ਭਾਗ ਲਗ ਗਏ।
ਤੇਰੀ ਔਧ ਬੀਤਦੀ ਜਾਏ,
ਭਜ ਗੁਰੂ ਗੋਬਿੰਦ ਨੂੰ।
ਚਲੋ ਸਈਓ ਚਲ ਦਰਸ਼ਨ ਕਰੀਏ,
ਗੁਰੂ ਗੋਬਿੰਦ ਸਿੰਘ ਆਏ ਜੀ।
ਬਈ ਆਪਣੇ ਲਾਲ ਜਿੰਨੇ,
ਕੰਧਾਂ ਵਿਚ ਚਿਣਵਾਏ ਜੀ।।
ਗੁਰੂ ਗੋਬਿੰਦ ਸਿੰਘ ਆਏ ਜੀ।

ਸ੍ਰੀ ਰਾਮ, ਕ੍ਰਿਸ਼ਨ ਅਵਤਾਰ, ਅੱਲਾ ਦਾ ਨਾਂ, ਗੁਰੂ



Sri Satguru Jagjit Singh Ji Elibrary NamdhariElibrary@gmail.com

ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਹੋਰ ਸਭੋ ਹੀ ਪੀਰ-ਫਕੀਰ ਸਾਡੇ ਸਿਦਕੀ ਲੋਕਾਂ ਦੀਆਂ ਨਜ਼ਰਾਂ ਵਿਚ ਇਕੋ ਜਿੰਨੇ ਹੀ ਪੂਜਣ ਯੋਗ ਹਨ। ਇਸ ਦੇਸ਼ ਦੇ ਆਮ ਆਦਮੀ ਨੇ ਕਦੀ ਵੀ ਇਹ ਗੱਲ ਨਹੀਂ ਕਹੀ ਕਿ ਉਹ ਕੇਵਲ ਫਲਾਨੇ-ਫਲਾਨੇ ਦੇਵੀ ਦੇਵਤੇ ਨੂੰ ਹੀ ਮੰਨਦਾ ਹੈ। ਜਾਂ, ਇਹ ਕਿ ਉਹ ਫਲਾਨੇ ਫਲਾਨੇ ਅਗੇ ਸਿਰ ਨਹੀਂ ਝੁਕਾਏਗਾ। ਇਹ ਸਭੋ ਲੋਕ ਹੀ ਵਡੇ ਲੋਕ ਸਾਡੇ ਦੇਸ਼ ਦੇ ਆਮ ਲੋਕਾਂ ਲਈ ਰੱਬ ਦੇ ਨਾਂ ਵਾਂਗ ਹੀ ਮਹਾਨ ਹਨ।

ਸ੍ਰੀ ਰਾਮ ਅਤੇ ਕ੍ਰਿਸ਼ਨ ਤਾਂ ਕੁਆਰੀਆਂ ਕੁੜੀਆਂ ਲਈ ਆਦਰਸ਼ ਪਤੀ ਵੀ ਸਵੀਕਾਰ ਕੀਤੇ ਜਾਂਦੇ ਹਨ। ਸੁਹਾਗ ਦੇ ਗੀਤਾਂ ਵਿਚ ਕੁੜੀਆਂ ਗਾਉਂਦੀਆਂ ਨੇ—

ਮੈਂ ਤਾਂ ਵਰ ਮੰਗਾਂ ਸ੍ਰੀ ਰਾਮ,
ਛੋਟਾ ਦੇਵਰ ਲਛਮਣ ਜੀ।

ਇਸੇ ਤਰ੍ਹਾਂ ਹੀ ਇਕ ਹੋਰ ਗੀਤ ਵਿਚ ਕੁੜੀਆਂ ਇਕ ਦੂਸਰੀ ਨੂੰ ਪੁਛਦੀਆਂ ਤੇ ਕਹਿੰਦੀਆਂ ਨੇਂ—

ਚੰਨਣ ਦੇ ਓਹਲੇ ਲਾਡੋ ਕਿਉਂ ਖੜੀ ?
ਖੜੀ ਸਾਂ ਬਾਬਲ ਜੀ ਦੇ ਬਾਰ
ਮੈਂ ਕੰਨਿਆ ਕੁਆਰ
ਘਨੱਈਆ ਵਰ ਟੋਲੀਏ।
ਜਿਉਂ ਤਾਰਿਆਂ ਵਿਚੋਂ ਚੰਨ,
ਚੰਨਾਂ ਵਿਚੋਂ ਕਾਨ੍ਹ,
ਘਨੱਈਆ ਵਰ ਟੋਲੀਏ।

ਪੰਜਾਬੀ ਲੋਕ ਗੀਤਾਂ ਨੇ ਤਾ ਕਰਬਲਾ ਦੀ ਜੰਗ ਨੂੰ ਵੀ ਆਪਣੀ ਧੜਕਣ ਵਿਚ ਸਮੋ ਲਿਆ ਹੈ। ਗੱਲ ਕੀ, ਸਾਡੇ ਇਹ ਅਵਤਾਰ, ਗੁਰੂ, ਪੀਰ-ਫਕੀਰ ਅਤੇ ਸੂਫੀ-ਸੰਤ ਪੁਰਸ਼ ਸਭਨਾਂ ਹੀ ਲੋਕਾਂ ਦੇ ਸਾਂਝੇ ਹਨ। ਇਨ੍ਹਾਂ ਵਾਸਤੇ ਹਰ ਕਿਸੇ ਦੇ ਮਨ ਵਿਚ ਸਤਿਕਾਰ ਹੈ।

ਮੇਰੇ ਦੇਸ਼ ਦੀ ਇਹ ਧਰਤੀ ਬਹੁਤ ਪਵਿਤਰ ਹੈ। ਇਥੇ ਕਿਰਤੀ ਦੀ ਮਿਹਨਤ ਦਾ ਪ੍ਰਸੀਨਾ ਤਾਂ ਡੁਲ੍ਹਦਾ ਹੀ ਹੈ ਪਰ ਪਿਛਲੇ ਕੁਝ ਅਰਸੇ ਤੋਂ ਫਿਰਕਾਪ੍ਰਸਤੀ ਦੀ ਜ਼ਹਿਰ ਪੀ ਕੇ ਸੁਦਾਈ ਹੋਣ ਵਾਲਿਆਂ ਨੇ ਇਸ ਧਰਤੀ ਤੇ ਲੋਕਾਂ ਦਾ ਲਹੂ ਵੀ ਡੋਲ੍ਹਿਆ ਹੈ। ਪਤਾ ਨਹੀਂ ਉਹ ਪਰਵਰਦਗਾਰ ਦੀ ਦਰਗਾਹ ਵਿਚ ਕਿਵੇਂ ਬਖ਼ਸ਼ੇ ਜਾਣਗੇ ! ਇਸ ਤਰ੍ਹਾਂ ਦੇ ਲੋਕਾਂ ਦੀ ਦਹਿਸ਼ਤ ਨਾਲ ਹੀ ਇਹ ਧਰਤੀ ਵਸਦਾ-ਰਸਦਾ ਜੰਗਲ ਬਣਦੀ ਜਾ ਰਹੀ ਹੈ।

ਪਰ ਨਹੀਂ। ਇਹ ਗੱਲ ਨਿਰਾਸ਼ਾਵਾਲੀ ਹੈ। ਨਿਰਾਸ਼ਾਵਾਲੀ ਗੱਲ ਸਾਨੂੰ ਸੁੱਖ ਨਹੀਂ ਦੇ ਸਕਦੀ। ਸਾਨੂੰ ਆਮ ਲੋਕਾਂ ਦੀ ਤਾਕਤ ਵਿਚ ਵਿਸ਼ਵਾਸ ਰਖਣਾ ਚਾਹੀਦਾ ਹੈ।

ਸਾਡੇ ਦੇਸ਼ ਦੇ ਇਹ ਆਮ ਲੋਕ ਬੜੇ ਮਿਹਨਤੀ ਅਤੇ ਸਿਦਕਵਾਨ ਕਿਰਤੀ ਹਨ। ਇਹ ਸਭੋ ਹੀ ਕਿਰਤੀ ਲੋਕ ਰਲਕੇ ਕਿਰਤ ਕਰਦੇ ਹਨ। ਇਹ ਖੁਸ਼ ਕਿਸਮਤੀ ਦੀ ਗੱਲ ਹੈ ਕਿ ਇਸ ਦੇਸ਼ ਵਿਚ ਕਿਰਤੀਆਂ ਦਾ ਬਟਵਾਰਾ ਹਾਲੇ ਤਕ ਜ਼ਾਤਪਾਤ ਜਾਂ ਧਰਮ ਦੇ ਆਧਾਰ ਤੇ ਨਹੀਂ ਹੋਇਆ। ਇਸ ਲਈ ਸਮੂਹ ਕਿਰਤੀਆਂ ਦਾ ਪਸੀਨਾ ਇਕੱਠਾ ਹੀ ਧਰਤੀ ਦੀ ਹਿੱਕ ਤੇ ਡੁਲ੍ਹਦਾ ਹੈ। ਉਨ੍ਹਾਂ ਦੇ ਦੁੱਖ ਸੁਖ ਵੀ ਸਾਂਝੇ ਹਨ ਅਤੇ ਉਨ੍ਹਾਂ ਦੀਆਂ ਗ਼ਮੀਆਂ ਖੁਸ਼ੀਆਂ ਵੀ ਸਾਂਝੀਆਂ ਹਨ। ਉਹ ਕਦੀ ਵੀ ਜਾਤ-ਪਾਤ ਜਾਂ ਧਰਮ ਦੇ ਆਧਾਰ ਤੇ ਵਿਖਰੇਵੇਂ ਦੀ ਗੱਲ ਸੋਚ ਹੀ ਨਹੀਂ ਸਕਦੇ। ਉਹ ਇਕੱਠੇ ਹੀ ਰੋਜ਼ੀ ਰੋਟੀ ਲਈ ਜੂਝਦੇ ਅਤੇ ਇਕੱਠੇ ਹੀ ਹੱਸਦੇ ਗਾਉਂਦੇ ਹਨ। ਜਿੰਨੀ ਭਾਵਾਤਮਕ ਏਕਤਾ ਉਨ੍ਹਾਂ ਵਿਚ ਹੈ, ਹੋਰ ਕਿਤੇ ਘਟ ਹੀ ਨਜ਼ਰ ਆਉਂਦੀ ਹੈ। ਇਸ ਦੇਸ਼ ਦੀ ਖੁਸ਼ਹਾਲੀ ਦੇ ਅਸਲੀ ਉਸਰਈਏ ਇਹੋ ਹੀ ਕਿਰਤੀ-ਕਿਰਸਾਨ ਲੋਕ ਹਨ।

ਇਹ ਲੋਕ ਹਰ ਰੋਜ਼ ਮਿਲਕੇ ਗਾਉਂਦੇ ਹਨ—

ਜਾ ਦੀਵਿਆ ਘਰ ਆਪਣੇ,
ਤੇਰੀ ਮਾਂ ਉਡੀਕੇ ਵਾਰ।
ਆਈਂ ਅਵੇਰੇ ਜਾਈਂ ਸਵੇਰੇ,
ਸਭੇ ਸ਼ਗਨ ਵਿਚਾਰ।
ਜਾ ਦੀਵਿਆ ਘਰ ਆਪਣੇ,
ਸੁਖ ਵਸਾਈਂ ਰਾਤ।
ਰਿਜ਼ਕ ਲਿਆਈਂ ਭਾਲਕੇ,
ਤੇਲ ਲਿਆਈਂ ਨਾਲ।
ਚਾਨਣ ਦੇਵੀਂ ਤੂੰ ਸਭ ਨੂੰ,
ਸਭ ਦਾ ਰਖੀਂ ਖਿਆਲ।

ਇਨ੍ਹਾਂ ਸਿਦਕੀ ਲੋਕਾਂ ਦੀ ਜ਼ਿੰਦਗੀ ਵਿਚ ਜਦੋਂ ਵੀ ਕੋਈ ਖੁਸ਼ੀਦਾ ਦਿਨ ਆਉਂਦਾ ਹੈ ਤਾਂ ਉਸ ਦੇ ਸ਼ੁਭ ਅਵਸਰ ਤੇ ਵੀ ਇਹ ਲੋਕ ਸਭਨਾਂ ਦੇਵੀ-ਦੇਵਤਿਆਂ ਅਤੇ ਪੀਰਾਂ-ਫਕੀਰਾਂ ਨੂੰ ਇਕ ਸਮਾਨ ਧਿਆਉਂਦੇ ਹਨ !

ਦੇਵੀ ਦੀ ਮੋਂ ਕਰਾਂ ਕੜਾਹੀ,
ਪੀਰ ਫਕੀਰ ਧਿਆਵਾਂ।
ਹੈਦਰ ਸ਼ੇਖ ਦਾ ਦੇਵਾਂ ਬਕਰਾ



Sri Satguru Jagjit Singh Ji Elibrary NamdhariElibrary@gmail.com

ਨੰਗੇ ਪੈਰੀਂ ਨਾਵਾਂ।
ਹਨੂਮਾਨ ਦੀ ਦੇਵਾਂ ਮੰਨੀਂ,
ਰਤੀ ਫਰਕ ਨਾ ਲਾਵਾਂ।
ਨੀ ਮਾਤਾ ਭਗਵਤੀਏ,
ਮੈਂ ਤੇਰਾ ਜੱਸ ਗਾਵਾਂ।

ਪੰਜਾਬੀ ਭਾਸ਼ਾ ਅਤੇ ਇਸ ਨੂੰ ਬੋਲਣ ਵਾਲੇ ਲੋਕ ਸਦੀਆਂ ਤੋਂ ਲੈ ਕੇ ਧਰਮ ਨਿਰਪੇਖਤਾ ਦੀ ਜੀਵਨ ਨੀਤੀ ਤੇ ਚਲਦੇ ਆ ਰਹੇ ਹਨ। ਇਹ ਜੀਵਨ ਨੀਤੀ ਹੀ ਅਸਲ ਵਿਚ ਇਨ੍ਹਾਂ ਲੋਕਾਂ ਦੀ ਜੀਵਨ-ਜੁਗਤੀ ਹੈ। ਇਸੇ ਕਰਕੇ ਇਨ੍ਹਾਂ ਦੇ ਚਿਹਰਿਆਂ ਤੇ ਖੇੜਾ ਅਤੇ ਘਰਾਂ ਵਿਚ ਖੁਸ਼ਹਾਲੀ ਰਹਿੰਦੀ ਹੈ। ਪਰ ਜਦੋਂ ਕਦੀ ਵੀ ਲੋਕ ਇਸ ਜੀਵਨ ਜੁਗਤੀ ਨੂੰ ਛਡ ਦਿੰਦੇ ਹਨ, ਤਾਂ ਬਰਬਾਦੀ ਹੁੰਦੀ ਹੈ। ਦੇਸ਼ਾਂ ਦੇ ਦੇਸ਼ ਉਜੜ ਜਾਂਦੇ ਹਨ ਅਤੇ ਲੋਕ ਘਰੋਂ ਬੇਘਰ ਹੋ ਕੇ ਭਟਕਦੇ ਹਨ। ਕਿਸੇ ਇਕਪਲ ਦੀ ਗਲਤੀ ਸਦੀਆਂ ਤਕ ਲੋਕਾਂ ਨੂੰ ਭੁਗਤਣੀ ਪੈਂਦੀ ਹੈ। ਪਰ ਮੈਂ ਆਸਵੰਦ ਇਸ ਲਈ ਹਾਂ ਕਿ ਮੇਰੇ ਦੇਸ਼ ਦੇ ਕਿਰਤੀ ਤੇ ਕਿਰਸਾਨ ਸੰਤੁਲਤ ਸੋਚ ਵਾਲੇ ਹਨ। ਉਨ੍ਹਾਂ ਵਿਚ ਕਿਸੇ ਕਿਸਮ ਦਾ ਕੋਈ ਤਨਾਉ ਨਹੀਂ ਹੈ।

ਹਕੀਕਤ ਤਾਂ ਇਹ ਹੈ ਕਿ ਸਾਡੇ ਇਸ ਮਹਾਨ ਦੇਸ਼ ਵਿਚ ਭਾਵਾਤਮਕ ਏਕਤਾ ਇਨਾਂ ਆਮ ਲੋਕਾਂ ਦੁਆਰਾ ਹੀ ਕਾਇਮ ਹੈ ਅਤੇ ਇਨ੍ਹਾਂ ਦੇ ਸਿਰਜੇ ਹੋਏ ਸਾਡੇ ਲੋਕ ਗੀਤ ਭਾਵਾਤਮਕ ਏਕਤਾ ਨੂੰ ਬੜੇ ਸੱਚੇ ਸੁੱਚੇ ਰੂਪ ਵਿਚ ਪੇਸ਼ ਕਰਦੇ ਹਨ।

ਇਕ ਤਰ੍ਹਾਂ ਨਾਲ ਲੋਕ ਗੀਤ ਸਾਡੇ ਦੇਸ਼ ਦੇ ਲੋਕਾਂ ਦੀ ਸੁਹਿਰਦ ਆਤਮਾ ਦੇ ਪ੍ਰਤੀਕ ਹਨ। ਇਨ੍ਹਾਂ ਨਾਲ ਅਸੀਂ ਦੇਸ਼ ਦੇ ਆਧੁਨਿਕ ਜੀਵਨ ਵਿਚ ਵੀ ਭਾਵਾਤਮਕ ਏਕਤਾ ਦੀ ਭਾਵਨਾ ਭਰ ਸਕਦੇ ਹਾਂ।

★

# ਗ਼ਜ਼ਲ

**ਧਰਮਪਾਲ 'ਵਾਸਦੇਵ'**

ਮੁਕਦਾ ਗਿਆ ਮੁਕਦਾ ਗਿਆ ਸੁਕਦਾ ਗਿਆ,
ਸਦਾ ਝਰਨਾ ਦਿਲ ਚੋਂ ਪਿਆਰ ਦਾ ਫੁੱਟਦਾ ਗਿਆ।

ਇਕ ਵਾਰੀ ਟੁੱਟ ਜਾਂਦਾ ਤਾਂ ਸ਼ਾਇਦ ਜਰ ਲੈਂਦੇ,
ਕੈਂਤਰ ਕੈਂਤਰ ਹੋ ਕੇ ਦਿਲ ਟੁੱਟਦਾ ਗਿਆ।

ਹਰ ਵਾਰ ਹੀ ਕੋਸ਼ਿਸ਼ ਕੀਤੀ ਉਪਰ ਉਠਣੇ ਦੀ,
ਕਿਸਮਤ ਦਾ ਮਾਲਿਕ ਥਾਂਏ ਹੀ ਸੁੱਟਦਾ ਗਿਆ।

ਹੋ ਗਈ ਨਫਰਤ ਜਿਹੀ ਹਰ ਚੀਜ਼ ਨਾਲ,
ਹਰ ਚੀਜ਼ ਤੋਂ ਇਤਬਾਰ ਬਸ ਉਠਦਾ ਗਿਆ।

ਸਦਾ ਪਿਆਰ ਤੋਂ ਵਾਂਝੇ ਰਹੇ ਹਾਂ ਦੋਸਤੋ,
ਪਿਆਰ ਲਈ ਦਿਲ ਤਰਸਦਾ, ਧੁਖਦਾ ਗਿਆ।

ਸੁਕਰਾਤ ਤੇ ਮਨਸੂਰ ਵਾਂਗਰ ਹੀ 'ਧਰਮ'
ਕਬਰ ਆਪਣੀ ਆਪ ਮੈਂ ਪੁੱਟਦਾ ਗਿਆ।



Sri Satguru Jagjit Singh Ji Elibrary NamdhariElibrary@gmail.com

ਰਿਪੋਰਤਾਜ

# ਸਾਰਿਆਂ ਤੋਂ ਵੱਡਾ ਮੇਲਾ...

—ਜਗਦੀਸ਼ ਸਿੰਘ

ਪਿਆਰਾਂ ਵਾਲਾ ਦੀਪਕ ਹਮੇਸ਼ ਏਥੇ ਜਗਦਾ,
ਸਾਰਿਆਂ ਤੋਂ ਵਡਾ ਮੇਲਾ ਭੈਣੀ ਸਾਹਿਬ ਲਗਦਾ।

ਸ੍ਰੀ ਭੈਣੀ ਸਾਹਿਬ ਦੀ ਮਹਾਨਤਾ ਨੂੰ ਆਪਣੇ ਜਜ਼ਬਿਆਂ ਗੁੰਦੇ ਸ਼ਬਦਾਂ ਵਿਚ ਪੰਜਾਬੀ ਦਾ ਮਸ਼ਹੂਰ ਕਵੀ ਸ: ਚੰਨਣ ਸਿੰਘ 'ਚਮਨ' ਹਰ ਗੋਬਿੰਦ ਪੁਰੀ ਦਸ ਰਿਹਾ ਸੀ। ਭੈਣੀ ਸਾਹਿਬ ਵਿਚ ਲਗਣ ਵਾਲੇ ਮੇਲੇ ਨਾਲੋਂ ਜ਼ਿਆਦਾ ਗਿਣਤੀ 'ਚ ਬਹੁਤ ਥਾਵੀਂ ਲੋਕ ਇਕੱਠੇ ਹੁੰਦੇ ਹਨ ਪਰ ਕਿਉਂਕਿ ਪਿਆਰਾਂ ਦਾ ਦੀਪਕ ਸਦਾ ਹੀ ਸ੍ਰੀ ਭੈਣੀ ਸਾਹਿਬ ਵਿਚੋਂ ਦੁਨੀਆਂ ਨੂੰ ਰੋਸ਼ਨੀ ਦੇਂਦਾ ਆ ਰਿਹਾ ਹੈ ਅਤੇ ਕਦੂਰਤਾਂ ਭਰੇ ਮਨਾਂ ਦੇ ਹਨੇਰੇ ਨੂੰ ਦੂਰ ਕਰਦਾ ਆ ਰਿਹਾ ਹੈ ਇਸ ਵਾਸਤੇ ਇਹ ਮੇਲਾ ਸਭ ਤੋਂ ਵਡਾ ਕਵੀ ਨੇ ਮਿਥਿਆ ਹੈ।

ਕਵੀ ਨੇ ਆਪਣੀ ਸਰਲ ਅਤੇ ਵੇਗਮਈ ਪੰਜਾਬੀ ਵਿਚ ਭੈਣੀ ਸਾਹਿਬ ਦਾ ਨਕਸ਼ਾ ਉਲੀਕਿਆ।

"ਜਿਥੇ ਤੁਸੀਂ ਬੈਠੇ ਓ ਇਹ ਰਿਸ਼ੀਆਂ ਦੀ ਥਾਂ ਏ
ਤਾਹੀਓਂ ਇਹਦਾ ਰੱਖਿਆ ਪਿਆਰਾ ਜਿਹਾ ਨਾਂਅ ਏ
ਫੁੱਲਾਂ ਵਿਚੋਂ ਫੁਲ ਜਿਵੇਂ ਫੁਲ ਹੈ ਗੁਲਾਬ ਦਾ
ਏਸ ਤਰ੍ਹਾਂ ਥਾਵਾਂ ਚੋਂ ਸਥਾਨ ਭੈਣੀ ਸਾਹਿਬ ਦਾ
ਨਾਓਂ ਹੈ ਪਿਆਰਾ ਇਹਨੂੰ ਭੈਣੀ ਸਾਹਿਬ ਕਹਿੰਦੇ ਨੇ
ਰੱਬ ਦਾ ਸਰੂਪ ਏਥੇ ਗੁਰੂ ਦੇਵ ਰਹਿੰਦੇ ਨੇ
ਮਾਖਿਓਂ ਤੋਂ ਵਧ ਜ੍ਹਿਦੇ ਬੋਲਾਂ 'ਚ ਮਿਠਾਸ ਹੈ
ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦਾ ਵਾਸ ਹੈ
ਕਣ ਕਣ ਵਿਚ ਇਹਦੇ ਨਾਮ ਦਾ ਬਸੇਰਾ ਏ
ਭੈਣੀ ਸਾਹਿਬ ਵਿਚ ਕੌਮੀ ਏਕਤਾ ਦਾ ਡੇਰਾ ਏ
ਲੋਭ ਤੇ ਕਰੋਧ ਵਾਲਾ ਹੁੰਦਾ ਏਥੇ ਖਾਤਮਾ
ਨਾਮ ਵਾਲੇ ਰੰਗ ਵਿਚ ਰੰਗੀ ਜਾਵੇ ਆਤਮਾ
ਇਕ ਇਕ ਸਿਖ ਏਥੇ ਜਾਪਦਾ ਮਹਾਤਮਾ
ਜਾਪਦਾ ਹੈ ਜਿਵੇਂ ਏਥੇ ਰਹਿੰਦਾ ਪਰਮਾਤਮਾ

ਇਸ ਨਾਮ ਵਾਲੇ ਰੰਗ ਵਿਚ ਰੰਗੀਆਂ ਆਤਮਾਵਾਂ ਦਾ ਮੇਲਾ ਸ੍ਰੀ ਭੈਣੀ ਸਾਹਿਬ ਵਿਚ ਹਮੇਸ਼ਾ ਲਗਾ ਰਹਿੰਦਾ ਹੈ ਅਤੇ ਇਹਨਾਂ ਆਤਮਾਵਾਂ ਤੇ ਮਜੀਠੀ ਰੰਗ ਚਾੜ੍ਹਣ ਲਈ ਅਕਸਰ ਵਿਸ਼ੇਸ਼ ਮੇਲੇ, ਜਪ ਪ੍ਰਯੋਗ ਹੁੰਦੇ ਰਹਿੰਦੇ ਨੇ।

## ਮੇਲਾ ਜੱਪ ਪ੍ਰਯੋਗ

੧੭ ਅਕਤੂਬਰ ਨੂੰ ਸ੍ਰੀ ਭੈਣੀ ਸਾਹਿਬ ਵਿਚ ਅਜਿਹੇ ਹੀ ਜਪ ਪ੍ਰਯੋਗ ਦੀ ਸਮਾਪਤੀ ਹੋਈ ਜੋ ਲਗ ਭਗ ਮਹੀਨੇ ਤੋਂ ਜਾਰੀ ਸੀ ਭਜਨ ਭਗੌਤੀਆਂ ਦੀਆਂ ਵਰਨੀਆਂ ਨਿਰੰਤਰ ਹੁੰਦੀਆਂ ਰਹੀਆਂ ਸਨ। ਇਸ ਦਿਨ ਪੰਡਿਤ ਗੋਪਾਲ ਸਿੰਘ ਜੀ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਤਾਂ ਉਹਦੇ ਵਿਚ ਉਹਨਾਂ ਵੇਰਵਾ ਦਿਤਾ ਕਿ ੭੨ ਜੋੜਿਆਂ ਦੇ ਅਨੰਦ ਕਾਰਜ ਹੋਏ ਹਨ, ਦੋ ਸੋ ਆਦਿ ਸੀ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਏ ਗਏ ਹਨ, ੪੦ ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ, ੪ ਪਾਠ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿਚ, ੨੬ ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਰਸ਼ਨ ਭੇਟ, ੧੫ ਮਨੋ ਕਾਮਨਾਵਾਂ ਨਮਿਤ, ੧ ਸ਼ਹੀਦਾਂ ਨਮਿਤ, ੧੪੦ ਪਾਠ ਆਨੰਦ ਕਾਰਜਾਂ ਵਾਲਿਆਂ ਵਲੋਂ, ਗਿਆਰਾਂ ਪਾਠ ਦਸਮ ਗਰੰਥ ਸਾਹਿਬ ਦੇ ਅਤੇ ਢਾਈ ਲਖ ਪਾਠ ਭਗੌਤੀਆਂ ਦੇ ਬੈਂਕੋਕ ਦੀਆਂ ਮਾਈਆਂ ਵਲੋਂ ਕੀਤੇ ਗਏ ਹਨ।

ਸਚ ਮੁਚ ਹੀ ਭੈਣੀ ਸਾਹਿਬ ਜੱਪ ਪ੍ਰਯੋਗ ਦਾ ਮੇਲਾ ਆਪਣੇ ਵਰਗਾ ਆਪ ਹੀ ਹੁੰਦਾ ਹੈ।

ਏਨੇ ਦਿਨ ਏਥੇ ਸੰਤ ਮਹਾਤਮਾ ਜਥੇ ਬੰਨ੍ਹ ਕੇ ਆਉਂਦੇ ਹਨ। ਬਹੁਤ ਹੀ ਸੰਜਮੀ ਮਰਿਆਦਾ ਬਧ ਜੀਵਨ, ਸੁਚ ਸੋਧ ਅਤੇ ਨਾਮ ਬਾਣੀ ਦਾ ਅਭਿਆਸ ਹੁੰਦਾ ਹੈ। ਸਤਿਗੁਰੂ ਜੀ ਆਪ ਵੀ ਵਿਸ਼ੇਸ਼ ਸਾਧਨਾ ਇਹਨਾਂ ਦਿਨਾਂ ਵਿਚ ਕਰਦੇ ਹਨ। ਰੋਜ਼ਾਨਾ ਸਵੇਰੇ ਸ਼ਾਮ ਦੇ ਕੀਰਤਨ, ਸਤਿਗੁਰੂ ਜੀ ਦੀ ਆਪਣੀ ਰਸਨਾ ਦੁਆਰਾ ਕਥਾ ਅਤੇ ਰਾਤ ਨੂੰ ਢੋਲਕ ਛੈਣਿਆਂ ਨਾਲ ਲਮੀਆਂ ਲੈਆਂ ਵਿਚ ਜੋਟੀਆਂ ਦੇ ਸ਼ਬਦਾਂ ਦੇ ਕੀਰਤਨ ਦੀ ਘੁਮਕਾਰ ਜਗਿਆਸੂਆਂ ਦੀ ਹਿਰਦੇ ਠਾਰਦੀ ਹੀ ਚਲੀ ਜਾਂਦੀ ਹੈ।

ਕਈ ਮਜ਼ਮੂਨ, ਅਖੀਂ ਡਿੱਠੇ ਨਜ਼ਾਰੇ ਕਈ ਪਾਤਰ ਕਲਮ ਦੀ ਪਕੜ ਵਿਚ ਨਹੀਂ ਆਉਂਦੇ। ਉਹਨਾਂ ਬਾਰੇ



Sri Satguru Jagjit Singh Ji Elibrary NamdhariElibrary@gmail.com

ਜੋ ਵੀ ਲਿਖਿਆ ਜਾਵੇ ਉਨਾ ਹੀ ਹੁੰਦਾ ਹੈ। ਅਜਿਹਾ ਹਾਲ ਸ੍ਰੀ ਭੈਣੀ ਸਾਹਿਬ ਦੇ ਮੇਲੇ ਨੂੰ ਚਿਤਰਣ ਵੇਲੇ ਇਸ ਕਲਮ ਦਾ ਹੋ ਰਿਹਾ ਹੈ।

ਸ਼ੁਭ ਕਰਮਾਂ ਵਾਲੇ ਸਿੰਘ ਅਤੇ ਮਾਈਆਂ ਹੀ ਅਜਿਹੇ ਸਮਿਆਂ ਤੇ ਲਾਭ ਉਠਾਂਦੇ ਹਨ ਅਤੇ ਹਮਾਤੜ ਕੰਮਾਂ 'ਚ ਗ੍ਰਸੇ ਅਜ ਕਲ ਕਰਦਿਆਂ ਹੀ ਸਮਾਂ ਲੰਘਾ ਦਿੰਦੇ ਹਨ ਅਤੇ ਇਵੇਂ ਹੀ ਸਾਰਾ ਜੀਵਨ ਬਤੀਤ ਹੋ ਜਾਂਦਾ ਹੈ।

ਇਸ ਵਾਰ ਮੇਰਾ ਫੈਸਲਾ ਸੀ ਕਿ ਪ੍ਰਯੋਗ ਵਿਚ ਕਈ ਦਿਨ ਰਹਿ ਕੇ ਅਨੰਦ ਨੂੰ ਮਾਨਣਾ ਹੈ। ਪਰ ਅਜੀਬ ਪ੍ਰਸਥਿਤੀਆਂ ਵਿਚ ਫਸੇ ਵਰਿਆਮ ਦੇ ਅੰਕਾਂ ਵਿਚ ਗੁਸਿਆ ਮਸਾਂ ੧੪ ਅਕਤੂਬਰ ਦੇ ਲੋਢੇ ਵੇਲੇ ਹੀ ਪਹੁੰਚ ਸਕਿਆ। ਅਗੇ ਸੰਗਤਾਂ ਏਨੀਆਂ ਹੁਮ ਹੁਮਾ ਕੇ ਪੁਜੀਆ ਹੋਈਆਂ ਸਨ ਕਿ ਮੇਰੇ ਵਰਗੇ 'ਪਹੁੰਚ ਵਾਲੇ' ਬੰਦੇ ਵਾਸਤੇ ਵੀ ਕੋਈ ਡੇਰਾ ਨਹੀਂ ਸੀ ਬਚਿਆ। ਇੰਗਲੈਂਡ, ਅਫਰੀਕਾ, ਥਾਈਲੈਂਡ ਅਤੇ ਭਾਰਤ ਦੇ ਸਾਰਿਆਂ ਪ੍ਰਾਂਤਾਂ, ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਸਭ ਥਾਵਾਂ ਤੋਂ ਸ਼ਰਧਾਲੂ ਸਿੱਖ ਪਹੁੰਚੇ ਹੋਏ ਸਨ। ਜਦੋਂ ਸਿਮ੍ਰਤੀ ਮੰਦਿਰ ਵਿਚ ਲਗੇ ਦੀਵਾਨ ਵਿਚ ਪੁਜਾ ਤਾਂ ਅਗੇ ਨਾਮ ਸਿਮਰਨ ਹੋ ਰਿਹਾ ਸੀ। ਸਭ ਰਸਨਾਵਾਂ ਚੌਅਖਰੇ ਭਜਨ ਦੇ ਜਾਪ ਵਿਚ ਮਘਨ ਸਨ। ਖਾਮੋਸ਼ ਵਾਤਾਵਰਨ ਵਿਚ ਕੇਵਲ ਇਕੋ ਹੀ ਆਵਾਜ਼ ਉਭਰ ਰਹੀ ਸੀ। ਉਹ ਸੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਉਪਦੇਸ਼ ਦੀ ਜੋ ਕੈਸਟ ਟੇਪ ਤੋਂ ਸੁਣਾਇਆ ਜਾ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਆਸਣ ਤੇ ਬਿਰਾਜਮਾਨ ਸਨ। ਉਹਨਾਂ ਦੇ ਆਲੇ ਦੁਆਲੇ ਸੰਤ ਮਹਾਤਮਾ ਪ੍ਰਤਿਸ਼ਟ ਸਜਨ ਅਤੇ ਉਹਨਾਂ ਦੇ ਨਿਜੀ ਸੇਵਕ ਬੈਠੇ ਸਨ। ਬਿਲਕੁਲ ਸਾਹਮਣੇ ਕੁਝ ਵਿੱਥ ਤੇ ਓਡੇ ਹੀ ਉਚੇ ਸਟੇਜ ਤੇ ਰਾਗੀਆਂ ਦਾ ਤਕੜਾ ਜਥਾ ਬੈਠਾ ਸੀ। ਇਹਨਾਂ ਵਿਚ ਬਜ਼ੁਰਗ ਵੀ ਸਨ, ਨੌਜੁਆਨ ਵੀ ਅਤੇ ਬੱਚੇ ਵੀ। ਕਈ ਤਬਲੇ ਕਈ ਤੰਤੀ ਸਾਜ਼, ਦਿਲਰੁਬਾ ਆਦਿ ਸਨ ਇਕ ਹਾਰਮੋਨੀਅਮ ਵੀ ਸੀ।

ਬਹੁਤ ਅਨੁਸ਼ਾਸਨ ਵਿਚ ਸੰਗਤਾਂ ਬੈਠੀਆਂ ਸਨ। ਇਕ ਪਾਸੇ ਸਿੰਘ ਦੂਸਰੇ ਪਾਸੇ ਮਾਈਆਂ। ਵਿਚੋਂ ਮਥਾ ਟੇਕਣ ਵਾਸਤੇ ਪਹੁੰਚ ਮਾਰਗ ਬਣਾਏ ਹੋਏ ਸਨ ਅਤੇ ਸਤਿਗੁਰੂ ਜੀ ਨੂੰ ਮੱਥਾ ਟੇਕਣ ਵਾਲੀਆਂ ਸੰਗਤਾਂ ਦੀਆਂ ਨਾ ਮੁਕਣ ਵਾਲੀਆਂ ਲੰਮੀਆਂ ਕਤਾਰਾਂ ਤੇ ਨਿਯੰਤਰਨ ਕਰਨ ਲਈ ਸਤਰਕ ਪਹਿਰੇਦਾਰ ਹਾਜ਼ਰ ਸਨ। ਨਾਮਧਾਰੀ ਪੰਥ ਦੇ ਜਥੇ-ਦਾਰ, ਸੂਬੇ ਇਕ ਵਿਸ਼ੇਸ਼ ਥਾਂ ਤੇ ਬੈਠੇ ਸਨ, ਲੇਖਕਾਂ ਵਿਦਵਾਨਾਂ ਦਾ ਵਖਰਾ ਖੂੰਜਾ ਸੀ। ਵਿਸ਼ੇਸ਼ ਪ੍ਰਾਹੁਣਿਆਂ ਵਾਸਤੇ ਜਗਾਹ ਰਾਖਵੀਂ ਸੀ। ਦਰਸ਼ਨ ਅਭਿਲਾਖੀ ਲੋਕ ਸਤਿਗੁਰਾਂ ਦੇ ਦੀਦਾਰੇ ਕਰਕੇ ਮਨ ਸੀਤਲ ਕਰਦੇ ਅਤੇ ਜਾਣੂ ਪਹਿਚਾਨੂਆਂ ਨੂੰ ਮਿਲ ਕੇ ਪ੍ਰਸੰਨ ਹੁੰਦੇ। ਇਹ ਹੀ ਤਾਂ ਮੇਲਾ ਹੁੰਦਾ ਹੈ। ਸਤਿਗੁਰੂ ਦਾ ਕਰਤਵ ਹੀ ਇਹ ਹੈ ਕਿ ਉਹ ਵਿਛੜਿਆਂ ਨੂੰ ਮੇਲਦਾ ਹੈ। ਉਹ ਤਾਂ "ਦਰਗਹ ਕਾ ਬਸੀਠ" ਹੁੰਦਾ ਹੈ।

## ਕੀਰਤਨ

ਨਿਤਨੇਮ ਦੀ ਅਰਦਾਸ ਉਪਰੰਤ ਕੀਰਤਨ ਸ਼ੁਰੂ ਹੋਇਆ। ਨੌਜੁਆਨ ਗੁਰਮੁਖ ਸਿੰਘ ਏਡੇ ਵਡੇ ਸਟੇਜ ਪਰਬੰਧ ਵਾਸਤੇ ਲੋੜੀਂਦੀ ਆਵਾਜ਼ ਵਾਸਤੇ ਮਾਈਕ ਤਾਰਾਂ ਟੇਪ ਰਿਕਾਰਡਿੰਗ, ਵੀਡੀਓ ਰਿਕਾਰਡਿੰਗ ਦਾ ਪਰਬੰਧ ਕਰਨ 'ਚ ਰੁਝਾ ਸੀ। ਸਾਜ਼ਾਂ ਦੀਆਂ ਤਾਰਾਂ ਕੱਸੀਆਂ ਗਈਆਂ, ਤਬਲੇ ਦੇ ਪੁੜੇ ਨੂੰ ਠੋਕਰਾਂ ਵਜੀਆਂ। ਸੁਰਾਂ ਨਾਲ ਸੁਰ ਮਿਲੇ ਅਤੇ ਫੇਰ ਸ਼ੁਰੂ ਹੋਇਆ ਧਰੁਪਦ ਕਾਨੜੇ ਵਿਚ। ਕਿਨੇ ਸਾਰੇ ਕੰਠਾਂ ਚੋਂ ਨਿਕਲੀ ਧੁਨ ਆਕਾਸ਼ ਵਲ ਪਸਰੀ। ਮਸਤੀ ਦਾ ਇਕ ਆਲਮ ਤਾਰੀ ਹੋ ਗਿਆ। ਕਾਨੜੇ 'ਚ ਫਿਰ ਇਕ ਚੌਥੇ ਪਾਤਸ਼ਾਹ ਦਾ ਸ਼ਬਦ ਗੇਵਿਆਂ ਗਿਆ।

ਹਰਿ ਹਰਿ ਨਾਮੁ ਨਿਧਾਨੁ ਹੈ, ਗੁਰਮੁਖਿ ਪਾਇਆ ਜਾਇ ॥
ਜਿਨ ਧੁਰਿ ਮਸਤਕਿ ਲਿਖਿਆ
ਤਿਨ ਸਤਿਗੁਰੁ ਮਿਲਿਆ ਆਇ ॥
ਤਨੁ ਮਨੁ ਸੀਤਲੁ ਹੋਇਆ, ਸਾਂਤਿ ਵਸੀ ਮਨਿ ਆਇ ॥
ਨਾਨਕ ਹਰਿ ਹਰਿ ਚਉਦਿਆ, ਸਭੁ ਦਾਲਦੁ ਦੁਖੁ ਲਹਿ ਜਾਇ ॥

ਰੋਮ ਰੋਮ ਹਰਿ ਕੇ ਨਾਮ ਵਿਚ ਰੰਗਿਆ ਗਿਆ। ਇਸ ਮਹਾਂ ਅਨੰਦ ਦਾ ਸਰੂਰ ਪਲਕਾਂ ਸੰਭਾਲ ਹੀ ਰਹੀਆਂ ਸਨ ਕਿ ਮਿਲਵੀਂ ਹੂਕ ਫੇਰ ਉਠੀ।

ਸਾਧੋ ਗੋਬਿੰਦ ਕੇ ਗੁਣ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ,
ਬਿਰਥਾ ਕਾਹਿ ਗਵਾਵਓ ॥੧॥
ਰਹਾਉ ॥ ਪਤਿਤ ਪੁਨੀਤ ਦੀਨ ਬੰਧੁ ਹਰਿ
ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ
ਤੁਮ ਕਾਹੇ ਬਿਸਰਾਵਉ
ਤਜਿ ਅਭਿਮਾਨੁ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤੁ ਮੁਕਤਿ ਪੰਥੁ ਇਹੁ
ਗੁਰਮੁਖ ਹੋਇ ਤੁਮ ਪਾਵਉ ॥

ਸ਼ਬਦ ਨੇ ਸਿਰ ਤੋਂ ਪੈਰਾਂ ਤਕ ਝਕਝੋਰ ਸੁੱਟਿਆ।



Sri Satguru Jagjit Singh Ji Elibrary NamdhariElibrary@gmail.com

ਕੀਰਤਨ ਇੰਵੇਂ ਸੀ ਜਿਵੇਂ ਸਾਰੇ ਸਮਿਆਂ ਦੇ ਆਨੰਦ ਨੂੰ ਮੁਜੱਸਮ ਕਰਕੇ ਇਸ ਇਕ ਘੰਟੇ ਵਿਚ ਹੀ ਸਮੋ ਦਿਤਾ ਹੋਵੇ।

★ ★ ★

## ਕਵੀ ਦਰਬਾਰ

ਸਾਡੇ ਅਪਣੇ ਪੰਜਾਬੀ ਦੇ ਕਵੀ ਹਾਸ਼ਮ ਸ਼ਾਹ ਨੇ ਆਖਿਆ ਹੈ।

ਸ਼ਾਇਰ ਸ਼ਿਅਰ ਕਰੇਂਦੇ ਆਹੇ
ਨਫ਼ਸ ਛੁਰੀ ਮੂੰਹ ਧਰ ਕੇ
ਹਰ ਇਕ ਸੁਖਨ ਲਿਆਵਣ ਬਾਹਰ
ਖ਼ੂਨ ਆਲੂਦਾ ਕਰ ਕੇ

ਅਤੇ ਧਨੀ ਰਾਮ ਚਾਤ੍ਰਿਕ ਨੇ ਕਵੀ ਦੀ ਕਲਮ ਬਾਰੇ ਕਿਹਾ ਹੈ।

ਸ਼ੂਕਰ ਨਦੀ ਦੀ, ਰਾਗ ਪੰਖੇਰੂਆਂ ਦਾ
ਸ਼ੋਖੀ ਫੁੱਲ ਦੀ ਸਿਦਕ ਪਰਵਾਨਿਆਂ ਦਾ
ਤੇਰੀ ਕਲਮ ਅਮਾਨਤੀ ਖੋਲ, ਦਿੰਦੀ
ਗੁੱਝਾ ਜੰਦਰਾ ਰੱਬੀ ਖਜ਼ਾਨਿਆਂ ਦਾ

ਕਵੀ ਦਰਬਾਰ ਰਾਮ ਸਰ ਦੇ ਕੰਢੇ ਹੋ ਰਿਹਾ ਸੀ ਅਤੇ ਸਟੇਜ ਹਰੀ ਮੰਦਰ ਦੇ ਬਾਹਰਲੇ ਥੜੇ ਤੇ ਸੀ। ਕਵੀ ਰੱਬੀ ਖਜ਼ਾਨਿਆਂ ਦੇ ਜੰਦਰੇ ਖੋਲਣ ਲਈ ਤਤਪਰ ਸਨ।

ਮਾਸਟਰ ਹਰਸਾ ਸਿੰਘ ਜੀਵਨ ਨਗਰ ਨੇ ਦਰਬਾਰ ਆਰੰਭ ਕੀਤਾ : "ਭੈਣੀ ਸਾਹਿਬ ਸਾਡਾ ਸ਼ੁਭ ਤੀਰਥ ਅਸਥਾਨ ਏ।" ਉਸ ਤੋਂ ਬਾਅਦ ਜੁਗਿੰਦਰ ਸਿੰਘ ਮੁਕਤਾ ਜੀ ਆਏ ਜਿਨ੍ਹਾ ਇਕ ਇਤਿਹਾਸਕ ਨਜ਼ਮ ਚੰਡੀ ਦੀ ਵਾਰ ਦੇ ਬਹਿਰ ਵਿਚ ਸੁਣਾਈ ਉਸ ਬਾਅਦ ਹਰਬੰਸ ਸਿੰਘ ਘੁਲਾ ਨੇ ਗੀਤ ਗਾਇਆ

ਉੱਡ ਜਾ ਕਾਵਾਂ ਕਾਲਿਆ ਵੇ
ਪੈਰੀਂ ਤੇਰੇ ਘੁੰਗਰੂ ਪਾਵਾਂ
ਆ ਵੇ ਸੋਨੇ ਦੀ ਚੁੰਜ ਮੜਾਵਾਂ
ਮਾਹੀ ਮੇਰੇ ਦਾ ਤੂੰ ਸਰਨਾਵਾਂ
ਖੰਭਾਂ ਦੇ ਵਿਚ ਲਿਖਾ ਲਿਆ

ਗੁਰਬਖਸ਼ ਸਿੰਘ ਰਾਮ ਪੁਰੀ ਜੀ ਨੇ ਕੁਝ ਡੀਠ ਵਰਨ ਕੀਤਾ ਅਤੇ ਕੁਝ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਹਿਮਾ ਗਾਣ ਕੀਤੀ "ਤੇਰੇ ਦਿਤੇ ਵਰਦਾਨ ਪਰਤਾਪ ਸਤਿਗੁਰ, ਉਨ੍ਹਾਂ ਤਾਈਂ ਨਾ ਗਿਣਿਆ ਜਾ ਸਕਦੈ"

ਸ: ਵਿਧਾਤਾ ਸਿੰਘ ਕਮਾਲ ਅੰਮ੍ਰਿਤਸਰ ਦੀ ਕਵਿਤਾ ਦੀ ਸ਼ੁਰੂਆਤ ਸੀ,

"ਭੈਣੀ ਸਾਹਿਬ ਪਿਆਰੀਏ ਭਾਗ ਭਰੀਏ
ਤਪੋ ਭੂਮੀਏ ਏਸ ਸੰਸਾਰ ਦੀਏ।
ਨੀ ਸਿਮਰਨ ਸ਼ਬਦ ਭਗਵਾਨ ਦੀ ਕੀਰਤੀ ਨਾਲ
ਸੜਦੇ ਹੋਏ ਸੰਸਾਰ ਨੂੰ ਠਾਰਦੀਏ

ਇਹਨਾਂ ਦੀ ਕਵਿਤਾ ਦਾ ਇਕ ਹੋਰ ਸ਼ਿਅਰ ਸੀ

ਨਾਨਕ ਪਾਤਸ਼ਾਹ ਤੋਂ ਤੋਰੀ ਹੋਈ ਏਥੋਂ
ਸੁਣ ਕੇ ਅਮ੍ਰਿਤ ਦੀ ਗੂੰਜ ਸਰੰਦਿਆਂ ਦੀ
ਸਮੇ ਰੁਕੇ ਸਮਾਧੀਆਂ ਲੋਣ ਪੰਛੀ
ਸੁਤੀ ਆਤਮਾ ਜਾਗਦੀ ਬੰਦਿਆਂ ਦੀ

ਪੰਜਾਬੀ ਦੇ ਕਵੀ ਸ੍ਰੀ ਜੋਗਿੰਦਰ ਪਾਲ ਸੇਵਕ ਦੀ ਕਵਿਤਾ ਸ਼ਹੀਦ ਬਿਸ਼ਨ ਸਿੰਘ ਉਤੇ ਸੀ, ਵਲਵਲੇ ਅੰਗੇਜ਼ ਸ਼ਿਅਰਾਂ ਚੋਂ ਕੇਵਲ ਇਕ ਹੀ—

ਤਖਤਾ ਦਾਰ ਮੁਕਾਮ ਹੈ ਆਸ਼ਕਾਂ ਦਾ
ਹੁੰਦਾ ਬਾਗੀਆਂ ਦੇ ਸਿਰ ਤੇ ਤਾਜ ਕੋਈ ਨਹੀਂ ॥

ਇਹਨਾਂ ਬਾਅਦ ਸੁਰਿੰਦਰ ਸਿੰਘ ਰਮਤਾ ਗੀਤ ਗਾਉਣ ਵਾਸਤੇ ਸਟੇਜ ਤੇ ਆਏ। ਕੋਟਲੇ ਉਤੇ ਗੀਤ ਫਕੀਰ ਚੰਦ ਤੁਲੀ ਦਾ ਲਿਖਿਆ ਹੋਇਆ। ਸੋਜ਼ ਮਈ ਆਵਾਜ਼ ਅਤੇ ਰਾਗਦਾਰੀ ਨਾਲ ਅਲੰਕ੍ਰਿਤ ਗਇਨ ਸ਼ੈਲੀ। ਗੀਤ ਸੀ,

'ਕੀ ਕੋਟਲੇ ਰਕੜ ਵਿਚ ਹੋਇਆ
ਲਾਲ ਕਿਲੇ ਦੀ ਲਾਲੀ ਖਾਤਰ
ਲਹੂ ਰਕੜਾਂ ਵਿਚ ਚੋਇਆ।
ਗੁਰੂ ਰਾਮ ਸਿੰਘ ਨੂਰ ਉਪਾਇਆ
ਰੁੜਦਾ ਸਿਖੀ ਸਿਦਕ ਬਚਾਇਆ
ਕੁਲ ਧਰਤੀ ਦਾ ਦਰਦ ਜਿਨ੍ਹਾਂ ਨੇ
ਮਾਲਾ ਵਿਚ ਪਰੋਇਆ.........

ਗੀਤ ਦੇ ਵਿਚ ਸ਼ਿਅਰਾਂ ਦੀ ਜੜਤ ਕੀਤੀ ਗਈ ਸੀ—

"ਸ਼ਹੀਦਾਂ ਖੂਨ ਦੇ ਦਿਤਾ ਕਿ ਰੰਗਾਂ ਵਿਚ ਵਸੇ ਦੁਨੀਆ
ਇਹਨਾਂ ਦੇ ਖੂਨ ਦੀ ਗਰਮੀ ਜ਼ੰਜੀਰਾਂ ਢਾਲ ਦੇਂਦੀ ਏ
ਇਹ ਸਿਰ ਦੀ ਕਲਮ ਲੈ ਕੇ ਕੌਮ ਦਾ ਇਤਿਹਾਸ ਲਿਖਦੇ ਨੇ
ਇਹਨਾਂ ਦੀ ਜੋਤ ਤੂਫਾਨਾਂ 'ਚ ਦੀਵੇ ਬਾਲ ਦੇਂਦੀ ਏ।

ਬਜ਼ੁਰਗ ਪਿਆਰਾ ਸਿੰਘ ਰੌਸ਼ਨ ਨੇ 'ਨਾਮਧਾਰੀਏ' ਕਵਿਤਾ ਸੁਣਾ ਕੇ ਜੋਸ਼ ਭਰ ਦਿਤਾ—

ਬੀਜ ਸ਼ਬਦ ਮਿਲਿਆ ਨਾਮਧਾਰੀਆਂ ਤੋਂ
ਮੈਨੂੰ ਚੜੀ ਮਸਤੀ ਅਲੋਕਾਰ ਦੀ ਏ
ਸਤਿਗੁਰ ਰਾਮ ਸਿੰਘ ਜੀ ਆ ਕੇ ਦੇ ਦਰਸ਼ਨ
ਪਿਆਸੀ ਰੂਹ ਬਸ ਤੇਰੇ ਦੀਦਾਰ ਦੀ ਏ।

ਸੰਤੋਖ ਸਿੰਘ ਸਫਰੀ ਪੰਜਾਬੀ ਸਟੇਜ ਤੇ ਮੰਨੇ ਹੋਏ ਕਵੀ ਹਨ। ਕਵਿਤਾ ਤੋਂ ਪਹਿਲਾਂ ਉਹਨਾਂ ਰਵਾਇਤੀ ਚੌਮਿਸਰੇ



Sri Satguru Jagjit Singh Ji Elibrary NamdhariElibrary@gmail.com

ਆਖੇ। ਉਦਾਹਰਣ—

"ਜਿਹੜੇ ਹੱਕ ਹਕੀਕਤ ਨੂੰ ਜਾਣਦੇ ਨਹੀਂ
ਨਾ ਉਹ ਮੁਰਸ਼ਦ ਤੇ ਨਾ ਉਹ ਮੁਰੀਦ ਹੁੰਦੇ
ਸਾਈ ਸੀਸ ਦੀ ਜੇਕਰ ਨਾ ਦੇਈਏ
ਸੌਦੇ ਅਣਖ ਦੇ ਨਹੀਂ ਖਰੀਦ ਹੁੰਦੇ
ਤੇਗ ਇਸ਼ਕ ਦੀ ਜਿਨ੍ਹਾਂ ਨੂੰ ਝਟਕਦੀ ਐ
ਢਹਿੰਦੇ ਦਿਲਾਂ ਦੀ ਉਹ ਉਮੀਦ ਹੁੰਦੇ
ਕਤਲ ਗਾਹਾਂ ਉਹ ਪੂਜੀਆਂ ਜਾਣ ਸਫਰੀ
ਜਿਥੇ ਮਾਵਾਂ ਦੇ ਪੁਤ ਸ਼ਹੀਦ ਹੁੰਦੇ

ਤਰਨੁਮ ਵਿਚ ਗਾਈ ਕਵਿਤਾ ਦਾ ਇਕ ਬੰਦ

ਚੀਨੀ ਵਾਲਿਆਂ ਮੋੜ ਮੁਹਾਰ ਕੇਰਾਂ
ਆਸਾਂ ਅਜੇ ਸਵਾਸਾਂ ਨੇ ਰੱਖੀਆਂ ਨੇ
ਲਾਲੀ ਜਿਵੇਂ ਅਖਰੋਟ ਦਾ ਸੱਕ ਸਾਂਭੇ
ਤਿਵੇਂ ਸੱਧਰਾਂ ਸਾਂਭ ਕੇ ਰੱਖੀਆਂ ਨੇ

ਫਕੀਰ ਚੰਦ ਤੁਲੀ ਦੀ ਇਕ ਜਜ਼ਬਾਤੀ ਕਵਿਤਾ ਨੇ ਸਭ ਨੂੰ ਰੰਗ ਦਿਤਾ ਸੀ "ਹੋਲਿਆਂ ਮਹੱਲਿਆਂ ਤੇ ਯੱਗਾਂ 'ਚ ਫਕੀਰ ਚੰਦਾ ਝੱਲਾ ਜਿਹਾ ਪੈਂਦਾ ਮੈਨੂੰ ਚੀਨੀ ਅਸਵਾਰ ਦਾ।" ਪਹਿਲਾਂ ਬੰਦ :

ਸਾਹਾਂ ਤੋਂ ਵੀ ਨੇੜੇ ਤੇ ਸਮੁੰਦਰਾਂ ਤੋਂ ਦੂਰ ਪਾਰ
ਨੂਰ ਹੈ ਹਜ਼ੂਰ ਦੀ ਬਸੰਤ ਦੀ ਬਹਾਰ ਦਾ
ਸਾਡੀਆਂ ਉਮੰਗਾਂ ਵਿਚ ਭਾਣੇ ਦਿਆਂ ਰੰਗਾਂ ਵਿਚ
ਰੰਗਾਂ ਰੰਗਾਂ ਵਿਚ ਰੰਗ ਤੇਰੀ ਹੀ ਨੁਹਾਰ ਦਾ
ਫੁਲਾਂ ਦੀ ਕਤਾਰ ਮੈਨੂੰ ਬਾਰ ਬਾਰ ਪੁੱਛਦੀ ਹੈ
ਕਿਹੜਾ ਹੈ ਟਿਕਾਣਾ ਬੱਪ ਬਾਰਵੇਂ ਦਾਤਾਰ ਦਾ
ਹੋਲਿਆਂ ਮਹੱਲਿਆਂ ਤੇ ਯਗਾਂ 'ਚ ਫਕੀਰ ਚੰਦਾ
ਝੱਲਾ ਜਿਹਾ ਪੈਂਦਾ ਮੈਨੂੰ ਚੀਨੀ ਅਸਵਾਰ ਦਾ

ਹੁਣ ਵਾਰੀ ਸੀ ਹਰਭਜਨ ਸਿੰਘ ਹਾਮੀ ਦੀ। ਸਿੰਘਾ-ਵਲੋਕਣ ਬਹੁਤ ਹੀ ਮੁਸ਼ਕਲ ਬਹਿਰ ਦੇ ਛੰਦ ਵਿਚ ਉਹਨਾਂ ਪਹਿਲਾਂ ਕਵਿਤਾ ਪੇਸ਼ ਕੀਤੀ।

ਪਲ ਪਲ ਛਿਣ ਛਿਣ ਘੜੀ ਘੜੀ ਬਿੰਦ ਬਿੰਦ
ਉਡਦੀਆਂ ਮੇਰੇ ਸੀਨੇ ਵਿਚੋਂ ਆਹਾਂ ਬਲ ਬਲ,
ਬਲ ਬਲ ਜਾਵਾਂ ਬਲਿਹਾਰੀ ਚੀਨੀ ਵਾਲੜੇ ਤੋਂ
ਜਿਦੀ ਯਾਦ ਵਿਚ ਯਾਦ ਹੋਈ ਹਾਂ ਮੈਂ ਢਲ ਢਲ
ਢਲ ਢਲ ਸੀਨਾ ਮੇਰਾ ਅਖਾਂ ਰਾਹੀਂ ਡੁੱਲਦਾ ਏ,
ਹੋ ਗਿਆ ਮਨੂਰ ਦਿਲ ਬਿਰਹਾ 'ਚ ਜਲ ਜਲ
ਜਲ ਜਲ ਵਹੇ ਨਿਤ ਅਖੀਆਂ ਨਿਮਾਣੀਆਂ ਚੋਂ
ਥੱਕ ਗਈ ਉਡੀਕਦੀ ਬਰੂਹਾਂ ਉਤੇ ਖਲ ਖਲ
ਖੱਲ ਖੱਲ ਮੇਰੀ ਤੇ ਕਸਾਈ ਨੇ ਹੈ ਖੱਲ ਸੁੱਟੀ
ਕੀਤਾ ਸੁ ਕਬਾਬ ਮੈਨੂੰ ਭੁੰਨ ਭੁੰਨ ਤਲ ਤਲ
ਤਲ ਤਲ ਪੁਣ ਪੁਣ ੜਿਠਿਆ ਮੈਂ ਪਲ ਪਲ
ਪਲ ਪਲ ਗਮ ਦਾ ਪਹਾੜ ਬਣੇ ਪਲ ਪਲ

ਇਹਨਾਂ ਦੀ ਦੂਸਰੀ ਕਵਿਤਾ ਸ਼ਹੀਦ ਬਿਸ਼ਨ ਸਿੰਘ ਜੀ ਤੇ ਸੀ।

"ਮਕਤਲ ਨੂੰ ਮਕਤਬ ਸਮਝ ਕੇ ਮੈਂ ਆ ਗਿਆ ਹਾਂ
ਸਬੂਤਾ ਵਾਰ ਤੇਰੀ ਤੇਗ ਦਾ ਮੈਂ ਖਾ ਗਿਆ ਹਾਂ"

ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਆਪਣੀ ਪਾਵਨ ਹਾਜ਼ਰੀ ਨਾਲ ਕਵੀ ਦਰਬਾਰ ਨੂੰ ਰੌਣਕ ਬਖਸ਼ ਰਹੇ ਸਨ। ਭਾਵੇਂ ਸਮਾਂ ਕਾਫੀ ਹੋ ਗਿਆ ਸੀ ਪਰ ਇਕ ਵਿਸ਼ੇਸ਼ ਕਵੀ ਅਜੇ ਤਕ ਨਹੀਂ ਸੀ ਲਗਾ। ਸ: ਚੰਨਣ ਸਿੰਘ ਚਮਨ ਹਰਗੋਬਿੰਦ ਪੁਰੀ ਨੇ ਸਟੇਜ ਤੇ ਆਉਂਦਿਆਂ ਪੁਰਾਣੀ ਵਹੀ ਨੂੰ ਖੋਲਦਿਆਂ ਪੋਲਾ ਜਿਹਾ ਮੂੰਹ ਖੋਲਿਆ।

"ਸਾਰੇ ਈ ਕਵੀ ਮੁਕ ਗਏ ਨੇ ਮੈਂ ਹੀ ਰਹਿ ਗਿਆਂ" ਤਾਂ ਇਸ ਸ਼ਾਂਤ ਗੰਭੀਰ ਵਾਤਾਵਰਨ ਵਿਚ ਹਾਸਿਆਂ ਦਾ ਫੁਹਾਰਾ ਫੁੱਟ ਪਿਆ। ਦੂਜੇ ਪਲ ਉਹਨਾਂ ਕਿਹਾ ਕਿ, "ਮੈਂ ਵੀ ਮੁਕ ਜਾਣੈ" ਤਾਂ ਇਸ ਬਹੁ ਅਰਥੀ ਵਾਕ ਚੋਂ ਅਰਥੀ ਨੂੰ ਭੁਲਦਿਆਂ ਸਰੋਤਿਆਂ ਫੇਰ ਹਾਸੜ ਮਚਾ ਦਿਤਾ। ਇਹਨਾਂ ਕਿਹਾ ਮੈਂ ਤੁਹਾਨੂੰ ਕੋਟਲੇ ਨਹੀਂ ਲਿਜਾਵਾਂਗਾ ਏਥੇ ਹੀ ਰਖਾਂਗਾ। ਇਹਨਾਂ ਦੀ ਕਵਿਤਾ ਦੀ ਰਵਾਨੀ ਦਾ ਇਹ ਹੀ ਅਸਰ ਸੀ ਕਿ ਅਧੀ ਤੁੱਕ ਇਹ ਬੋਲਦੇ ਸੀ ਅਧੀ ਸਰੋਤੇ। ਹਾਸ ਰਸ ਪਰਧਾਨ ਕਵਿਤਾਵਾਂ ਵਿਚ ਇਹ ਗੰਭੀਰ ਅਤੇ ਦਾਰਸ਼ਨਿਕ ਗਲਾਂ ਬਹੁਤ ਸੌਖਿਆਂ ਹੀ ਕਹਿ ਜਾਂਦੇ ਨੇ ਇਹਨਾਂ ਜੋ ਕਵਿਤਾ ਪੜ੍ਹੀ ਉਹ ਅਸੀਂ ਸ਼ੁਰੂ ਲੇਖ ਵਿਚ ਕੁਝ ਦਿਤੀ ਹੈ।

ਜਿਥੇ ਤੁਸੀਂ ਬੈਠੇ ਓ ਇਹ ਰਿਸ਼ੀਆਂ ਦੀ ਥਾਂ ਏ,
ਤਾਹੀਓਂ ਇਹਦਾ ਰਖਿਆ ਪਿਆਰਾ ਜਿਹਾ ਨਾ ਏ

ਦੂਸਰੀ ਕਵਿਤਾ ਜਿਹੜੀ ਉਹਨਾਂ ਪੜ੍ਹੀ ਉਹ ਅਨੰਦਪੁਰ ਦੇ ਯੁਧ ਵਿਚ ਸ: ਬਚਿੱਤਰ ਸਿੰਘ ਦੁਆਰਾ ਬਾਈਧਾਰੀਆਂ ਦੇ ਹਾਥੀ ਦਾ ਮੁਕਾਬਲਾ ਕਰਨਾ ਸੀ— ਬੀਰਤਾ ਦੀ ਗਾਥਾ ਕਈ ਵਾਰ ਸਰੋਤਿਆਂ ਨੂੰ ਗੰਭੀਰ ਸੋਚ ਵਿਚ ਪਾਉਂਦੀ ਤੇ ਦੂਜੇ ਹੀ ਪਲ ਸਰੋਤੇ ਹਸ ਰਹੇ ਹੁੰਦੇ। ਦੂਨੀ ਚੰਦ ਦਾ ਕਿਲੇ ਚੋਂ ਦੌੜਣ ਦਾ ਦ੍ਰਿਸ਼ :

ਸਾਰਿਆਂ ਨੇ ਰਲ ਕੇ ਪਕਾਇਆ ਇਕ ਬਾਤ ਨੂੰ
ਕਿਲੇ ਦੀ ਪਛਾੜੀ ਵਲੋਂ ਦੌੜ ਜਾਈਏ ਰਾਤ ਨੂੰ
ਚੋਵਾਂ ਪੰਜਾਂ ਪਹਿਲੋਂ ਦੂਨੀ ਚੰਦ ਤਾਈਂ ਚੱਕਿਆ
ਪੰਜਾਂ ਛਿਆਂ ਜੇਣਿਆਂ ਨੇ ਪਿਛੋਂ ਹੋ ਕੇ ਧੱਕਿਆ



Sri Satguru Jagjit Singh Ji Elibrary NamdhariElibrary@gmail.com

ਧੱਕੇ ਧੁੱਕੇ ਦੇ ਕੇ ਤੇ ਜ਼ੋਰ ਜਾਰ ਲਾ ਕੇ
ਦੁਨੀ ਚੰਦ ਤਾਈਂ ਉਹਨਾਂ ਕੰਧ ਤੇ ਚੜ੍ਹਾ ਕੇ
ਖੂਹ ਉਤੋਂ ਮੋਟੀ ਸਾਰੀ ਲੱਜ ਮੰਗਵਾ ਕੇ
ਦੋਹਰਾ ਤੇਰਾ ਵਲ ਉਹਦੇ ਵਿਡ ਤਾਈਂ ਪਾ ਕੇ
ਹੌਲੀ ਹੌਲੀ ਸਾਰਿਆਂ ਨੇ ਲੱਤਾਂ ਵਲੋਂ ਚਾਇਆ ਏ
ਦੁਨੀ ਚੰਦ ਤਾਈਂ ਉਹਨਾਂ ਹੇਠਾਂ ਲਮਕਾਇਆ ਏ
ਦੁਨੀ ਚੰਦ ਭਾਰਾ ਸੀ ਤੇ ਰਸਾ ਕਮਜ਼ੋਰ ਸੀ
ਬੋਰੇ ਨਾਲ ਬੱਧੀ ਹੋਈ ਕਾਮਕੇ ਦੀ ਡੋਰ ਸੀ
ਪਾਈ ਦੁਨੀ ਚੰਦ ਨੇ ਬਥੇਰੀ ਹਾਲ ਪਾਹਰਿਆ
(ਪਰ) ਰੱਸੇ ਕੋਲੋਂ ਭਾਰ ਉਹਦਾ ਗਿਆ ਨਾ ਸਹਾਰਿਆ ।

ਕਵੀ ਦਰਬਾਰ ਦੇ ਅੰਤ ਉਤੇ ਗੁਰਦੇਵ ਸਿੰਘ ਕੋਇਲ ਦਾ ਗੀਤ ਸੀ । ਕੋਇਲ ਦੀ ਵਿਯੋਗੀ ਹੂਕ ਨਿਕਲ ਰਹੀ ਸੀ :

ਚੰਨ ਚੜ੍ਹਿਆ ਕੁਲ ਆਲਮ ਵੇਖੇ
ਮੈਂ ਵੇਖਾਂ ਰਾਹ ਤੇਰਾ
ਲਖਾਂ ਚੰਨ ਚੜ੍ਹੇ ਤੇ ਚਮਕੇ
ਸਾਨੂੰ ਪ੍ਰੀਤਮ ਬਾਝ ਹਨੇਰਾ

ਰਣਧੀਰ ਸਿੰਘ ਧੀਰਾ ਦਾ ਲਿਖਿਆ ਹੋਇਆ ਗੀਤ ਗਾਇਆ ਗਿਆ । ਸੰਤ ਖਜ਼ਾਨ ਸਿੰਘ ਦੀ ਤਬਲੇ ਉਤੇ ਕਲਾਕਾਰੀ ਗੀਤ ਨੂੰ ਹੋਰ ਨਿਖਾਰ ਰਹੀ ਸੀ । ਕੋਇਲ ਨੇ ਮੇਲਾ ਲੁਟ ਲਿਆ ਸੀ । ਸਮਾਪਤੀ ਵੇਲੇ ਆਪਣੇ ਡੇਰਿਆਂ ਵਲ ਜਾਂਦੀਆਂ ਸੰਗਤਾਂ ਦੀਆਂ ਬੁਕਲਾਂ ਵਿਚ ਟੇਪ ਰਿਕਾਰਡਾਂ ਵਿਚੋਂ ਕੋਇਲ ਦੇ ਬੋਲ ਗੂੰਜ ਰਹੇ ਸਨ ।

ਰੁੱਤਾਂ ਦੇ ਪੂਰ ਗਏ ਸਾਡੇ ਨੈਣ ਵੀ ਤੱਕ ਤੱਕ ਹਾਰੇ
ਇਕ ਦੁਖ ਪ੍ਰਦੇਸੀ ਦਾ ਜਿਹੜਾ ਲੂਣ ਵਾਂਗ ਜਿੰਦ ਖਾਰੇ
ਕੀ ਪਤਾ ਸੀ ਸੰਗਤਾਂ ਨੂੰ ਪ੍ਰੀਤਮ ਤੁਰ ਜਾਣਾ ਪ੍ਰਦੇਸੀਂ
ਨਾ ਦਸਿਆ ਕੂੰਜਾਂ ਨੇ ਕੱਲਾ ਰਹਿੰਦਾ ਕਿਹੜੇ ਵੇਸੀਂ
ਕੋਈ ਕੱਲਾ ਹੋਵੇ ਨਾ ਕੱਲੇ ਪਲ ਸਦੀਆਂ ਤੋਂ ਭਾਰੇ
ਇਕ ਦੁਖ ਪ੍ਰਦੇਸੀ ਦਾ.........

## ਆਸਾ ਦੀ ਵਾਰ

੧੫ ਅਕਤੂਬਰ ਦੀ ਆਸਾ ਦੀ ਵਾਰ ਦਾ ਕੀਰਤਨ ਤਾਂ ਕਦੋਂ ਦਾ ਸ਼ੁਰੂ ਹੋ ਚੁਕਾ ਸੀ । ਅਸੀਂ ਕਵੀ ਦਰਬਾਰ ਦੇ ਉਨੀਂਦਰੇ ਸੁੱਤੇ ਰਹੇ । ਜਦੋਂ ਤਿਆਰ ਹੋ ਕੇ ਕੀਰਤਨ ਵਿਚ ਪੁਜੇ ਤਾਂ ਰਾਗੀ ਸ਼ਬਦ ਪੜ੍ਹ ਰਹੇ ਸਨ "ਸੋਇ ਰਹੀ ਪ੍ਰਭ ਖਬਰਿ ਨਾ ਜਾਨੀ ॥ ਭੋਰੁ ਭਇਆ ਬਹੁਰਿ ਪਛੁਤਾਨੀ" ॥

ਸ਼ਬਦ ਦੀਆਂ ਤੁਕਾਂ ਦੱਸ ਰਹੀਆਂ ਸਨ ਕਿ ਬੇਖਬਰ ਹੋ ਕੇ ਸੌਂ ਰਹੇ ਬਾਅਦ ਵਿਚ ਪਛਤਾਵਾ ਲਗਾ । ਰਾਤ ਸੌਂ ਰਹਿਣ ਦਾ ਵੀ ਤਾਂ ਪਛਤਾਵਾ ਸੀ ਪਰ ਸ਼ਬਦ ਚੋਟ ਮਾਰ ਰਿਹਾ ਸੀ ਕਿ ਉਮਰ ਵੀ ਪ੍ਰਭੂ ਸਿਮਰਨ ਬਗੈਰ ਸੌਂ ਕੇ ਗਵਾ ਲਈ ਹੈ ।

ਕੀਰਤਨ ਦਾ ਮਸਤ ਰੰਗ ਅਲੌਕਿਕ ਅਤੇ ਦੈਵੀ ਵਾਤਾ-ਵਰਨ ਸਿਰਜ ਰਿਹਾ ਸੀ ! ਨਿਮੀ ਨਿਮੀ ਠੰਡ 'ਚ ਚਾਦਰਾਂ ਦੀਆਂ ਬੁਕਲਾਂ ਵਿਚ ਬੈਠੀਆਂ ਮਾਲਾ ਫੇਰਦੀਆਂ ਸੰਗਤਾਂ । ਬੋਹੜ ਹੇਠਾਂ ਮਠਾ ਮਠਾ ਚਾਨਣ । ਥੜੇ ਉਤੇ ਸਟੇਜ ਤੇ ਸ੍ਰੀ ਸਤਿਗੁਰੂ ਜੀ ਆਪਣੇ ਸਾਜ਼ ਸਹਿਤ, ਕੀਰਤਨ ਮਗਨ। ਨਾਲ ਮਹਾਰਾਜ ਬੀਰ ਸਿਘ ਜੀ, ਉਸਤਾਦ ਪਿਆਰਾ ਸਿੰਘ ਤਾਰ ਸ਼ਹਿਨਾਈ ਸਹਿਤ । ਨਾਲ ਹੀ ਗੁਰਦੇਵ ਸਿੰਘ ਸਰੋਦ ਲੈਕੇ ਅਤੇ ਬਲਜੀਤ ਸਿੰਘ ਤਾਰ ਸ਼ਹਿਨਾਈ ਸਹਿਤ ਬੈਠੇ ਸਨ । ਇਨ੍ਹਾਂ ਦੇ ਸਾਹਮਣੇ ਵਿਸ਼ੇਸ਼ ਸਟੇਜ ਤੇ ਸਤਿਗੁਰੂ ਜੀ ਵਲ ਮੂੰਹ ਕਰ ਕੇ ਰਾਗੀਆਂ ਦਾ ਜਥਾ ਸੀ । ਹਰਭਜਨ ਸਿੰਘ ਜੀ ਹਾਰਮੋਨੀਅਮ ਉਤੇ, ਹਰਬੰਸ ਸਿੰਘ ਦਿਲਰੁਬਾ ਨਾਲ, ਸੰਤ ਖਜ਼ਾਨ ਸਿੰਘ ਆਟੇ ਦੇ ਧਾਮੇ ਵਾਲੇ ਉਚੇ ਪੁੜੇ ਨਾਲ ਅਤੇ ਸੁਖਵਿੰਦਰ ਸਿੰਘ ਡੁਗੀ ਵਾਲੀ ਤਬਲਾ ਜੋੜੀ ਨਾਲ । ਕੋਲ ਹੀ ਸੁਖਦੇਵ ਸਿੰਘ ਮੋਹਣ ਸਿੰਘ ਅਤੇ ਹੋਰ ਵਿਦਿਆਰਥੀ ਕੀਰਤਨੀਏ ਬੈਠੇ ਸਨ । ਪਿਛਲੇ ਪਾਸੇ ਇਕ ਅਭਿਆਸੀ ਵਿਦਿਆਰਥੀ ਦਿਲਰੁਬਾ ਉਤੇ ਗਜ਼ ਫੇਰ ਰਿਹਾ ਸੀ । ਇਕ ਸਿਖਿਆਰਥੀ ਪਿਛਲੇ ਪਾਸੇ ਤਬਲੇ ਤੇ ਮਠੇ ਮਠੇ ਹੱਥਾਂ ਨਾਲ ਨਕਲ ਕਰ ਰਿਹਾ ਸੀ ।

ਭਾਵੇਂ ਅਸੀਂ ਲੇਟ ਹੀ ਪੁਜੇ ਸਾਂ ਪਰ ਫਿਰ ਵੀ ਕੋਈ ਇਕ ਘੰਟੇ ਦੇ ਕੀਰਤਨ ਵਿਚ ਧਰੁਪਦ, ਧਮਾਰ ਅਤੇ ਆਸਾ ਦੀ ਵਾਰ ਦੀਆਂ ਪਰਮਾਨਿਕ ਗੁਰਮਤ ਰੀਤਾਂ ਵਿਚ ਕੀਰਤਨ, ਤਬਲਿਆਂ ਦੇ ਤਾਲਾਂ ਦੀ ਗੂੰਜਾਰਾਂ, ਸਰੋਦ, ਤਾਰ ਸ਼ਹਿਨਾਈ ਦੀਆਂ ਯੁਗਲ ਬੰਦੀਆਂ ਸਹਿਤ ਸੁਤੰਤਰ ਵਾਦਨ ਅਤੇ ਸਤਿਗੁਰੂ ਜੀ ਦੀਆਂ ਉਚਾਰਣ ਕੀਤੀਆਂ ਗੀਤਾਂ ਅਤੇ ਤਿਹਾਈਆਂ ਅਤੇ ਲੈਅਕਾਰੀ ਦਾ ਆਨੰਦ ਮਾਣ ਹੀ ਲਿਆ ।

ਕੀਰਤਨ ਦੀ ਸਮਾਪਤੀ ਉਤੇ ਸਤਿਗੁਰੂ ਜੀ ਨੇ ਇਕ ਨਵੀਂ ਸਿਤਾਰ ਕਾਕਾ ਸੁਰਿੰਦਰ ਸਿੰਘ 'ਸਿੰਦਰੀ' ਨੂੰ ਬਖਸ਼ਿਸ਼ ਕੀਤੀ । ਸੁਰਿੰਦਰ ਸਿੰਘ ਅੱਜ ਕਲ੍ਹ ਸਿਤਾਰ ਸਿਖਸ਼ਾ ਸ੍ਰੀ ਨਰਿੰਦਰ ਕੁਮਾਰ ਨਰੂਲਾ ਪਾਸੋਂ ਲੈ ਰਿਹਾ ਹੈ ।

## ਦੀਵਾਨ

ਅੱਜ ਸਾਰਾ ਦਿਨ ਢੋਲਕ ਛੈਣਿਆਂ ਨਾਲ ਹੱਲੇ ਦੇ ਦੀਵਾਨ ਸਜੇ ਰਹੇ ਜਿਸ ਵਿਚ ਸੰਤ ਭਗਵਾਨ ਸਿੰਘ ਭੜੋਲਿਆਂ ਵਾਲੇ, ਸੰਤ ਬਲਵੰਤ ਸਿੰਘ ਕਪੂਰਾ, ਜਥੇਦਾਰ ਨਰੰਜਨ ਸਿੰਘ ਗਵਾਲੀਅਰ ਅਤੇ ਅਮਰ ਸਿੰਘ ਨਕੋੜਾ ਨੇ



Sri Satguru Jagjit Singh Ji Elibrary NamdhariElibrary@gmail.com

ਆਪਣੇ ਆਪਣੇ ਢੰਗ ਨਾਲ ਆਪਣੀ ਆਪਣੀ ਸ਼ੈਲੀ ਵਿਚ ਵਿਖਿਆਨ ਅਤੇ ਕੀਰਤਨ ਜਾਰੀ ਰੱਖੇ।

ਦੁਪਹਿਰ ਬਾਅਦ ਇਕ ਘੰਟੇ ਦਾ ਨਾਮ ਸਿਮਰਨ ਹੋਇਆ। ਉਪਰੰਤ, ਰਾਗੀਆਂ ਦੇ ਕੀਰਤਨ ਵਿਚ ਭੀਮ ਪਲਾਸੀ ਦਾ ਧਰੁਪਦ ਅਤੇ ਸ਼ਬਦ ਗਾਇਆ ਗਿਆ। ਧਰੁਪਦ ੧੦ ਮਾਤਰਾ ਦਾ ਸੀ ਅਤੇ ਦਸਮ ਗਰੰਥ ਦਾ ਲਗਦਾ ਸੀ। ਇਸ ਵਿਚ ਤਾਲਾਂ ਮਾਤਰਾਵਾਂ ਦੀ ਉਲਟ-ਪੁਲਟ ਅਤੇ ਤਿਹਾਈਆਂ ਦੀ ਥਾਓਂ ਟਿਕਾਣਿਆਂ ਤੋਂ ਅਗੇ ਪਿਛੇ ਵੀ ਜੜਤ ਤੋਂ ਅੰਦਾਜ਼ਾ ਲਗਦਾ ਸੀ ਕਿ ਇਹ ਬੰਦਿਸ਼ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਹੋ ਸਕਦੀ ਹੈ। ਇਸ ਸੰਗੀਤ ਰਚਨਾ ਦੀ ਸਮਾਪਤੀ ਤੇ ਮੈਂ ਇਕ ਚਿੱਟ ਮਹਾਰਾਜ ਬੀਰ ਸਿੰਘ ਜੀ ਨੂੰ ਲਿਖ ਭੇਜੀ ਕਿ ਗਾਈ ਗਈ ਬੰਦਸ਼ ਬਾਰੇ ਜਾਣਕਾਰੀ ਦਿਤੀ ਜਾਵੇ। ਉਨ੍ਹਾਂ ਅਸਮਰਥਾ ਪ੍ਰਗਟਾ ਕੇ ਚਿਟ ਸਤਿਗੁਰੂ ਜੀ ਅਗੇ ਰੱਖ ਦਿਤੀ, ਉਨ੍ਹਾਂ ਜੋ ਬੰਦਸ਼ ਬਾਰੇ ਦਸਿਆ ਉਹ ਇਵੇਂ ਸੀ।

"ਪ੍ਰਿਥਮ ਮਧ ਕਹਿਤ" ਇਹ ਕਬਿਤ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਚੰਡੀ ਚ੍ਰਿਤਰ ਦੇ ਅਖੀਰ ਵਿਚ ਹੈ। ਦਸ ਮਾਤਰਾ ਵਿਚ ਸ਼ੁਰੂ ਕੀਤਾ ਗਿਆ ਫੇਰ ਨੌਂ ਮਾਤਰਾ ਵਿਚ ਸਥਾਈ, ਗਿਆਰਾਂ ਮਾਤਰਾ ਵਿਚ ਅੰਤਰਾਂ, ਤੇਰਾਂ ਮਾਤਰਾ ਵਿਚ ਸੰਚਾਰੀ ਅਤੇ ਫ਼ੇਰ ੧੦ ਮਾਤਰਾ ਵਿਚ ਆਭੋਗ। ਕੁਝ ਤਿਹਾਈਆਂ ਹਨ ਜਿਨ੍ਹਾਂ ਵਿਚ ਆਪਸ ਦਾ ਫਾਸਲਾ ਪੌਣੀ ਮਾਤਰਾ ਜਾਂ ਸਵਾ ਮਾਤਰਾ ਦਾ ਸੀ।"

ਸਚਮੁਚ ਹੀ ਇਹ ਰਚਨਾ ਸੰਗੀਤ ਵਿਦਵਾਨਾਂ ਵਾਸਤੇ ਇਕ ਚਣੌਤੀ ਵਾਂਗ ਸੀ। ਇਸ ਤੋਂ ਬਾਅਦ ਤੀਨ ਤਾਲ ਵਿਚ ਸਿਧਾ ਸ਼ਬਦ ਰਾਗੀਆਂ ਨੇ ਗਾਇਆ, "ਬਿਸਰਿ ਗਈ ਸਭ ਤਾਤ ਪਰਾਈ ਜਬ ਤੇ ਸਾਧ ਸੰਗਤਿ ਮੋਹਿ ਪਾਈ।

## ਕਵਾਲੀ

ਸ਼ਾਮ ਦੇ ਦੀਵਾਨ ਬਾਅਦ ਮਾਲੇਰਕੋਟਲੇ ਦੇ ਕਵਾਲ ਬਾਬੂ ਖਾਂ ਅਤੇ ਹਯਾਤ ਮੁਹੰਮਦ ਖਾਂ ਆਪਣੇ ਸਾਥੀਆਂ ਨਾਲ ਸਟੇਜ ਤੇ ਆ ਗਏ।

ਹਾਰਮੋਨੀਅਮ ਦੇ ਨਗਮੇ ਤੇ ਤਬਲੇ ਦੀ ਇਕ ਬੱਝੀ ਹੋਈ ਲੈਅ ਦੇ ਨਾਲ ਆਲਾਪ ਸ਼ੁਰੂ ਹੋਇਆ।

ਜਹਾਂ ਜ਼ਿਕਰੇ ਹਬੀਬ ਹੋਤਾ ਹੈ
ਖ਼ੁਦਾ ਉਸ ਕੇ ਕਰੀਬ ਹੋਤਾ ਹੈ
ਤੇਰੀ ਚੌਖਟ ਸੇ ਮਾਂਗਨੇ ਵਾਲਾ
ਕੌਣ ਕਹਿਤਾ ਹੈ ਗਰੀਬ ਹੋਤਾ ਹੈ

ਫੇਰ ਅਨੇਕਾਂ ਉਰਦੂ ਦੇ ਸ਼ਿਅਰਾਂ ਨਾਲ ਰਾਗਦਾਰੀ ਦਖਾਉਂਦੇ ਹੋਣੇ ਕਵਾਲੀ ਦੀ ਸਥਾਈ ਤੇ ਆਏ

ਤੇਰੀ ਚੌਖਟ ਪੈ ਆਨਾ ਮੇਰਾ ਕਾਮ ਥਾ
ਮੇਰੀ ਬਿਗੜੀ ਬਨਾਨਾ ਤੇਰਾ ਕਾਮ ਹੈ

ਅਤੇ ਫੇਰ ਏਧਰ ਸ਼ਿਅਰਾਂ ਨੂੰ ਟਿਕਾ ਟਿਕਾ ਕੇ ਸੁਣਾ ਰਹੇ ਸਨ ਉਧਰੋਂ ਸੰਗਤਾਂ ਵਲੋਂ ਮਾਇਆ ਦਾ ਮੀਂਹ ਵਰ ਰਿਹਾ ਸੀ। ਕਵਾਲੀ ਚਲ ਰਹੀ ਸੀ...

ਮੈਂ ਖੁਦ ਸੋਚਤਾ ਹੂੰ ਕਿ ਮਾਂਗੂੰ ਭਲਾ ਕਿਆ
ਸਮੁੰਦਰ ਸੇ ਮਾਂਗੂੰ ਮੈਂ ਸ਼ਬਨਮ ਕਾ ਕਤਰਾ
ਮੁੱਝੇ ਸ਼ਰਮ ਆਤੀ ਹੈ ਖੁਦ ਮਾਂਗਤੇ ਕੋ
ਕਹਾਂ ਮੇਰੀ ਝੋਲੀ ਕਹਾਂ ਯਹ ਖਜ਼ਾਨਾ
ਕਹਾਂ ਚੌਖਟ ਤੇਰੀ ਕਹਾਂ ਮੇਰੀ ਗਲੀ
ਤੇਰੇ ਫੈਜ਼ੇ ਕਰਮ ਕੀ ਤੋ ਹੱਦ ਹੀ ਨਹੀਂ
ਜਿਸ ਕੋ ਦੁਨੀਆਂ ਮੇ ਨਾ ਕੋਈ ਅਪਣਾ ਕਹੇ
ਉਸ ਕੋ ਅਪਨਾ ਬਨਾਨਾ ਤੇਰਾ ਕਾਮ ਹੈ

ਕਵਾਲੀ ਦੀ ਸਮਾਪਤੀ ਤੇ ਲੈਅ ਦੀ ਗਤੀ ਵਿਲੰਭਤ ਕੀਤੀ ਤੇ ਅੰਤ ਤੇ ਸ਼ਿਅਰ ਪੜ੍ਹਿਆ "ਛੋਡ ਦੀ ਮੈ ਨੇ ਕਿਸ਼ਤੀ ਤੇਰੇ ਨਾਮ ਪਰ ਅਬ ਕਿਨਾਰੇ ਲਗਾਨਾ ਤੇਰਾ ਕਾਮ ਹੈ।" ਸਾਰੇ ਪਾਸੇ ਵਾਤਾਵਰਨ ਵਿਚ ਵਜਦ ਤਾਰੀ ਸੀ।

ਦੂਸਰੀ ਕਵਾਲੀ ਪੰਜਾਬੀ ਵਿਚ ਸੀ। ਥੋਹੜਾ-ਚਿਰ ਹਾਰਮੋਨੀਅਮ ਤੇ ਨਗਮਾ ਵਜਿਆ ਅਤੇ ਹੱਥਾਂ ਨਾਲ ਇਕ ਬਧੀ ਲੈਅ ਵਿਚ ਫਿਤਾਲ ਦਿਤੇ ਗਏ।

ਬੂਹੇ ਤੇਰੇ ਸਤਿਗੁਰੂ ਝੋਲੀ ਫੈਲਾਵਨ ਆ ਗਏ
ਮਾਰੇ ਧੱਕੇ ਧੌਲਿਆਂ ਦੇ ਦੁੱਖ ਸੁਨਾਵਨ ਆ ਗਏ।
ਅਤੇ ਸਤਿਗੁਰੂ ਦੇ ਦਰ ਤੋਂ ਝੋਲੀਆਂ ਭਰੀਆਂ ਗਈਆਂ

ਪੰਜਾਬੀ ਕਵਾਲੀ ਦੇ ਸ਼ਿਅਰ ਫਿਜ਼ਾ ਵਿਚ ਬਿਖਰ ਚੁਕੇ ਸਨ।

ਮੈਂ ਨੀਵੀਂ ਮੇਰੇ ਸਤਿਗੁਰ ਉੱਚੇ
ਨੀ ਮੈਂ ਉਚਿਆਂ ਦੇ ਸੰਗ ਲਾਈ
ਵਾਰੀ ਜਾਵਾਂ ਇਹਨਾਂ ਉਚਿਆਂ ਦੇ
ਜਿਨੇ, ਨੀਵਿਆਂ ਸੰਗ ਨਿਭਾਈ

ਦਾਤਾ ਮੇਰੀ ਜੇ ਝੋਲੀ ਭਰ ਦੇਵੇਂ
ਤਾਂ ਕੀ ਤੇਰਾ ਖਜ਼ਾਨਾ ਮੁੱਕ ਚੱਲਿਆ
ਝੋਲੀ ਭਰ ਵੀ ਦੇਵੇਂ ਤਾਂ ਕਿਹੜਾ
ਸਾਡਾ ਆਣਾ ਜਾਣਾ ਮੁੱਕ ਚੱਲਿਆ
(ਮਸਤਾਨੇ ਸਿੰਘ ਵਲੋਂ ਲੇਰਾਂ)



Sri Satguru Jagjit Singh Ji Elibrary NamdhariElibrary@gmail.com

ਕੋਈ ਐਸ ਦਰੋਂ ਖਾਲੀ ਨਾ ਗਿਆ
ਜਿਸ ਜੋ ਮੰਗਿਆ ਉਸ ਸੋ ਪਾਇਆ
ਤੇਰਾ ਫੈਜ਼ ਨਾ ਮੁੱਕਿਆ ਵਾ ਸਖੀਆ
ਮੰਗ ਮੰਗ ਕੇ ਜ਼ਮਾਨਾ ਮੁੱਕ ਚੱਲਿਆ

ਐਥੇ ਰਹਿਮਤਾਂ ਦਾ ਵਗੇ ਦਰਿਆ
ਐਥੇ ਭਲੀਆਂ ਬੁਰੀਆਂ ਤਾਰੀਆਂ
ਕੀ ਹੋਇਆ ਜੇ ਤਾਰ ਦੇਵੇਂ
ਅੱਜ ਬੇੜੀ ਔਗਣਹਾਰ ਦੀ।

ਮੈਂ ਤੇਰੀ ਮੁਹਤਾਜ ਮੰਗਤੀ ਅਜ ਕਾਸਾ ਫੜ ਕੇ ਆ ਗਈ
ਤੂੰ ਸ਼ਹਿਨਸ਼ਾਹ ਹੈ ਹੁਸਨ ਦਾ ਅੱਜ ਖੈਰ ਪਾ ਦੀਦਾਰ ਦੀ
ਮੇਰੇ ਵਰਗੇ ਸੱਗ ਕਿਥੇ ਲਾਇਕ ਤੇਰੇ ਦਰਬਾਰ ਦੇ
ਤੇਰਿਆਂ ਮਸਤਾਂ ਦੇ ਵਿਚ ਨਾਵਾਂ ਲਿਖਾਵਣ ਆ ਗਏ
ਕਾਅਬੇ ਨੂੰ ਸਜਦੇ ਮੈਂ ਕਰਾਂ ਕਾਅਬਾ ਵੀ ਝੁਕਦਾ ਤੇਰੇ ਵਲ
ਕਾਅਬੇ ਦੇ ਕਾਅਬੇ ਤੇ ਅੱਜ ਸਿਰ ਨੂੰ ਝੁਕਾਵਣ ਆ ਗਏ।

ਰਾਤ ਨੂੰ ਹੱਲੇ ਦੇ ਦੀਵਾਨਾਂ ਵਿਚ ਜਥੇਦਾਰ ਜਗਦੀਸ਼ ਸਿੰਘ ਅੰਮ੍ਰਿਤਸਰ, ਸੂਬਾ ਮੇਲਾ ਸਿੰਘ, ਜਥੇਦਾਰ ਮੋਹਨ ਸਿੰਘ ਗਵਾਲੀਅਰ ਅਤੇ ਜਥੇਦਾਰ ਅਮਰ ਸਿੰਘ ਗਵਾਲੀਅਰ ਨੇ ਰਾਤ ਦੋ ਵਜੇ ਤੱਕ ਕੀਰਤਨ ਕੀਤਾ।

੧੬ ਅਕਤੂਬਰ ਦੁਸਹਿਰੇ ਵਾਲਾ ਦਿਨ ਸੀ। ਆਸਾ ਦੀ ਵਾਰ ਬਾਅਦ ਮਹਾਰਾਜ ਬੀਰ ਸਿੰਘ ਜੀ ਦਾ ਭਾਸ਼ਨ ਹੋਇਆ ਜਿਸ ਵਿਚ ਉਹਨਾਂ ਅਜਕਲ ਰਾਮ ਲੀਲਾ ਦੇ ਡਰਾਮਿਆਂ ਵਿਚ ਭਗਵਾਨ ਰਾਮ ਚੰਦਰ ਜੀ ਅਤੇ ਹੋਰ ਮਹਾਂ ਪੁਰਖਾਂ ਦੀ ਨਕਲ ਲਾਹੁਣ ਦੀ ਕ੍ਰਿਆ ਨੂੰ ਮਾੜਾ ਦਸਿਆ। ਮਹਾਰਾਜ ਜੀ ਨੇ ਇਸ ਉਪਰੰਤ ਸ੍ਰੀ ਜੀਵਨ ਨਗਰ ਕਾਲਜ ਵਾਸਤੇ ਮਾਇਆ ਦੇਣ ਦੀ ਅਪੀਲ ਕੀਤੀ ਤਾਂ ਸਾਧ ਸੰਗਤ ਨੇ ਉਸ ਤੇ ਸ਼ਰਧਾ ਪੂਰਵਕ ਫੁਲ ਚੜ੍ਹਾਏ।

ਦਿਨੇ ਜਥੇਦਾਰ ਨਿਰੰਜਨ ਸਿੰਘ ਟਮਕੋਦੀ, ਜ: ਨਿਰੰਜਨ ਸਿੰਘ ਕੰਗਨਪੁਰ, ਜ: ਗੁਰਬਚਨ ਸਿੰਘ ਸੰਤ ਨਗਰ ਅਤੇ ਜਥੇਦਾਰ ਸੰਤ ਬਲਵੰਤ ਸਿੰਘ ਜੀ ਡਾਲਟਨਗੰਜ ਦੇ ਕੀਰਤਨ ਬਾਅਦ ਪੰਡਿਤ ਗੋਪਾਲ ਸਿੰਘ ਜੀ ਦਾ ਵੀ ਅੱਜ ਦੀਵਾਨ ਲਗਾ। ਪੰਡਿਤ ਜੀ ਕਾਫੀ ਚਿਰ ਪਿਛੇ ਬੀਮਾਰ ਰਹੇ ਹਨ। ਭਾਵੇਂ ਬੈਂਕੋਕ ਵਿਚ ਵੀ ਉਹਨਾਂ ਨੂੰ ਬੋਲਦਿਆਂ ਸੁਣਿਆ ਸੀ ਪਰ ਹੱਲੇ ਦੇ ਦੀਵਾਨ ਜਿਹੇ ਜ਼ੋਰਦਾਰ ਕਾਰਜ ਵਾਸਤੇ ਅਜ ਉਹਨਾਂ ਦਾ ਤਿਆਰ ਹੋਣਾਂ ਬਹੁਤ ਖੁਸ਼ੀ ਵਾਲੀ ਗਲ ਸੀ। ਪੰਡਿਤ ਜੀ ਦਾ ਮੁਖ ਵਿਸ਼ਾ ਦੁਸਹਿਰਾ ਸੀ ਅਤੇ ਇਸ ਉਤੇ ਉਹਨਾਂ ਜਾਣਕਾਰੀ ਭਰਪੂਰ ਭਾਸ਼ਨ ਵਿਚ ਦਸਿਆ ਕਿ ਅਜ ਦੇ ਦਿਨ ਦਸਾਂ ਪਾਪਾਂ ਨੂੰ ਦੂਰ ਕਰਨ ਵਾਲੀ ਗੰਗਾਂ ਦਾ ਜਨਮ ਹੋਇਆ। ਚਾਰ ਗੱਗਿਆ ਗੰਗਾ, ਗੀਤਾ, ਗੋਬਿੰਦ ਗੁਰੂ ਚੋਂ ਗੁਰੂ ਦੀ ਵਿਸ਼ੇਸ਼ਤਾ ਸਭ ਤੋਂ ਵਧ ਹੈ। ਵਿਚਾਰ ਪਰਵਾਹ ਵਿਚ ਉਹਨਾਂ ਦਸਹਿਰਾ ਸ਼ਬਦ ਦੇ ਅਰਥਾਂ ਵਿਚ ਕਈ ਪਰਕਾਰ ਦੇ ਦਸਹਿਰੇ ਗਿਣਵਾਏ। ਫੇਰ ਉਹਨਾਂ ਕਈ ਨਾਮ ਰਾਮ ਦੇ ਗਿਣਵਾਏ ਜਿਵੇਂ, ਰਮੰਤੀ ਰਾਮ, ਪਰਸ ਰਾਮ, ਭਗਵਾਨ ਰਾਮ ਚੰਦਰ, ਬਲਰਾਮ, ਗੁਰੂ ਰਾਮ ਦਾਸ, ਸਤਿਗੁਰੂ ਰਾਮ ਸਿੰਘ, ਰਾਮ ਗਣ, ਕਵੀ ਰਾਮ, ਫੇਰ ਰਾਮ ਦੇ ਅਰਥ ਸੁੰਦਰ, ਮਨ ਅਤੇ ਆਗਿਆਕਾਰੀ ਦਸ ਕੇ ਅਗੋਂ ਫੇਰ ਭਗਵਾਨ ਰਾਮ ਚੰਦਰ ਜੀ ਦੇ ਜੀਵਨ ਅਤੇ ਦਸਹਿਰੇ ਸਬੰਧੀ ਖੋਜ ਪੂਰਨ ਦੀਵਾਨ ਲਾਇਆ।—

ਨਿਤਨੇਮ ਦਾ ਸਮਾਂ ਹੋ ਗਿਆ ਸੀ ਅਤੇ ਮੇਲੇ ਦੀ ਹਾਜ਼ਰੀ ਸਿਖੰਰ ਜੋਬਨ ਤੇ ਸੀ।

ਰਾਗੀਆਂ ਨੇ ਦਸਮ ਗਰੰਥ ਚੋਂ ਰਾਮ ਅਵਤਾਰ ਕਥਾ ਚੋਂ ਸ਼ਬਦ ਪੜ੍ਹਿਆ 'ਸੂਰਬੀਰਾ ਸਜੇ ਘੋਰ ਬਾਜੇ ਬਜੇ
ਭਾਜ ਭਾਜ ਕੰਤਾ ਸੁਣੇ ਰਾਮ ਆਏ

ਸ਼ਬਦ ਕੀ ਸੀ? ਅਸਮਾਨ ਹਿਲਾਉਂਦੀਆਂ ਸੁਰਾਂ ਅਤੇ ਸੰਤ ਖਜ਼ਾਨ ਸਿੰਘ ਦੇ ਮਿਰਦੰਗੀ ਤਬਲੇ ਦੇ ਬੋਲਾ ਦੀ ਗੂੰਜ ਵਿਚ ਭਗਵਾਨ ਰਾਮ ਦੀ ਲੰਕਾ ਉਤੇ ਚੜਤ ਕਲਿਜੁਗ ਵਿਚ ਰੂਪਮਾਨ ਹੋ ਗਈ ਸੀ। ਸੁੰਦਰ ਕਾਵਿ ਅਤੇ ਸੰਗੀਤ ਦੇ ਮੇਲ ਕਾਰਨ

ਰਾਤ ਨੂੰ ਨਾਮਧਾਰੀ ਦਰਬਾਰ ਦੀ ਮੀਟਿੰਗ ਵਿਚ ਅਸੀਂ ਰੁਝ ਗਏ। ਅਜ ਫੇਰ ਕਵੀ ਦਰਬਾਰ ਸੀ ਨਰੋਲ ਨਾਮਧਾਰੀ ਕਵੀਆਂ ਦਾ। ਮਾਸਟਰ ਅਮਰੀਕ ਸਿੰਘ ਜਿਹੇ ਤਜਰਬੇਕਾਰ ਸਾਹਿਤਕਾਰ ਇਸ ਦਾ ਸੰਚਾਲਨ ਕਰ ਰਹੇ ਸਨ। ਸ੍ਰੀ ਜੁਗਿੰਦਰ ਸਿੰਘ ਮੁਕਤਾ, ਮਾਸਟਰ ਅਜੀਤ ਸਿੰਘ ਚੀਮਾ, ਰਾਮਪੁਰੀ, ਹਰਸਾ ਸਿੰਘ ਬਾਠ, ਘੁਲਾ, ਕੋਇਲ ਆਦਿ ਨੇ ਭਾਗ ਲਿਆ।

ਰਾਤ ਹੱਲੇ ਦੇ ਦੀਵਾਨਾਂ ਵਿਚ ਅੱਜ ਜਥੇਦਾਰ ਗਿਆਨ ਸਿੰਘ ਜੀ 'ਵੀਰੋਕੇ' ਦਾ ਦੀਵਾਨ ਸੀ। ਤਿਲ ਧਰਨ ਨੂੰ ਵੀ ਥਾਂ ਨਹੀਂ ਸੀ। ਜਥੇਦਾਰ ਜੀ ਨੇ ਆਪਣਾ ਕੁਝ ਸਮਾਂ ਕਵੀਆਂ ਦੀ ਮੰਗ ਤੇ ਉਹਨਾਂ ਨੂੰ ਦੇ ਦਿਤਾ ਹੋਇਆ ਸੀ ਬਾਕੀ ਸਮੇਂ ਵਿਚ ਉਹਨਾਂ ਦੁਸਹਿਰੇ ਦੇ ਅਵਸਰ ਅਤੇ ਗੁਰਮਤ ਫਲਸਫੇ ਉਤੇ ਲਾਇਆ। ਜਥੇਦਾਰ ਜੀ ਨੇ ੧੩ ਦੀ ਸ਼ਾਮ ਨੂੰ ਹੱਲੇ ਦਾ ਦੀਵਾਨ ਲਾਇਆ ਸੀ। ਕਬੀਰ ਜੀ ਦੇ ਸ਼ਬਦ "ਥਾਕੇ ਨੈਨ ਸ੍ਰਵਨ ਸੁਨਿ ਥਾਕੇ, ਥਾਕੀ ਸੁੰਦਰ ਕਾਇਆ।" ਦੀ ਪੀਲੂ ਵਿਚ ਟੇਕ "ਬਾਵਰੇ ਗਿਆਨ ਬੀਚਾਰ ਨਾ ਪਾਇਆ" ਦੇ ਆਧਾਰ ਤੇ ਭਰਪੂਰ ਫਲਸਫੀ



Sri Satguru Jagjit Singh Ji Elibrary NamdhariElibrary@gmail.com

ਵਿਚਾਰ ਰਖੇ। ਜਥੇਦਾਰ ਜੀ ਦੇ ਦੀਵਾਨ ਦੀ ਇਹ ਸਿਫਤ ਹੁੰਦੀ ਹੈ ਕਿ ਇਹ ਹੱਲੇ ਦੇ ਦੀਵਾਨ ਵਿਚ ਭਾਰਤੀ ਰਾਗਾਂ ਦੇ ਗਾਇਨ ਨੂੰ ਕੁਸ਼ਲਤਾ ਨਾਲ ਮਿਸ਼ਰਤ ਕਰਦੇ ਹਨ। ਗਾਇਨ ਅਤੇ ਸਾਜ਼ਾਂ ਦਾ ਵਾਦਨ ਇਕ ਖ਼ਾਸ ਤਰਤੀਬ ਵਿਚ ਹੁੰਦਾ ਹੈ। ਜਥੇਦਾਰ ਦਾਨ ਸਿੰਘ ਜੀ ਇਹਨਾਂ ਦੇ ਖ਼ਾਸ ਸਹਿਯੋਗੀ ਹਨ। ਹੱਲੇ ਦੇ ਦੀਵਾਨਾਂ ਵਿਚ ਆਮ ਤੌਰ ਤੇ ਸੰਤ ਬਲੀ ਸਿੰਘ ਹਾਰਮੋਨੀਅਮ ਅਤੇ ਗੁਰਮੁਖ ਸਿੰਘ ਸੰਤ ਨਗਰ ਢੋਲਕ ਨਾਲ ਦੀਵਾਨਾਂ ਦੀ ਸ਼ੋਭਾ ਹੁੰਦੇ। ਜਥੇਦਾਰ ਗਿਆਨ ਸਿੰਘ ਜੀ ਵਲੋਂ ਪੜ੍ਹਿਆ ਇਕ ਕਾਵ ਟੁਕੜਾ ਅਜੇ ਵੀ ਜ਼ਹਿਨ ਵਿਚ ਘੁੰਮ ਰਿਹਾ ਹੈ।

ਗਰ ਖ਼ੁਦਾ ਕਾਅਬੇ ਮੇਂ ਰਹਿਤਾ ਹੈ ਤੋ ਬੁਤ ਖਾਨੇ ਮੇਂ ਕੌਣ
ਹਰਿ ਹੈ ਗੰਗਾ ਜਲ ਮੇਂ ਤੋ ਜ਼ਮ ਜ਼ਮ ਕੇ ਪੈਮਾਨੇ ਮੇਂ ਕੌਣ

ਅੱਜ ਸਰਬ ਜਥੇਦਾਰ ਨਰੰਜਨ ਸਿੰਘ ਕੰਗਨਪੁਰ, ਗੁਰਬਚਨ ਸਿੰਘ ਸੰਤ ਨਗਰ, ਅਮਰ ਸਿੰਘ ਨਕੋੜਾ ਅਤੇ ਮੇਵਾ ਸਿੰਘ ਸੰਤ ਨਗਰ ਨੇ ਸਾਰੀ ਰਾਤ ਦੀਵਾਨ ਜਾਰੀ ਰੱਖੇ।

**ਅਨੰਦ ਕਾਰਜ**

ਸ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਲਿਖਿਆ ਹੈ, "ਵਿਆਹ ਦੋ ਤਕਦੀਰਾਂ ਦਾ ਸੰਜੋਗ ਹੈ। ਇਹ ਭੂਤ ਤੇ ਭਵਿਖ ਦਾ ਸੰਜੋਗ ਹੈ। ਬੀਤੀਆਂ ਸਦੀਆਂ ਦਾ ਆਉਣ ਵਾਲੀਆਂ ਸਦੀਆਂ ਨਾਲ ਗੰਢ-ਚਿਤਰਾਵਾ ਹੈ।"

ਇਹ ਤਕਦੀਰਾਂ ਦੇ ਭੂਤ ਭਵਿਖ ਦੇ ਸੰਜੋਗ, ਸਦੀਆਂ ਦੇ ਗੰਢ ਚਿਤਰਾਵੇ ਜੇ ਸਭ ਤੋਂ ਵਧ ਕਿਸੇ ਇਕ ਥਾਂ ਤੇ ਹੋਏ ਹਨ ਤਾਂ ਉਹ ਭੈਣੀ ਸਾਹਿਬ ਦੀ ਧਰਤੀ ਹੈ। ਇਥੇ ਹਰ ਮੇਲੇ ਤੇ ਅਨੰਦ ਕਾਰਜਾਂ ਦੇ ਸਮਾਰੋਹ ਹੁੰਦੇ ਹਨ। ਹਰ ਹਫਤੇ ਵੀ ਅਨੰਦ ਕਾਰਜ ਹੁੰਦੇ ਹਨ। ਇਹ ਥਾਂ ਦੁਨੀਆਂ ਨੂੰ ਸਾਦਗੀ, ਪਵਿੱਤਰਤਾ ਅਤੇ ਖ਼ੁਸ਼ਹਾਲੀ ਦਾ ਰਾਹ ਦਿਖਾ ਰਿਹਾ ਹੈ।

੧੭ ਅਕਤੂਬਰ ਮੇਲੇ ਦਾ ਅੰਤਮ ਦਿਨ ਵੀ ਹੈ ਅਤੇ ਅਨੇਕਾਂ ਜੋੜਿਆਂ ਦਾ ਗ੍ਰਹਿਸਥ ਮਾਰਗ ਦੇ ਆਰੰਭ ਦਾ ਦਿਨ ਵੀ ਹੈ। ਇਕ ਉਮੰਗਾਂ ਭਰਿਆ ਸੁਖਾਵਾਂ ਜਿਹਾ ਵਾਤਾਵਰਨ ਹੈ। ਅੱਜ ਦੀਵਾਨ ਦਾ ਪਰਬੰਧ ਸਿਮਰਤੀ ਮੰਦਰ ਦੇ ਬਾਹਰ-ਵਾਰ ਖੇਤਾਂ ਨੂੰ ਪੱਧਰਾ ਕਰ ਕੇ ਕੀਤਾ ਗਿਆ ਹੈ। ਪੰਜ ਫੁਟ ਉੱਚਾ ਬਹੁਤ ਵੱਡਾ ਸਟੇਜ ਹੈ। ਸਟੇਜ ਤੇ ਸਤਿਗੁਰੂ ਜੀ ਦੇ ਆਲੇ ਦੁਆਲੇ ਇਕ ਪਾਸੇ ਵਾਰ ਦੇ ਕੀਰਤਨ ਵਾਲੇ ਅਤੇ ਦੂਸਰੇ ਪਾਸੇ ਹਜ਼ੂਰੀ ਸੇਵਕ ਪ੍ਰਤਿਸ਼ਟ ਸੱਜਣ ਅਤੇ ਕੁਝ ਵਿਸ਼ੇਸ਼ ਪ੍ਰਾਹੁਣੇ ਵੀ ਬੈਠੇ ਹਨ। ਖੁਲ੍ਹੇ ਆਕਾਸ਼ ਥੱਲੇ ਸਭ ਕੁਝ ਹੋ ਰਿਹਾ ਹੈ।

ਅਨੰਦ ਮੰਡਪ ਦੇ ਗੋਲਾਕਾਰ ਖਾਲੀ ਅਸਥਾਨ ਤੇ ਪਰਬੰਧਕਾਂ ਦੀ ਚਹਿਲ ਪਹਿਲ ਹੈ। ਸੰਤ ਦਿਆਲ ਸਿੰਘ ਫਗਵਾੜਾ ਦੀ ਇਕ ਮਹੀਨੇ ਦੀ ਦੌੜ ਭੱਜ ਦਾ ਅੰਤਮ ਦਿਨ ਹੈ। ਏਡੇ ਵਡੇ ਪੰਡਾਲ ਪਰਬੰਧ ਨੂੰ ਰਾਤੋ ਰਾਤ ਕਿਵੇਂ ਕਰ ਲਿਆ ਗਿਆ ਹੈ ਇਹ ਸੰਤ ਬਰਹਮਾ ਸਿੰਘ ਸੰਤ ਨਗਰ ਦਾ ਕਮਾਲ ਹੈ ਜੋ ਪਿਛਲੇ ਕਈ ਸਾਲਾਂ ਤੋਂ ਇਹ ਸੇਵਾ ਕਰਦੇ ਆ ਰਹੇ ਹਨ। ਸਾਧ ਸੰਗਤ ਦੀਵਾਨਾਂ ਦਾ ਅਨੰਦ ਮਾਣ ਰਹੀ ਹੁੰਦੀ ਹੈ ਇਹ ਪਾਲੇ ਵਿਚ ਵਾਹਣਾਂ ਵਿਚ ਰਾਤੋ ਰਾਤ ਮੰਡਪ ਬਨਾਉਂਦੇ ਹਨ। ਸੰਤ ਬਰਹਮਾ ਸਿੰਘ ਨੂੰ ਪੁਛਿਆ ਤੁਹਾਡੇ ਸਹਿਯੋਗੀ ਕੌਣ ਕੌਣ ਹਨ ਤਾਂ ਉਹਨਾਂ ਸੇਵਾਦਾਰਾਂ ਦੀ ਇਕ ਲੰਮੀ ਸੂਚੀ ਬਿਆਨ ਕੀਤੀ : ਜਥੇਦਾਰ ਨਿਸ਼ਾਨ ਸਿੰਘ, ਬਲਕਾਰ ਸਿੰਘ ਸੋਖਲ, ਦਰਸ਼ਨ ਸਿੰਘ ਸੋਖਲ, ਹਰੀ ਸਿੰਘ ਸੋਖਲ, ਬਲਦੇਵ ਸਿੰਘ, ਕੁਲਵੰਤ ਸਿੰਘ, ਪਰਗਟ ਸਿੰਘ, ਬੰਤਾ ਸਿੰਘ, ਲੱਖਾ ਸਿੰਘ (ਸਭ ਬੰਡਾਲਾ), ਜਥੇਦਾਰ ਬਲਕਾਰ ਸਿੰਘ, ਬਰਮਾ ਸਿੰਘ, ਭਗਵਾਨ ਸਿੰਘ ਮੁਕਤਾ, ਗੁਰਚਰਨ ਸਿੰਘ ਸੇਠ ਸੰਤ ਨਗਰ, ਗੁਰਮੁਖ ਸਿੰਘ ਵਿਲੋਕਿਆਂ ਵਾਲਾ, ਪ੍ਰਕਾਸ਼ ਸਿੰਘ ਕੱਕੜ, ਗੁਰਦੀਪ ਸਿੰਘ ਐਲੀਵਾਲ ਅਤੇ ਕੰਮ ਦਾ ਸੈਕਟਰੀ ਹੈ ਰਤਨ ਸਿੰਘ ਰਾਜਕਾ ਸਮਾਨਾ ਮੰਡੀ——।

ਸੱਤ ਕਤਾਰਾਂ ਜੋੜਿਆਂ ਦੀ ਸਟੇਜ ਵਲ ਮੁਖ ਕਰਕੇ ਦੂਰ ਪਾਰਲੇ ਪਾਸੇ ਬੈਠੀਆਂ ਹਨ। ਇਕ ਇਕ ਕਤਾਰ ਬਾਹੀਆਂ ਵਲ ਹੈ। ਜੋੜਿਆਂ ਨੂੰ ਟੋਕਨ ਦਿਤੇ ਗਏ ਹਨ। ਪਰਸ਼ੋਤਮ ਸਿੰਘ ਟੋਕਨ ਜਾਰੀ ਕਰ ਰਿਹਾ ਹੈ। ਕੁਲ ਬਹੱਤਰ ਜੋੜੇ ਬੈਠੇ ਹਨ। ਇਹਨਾਂ ਵਿਚ ੬੯ ਨੰਬਰ ਤੇ ਪਰਸਿੱਧ ਹਾਕੀ ਉਲੰਪੀਅਨ ਦੇਵਿੰਦਰ ਸਿੰਘ ਦਾ ਭਰਾ ਦਲਜੀਤ ਸਿੰਘ ਵੀ ਬੈਠਾ ਹੈ। ਮੈਂ ਪੁਛਿਆ ਹੈ ਤੁਸੀਂ ਵੀ ਹਾਕੀ ਖੇਡਦੇ ਹੋ ? ਉਤਰ : ਸਟੂਡੈਂਟ ਟਾਈਮ 'ਚ ਖੇਡਦਾ ਸਾਂ ਹੁਣ ਹੱਟ ਗਈ ਹੈ। ਤੁਹਾਡੇ ਨਾਲ ਪਰਿਵਾਰ ਵਿਚੋਂ ਹੋਰ ਕੌਣ ਕੌਣ ਆਇਆ ਹੈ ? ਸਿਰਫ ਦੇਵਿੰਦਰ ਤੇ ਭਰਜਾਈ...। ਇਹਨਾਂ ਵਿਚ ਹੀ ਇੰਗਲੈਂਡ ਤੋਂ ਆਏ ਖੜਕ ਸਿੰਘ ਭਮਰਾ ਦੇ ਦੋਵੇਂ ਸਪੁਤਰ ਵੀ ਬੈਠੇ ਹਨ।

ਵਡਾ ਅਮਰਜੀਤ ਸਿੰਘ ਭਮਰਾ ਹੈ ਅਠਾਈ ਸਾਲ ਦਾ ਅਤੇ ਛੋਟਾ ਜਸਵਿੰਦਰ ਸਿੰਘ ੨੬ ਸਾਲ ਦਾ। ਜਸਵਿੰਦਰ ਦਾ ਅਨੰਦ ਕਾਰਜ ਜਸਵਿੰਦਰ ਕੌਰ ਨਾਲ ਹੋ ਰਿਹਾ ਹੈ ਜੋ ਕੀਨੀਆਂ ਵਿਚ ਈਸਟ ਅਫਰੀਕਾ ਨਾਮਧਾਰੀ ਸੰਗਤ ਦੇ ਪ੍ਰਧਾਨ ਸ: ਸਰਵਣ ਸਿੰਘ ਸੋਖੀ ਦੀ ਸਪੁਤਰੀ ਹੈ। ਦੋਵੇਂ ਪਰਵਾਰ ਇੰਗਲੈਂਡ ਅਤੇ ਕੀਨੀਆਂ ਤੋਂ ਅਨੰਦ ਕਾਰਜ



Sri Satguru Jagjit Singh Ji Elibrary NamdhariElibrary@gmail.com

ਵਾਸਤੇ ਹੀ ਆਏ ਹਨ। ਵਡੇ ਲੜਕੇ ਨੂੰ ਪੁਛਿਆ ਤੇਰਾ ਅਨੰਦ ਕਾਰਜ ਕਿਥੇ ਹੋ ਰਿਹਾ ਹੈ ?—ਪਿਤਾ ਜੀ ਨੂੰ ਪੁਛਣਾ ਪੈਣਾ ਹੈ। ਵਿਆਹ ਕਰਾਉਣ ਵਿਚ ਲੇਟ ਕਿਉਂ ਹੋ ਗਏ ? ਮਾਲਕਾਂ ਦੀ ਰਜ਼ਾ ਈ ਐ।...ਮੁੰਡਿਆਂ ਦਾ ਮਾਮਾ ਸੰਤ ਸਵਰਨ ਸਿੰਘ ਸਿਆਨ ਵੀਡੀਓ ਰਾਹੀਂ ਸਾਰੀ ਕਾਰਵਾਈ ਰਿਕਾਰਡ ਕਰ ਰਿਹਾ ਹੈ। ਮੈਂ ਇਕ ਪਰਬੰਧਕ ਨੂੰ ਪੁਛਿਆ ਹੈ ਠਾਕਰ ਜੀ ਦਾ ਅਨੰਦ ਕਾਰਜ ਨਹੀਂ ਹੋ ਰਿਹਾ ? ਉਤਰ— ਦੇਖੋ ਅਜੇ ਟਾਈਮ ਹੈ। ਇਹ ਗਲ ਠਾਕਰ ਉਦੈ ਸਿੰਘ ਬਾਰੇ ਸੀ।

ਸੂਰਜ ਦੇਵਤਾ ਦੀ ਆਮਦ ਦੇ ਚਿੰਨ੍ਹ ਹਨ। ਸੰਤ ਬਲਕਾਰ ਸਿੰਘ ਨੇ ਭੈਰਵੀ ਵਿਚ ਸ਼ਬਦ ਦੀ ਰੀਤ ਪੜੀ ਹੈ "ਤੁਮ ਕਰ ਆਵਹੁ ਮੇਰੇ ਮੀਤ।" ਛੈਣਿਆਂ ਦੀ ਆਵਾਜ਼ ਸਿਮ੍ਰਤੀ ਮੰਦਰ ਨਾਲ ਟਕਰਾ ਕੇ ਵਾਪਸ ਆ ਰਹੀ ਹੈ। ਕੀਰਤਨ ਹੋ ਰਿਹਾ ਹੈ। ਲਿਸਟਾਂ ਤਿਆਰ ਹੋ ਰਹੀਆਂ ਹਨ। ਪਾਠਾਂ ਦੀਆਂ ਆਨੰਦਾਂ ਦੀਆਂ, ਮੁਕਾਬਲਿਆਂ ਦੀਆਂ। ਸਮਾਪਤੀ ਹੋਣ ਵਾਲੀ ਹੈ ਅਤੇ ਸਭ ਸਰਗਰਮੀਆਂ ਅੰਤਮ ਚਰਨ ਤੇ ਹਨ। ਕੁਝ ਲੋਕ ਵਿਆਹ ਵੇਖਣ ਆਏ ਹਨ। ਕੁਝ ਸਤਿਗੁਰਾਂ ਦੇ ਦਰਬਾਰ ਅਰਜ਼ਾਂ ਕਰਨ ਅਤੇ ਕੁਝ ਮੇਲਾ ਵੇਖਣ ਹੀ। ਹਰਿਆਣਾ ਸਰਕਾਰ ਦੇ ਵਿਦਿਆ ਮੰਤਰੀ ਸ੍ਰੀ ਜਗਦੀਸ਼ ਨਹਿਰਾ, ਪੰਜਾਬ ਦੇ ਸਾਬਕਾ ਮੰਤਰੀ ਜੁਗਿੰਦਰ ਪਾਲ ਪਾਂਡੇ, ਚੀਫ ਖਾਲਸਾ ਦੀਵਾਨ ਦੇ ਚੀਫ ਸ: ਕ੍ਰਿਪਾਲ ਸਿੰਘ ਸਾਬਕਾ ਐਮ.ਐਲ.ਏ., ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਆਦਿਕ ਸਿਆਸੀ ਨੇਤਾ ਵੀ ਕੋਲ ਕੋਲ ਬੈਠੇ ਹਨ। ਸਭ ਤੋਂ ਪਿਛਲੀ ਲਾਈਨ ਵਿਚ ਮੇਰੇ ਕੋਲ ਪੰਡਿਤ ਗੋਪਾਲ ਸਿੰਘ ਜੀ ਆ ਕੇ ਚੋਕੜਾ ਲਾ ਕੇ ਬੈਠ ਗਏ ਹਨ ਚੁਪ ਚਾਪ। ਸੰਤ ਜਗਤਾਰ ਸਿੰਘ, ਠਾਕਰ ਉਦੈ ਸਿੰਘ ਜੀ, ਮਾਸਟਰ ਨਿਹਾਲ ਸਿੰਘ ਜੀ ਵੀ ਇਥੇ ਸ਼ਸ਼ੋਭਤ ਹਨ। ਠਾਕਰ ਦਲੀਪ ਸਿੰਘ ਜੀ ਇਸ ਵਾਰ ਮੇਲੇ ਤੇ ਹਾਜ਼ਰ ਨਹੀਂ, ਉਹ ਨੈਰੋਬੀ ਕੀਨੀਆ ਵਿਚ ਹੀ ਹਨ। ਦੂਸਰੇ ਵਿਅਕਤੀ ਜਿਸ ਦੀ ਗੈਰ-ਹਾਜ਼ਰੀ ਹੈ ਉਹ ਹਨ ਜਥੇ: ਨਰੰਜਨ ਸਿੰਘ ਕੱਕੜ। ਉਹ ਬੀਮਾਰ ਹਨ, ਇਸ ਵਾਸਤੇ ਮੇਲੇ ਵਿਚ ਉਨ੍ਹਾਂ ਦਾ ਦੀਵਾਨ ਨਹੀਂ ਲਗਾ। ਸੰਤ ਤਰਸੇਮ ਸਿੰਘ ਸਤਿਗੁਰਾਂ ਦੇ ਹਜ਼ੂਰੀ ਸਕੱਤਰ ਸਾਰੇ ਪ੍ਰਬੰਧ ਉਤੇ ਚੌਖਵੀਂ ਨਜ਼ਰ ਰੱਖ ਰਹੇ ਹਨ। ਮਹਾਰਾਜ ਬੀਰ ਸਿੰਘ ਜੀ ਸਤਿਗੁਰੂ ਆਸਨ ਦੇ ਨਾਲ ਹੀ ਸ਼ਸ਼ੋਭਿਤ ਹਨ। ਪ੍ਰੀਤਮ ਸਿੰਘ ਕਵੀ ਆਪਣੇ ਕੈਮਰੇ ਅਤੇ ਟੇਪ ਰਿਕਾਰਡਰ ਰਾਹੀਂ ਤਾਂ ਜਿਵੇਂ ਸਾਰੇ ਮੇਲੇ ਨੂੰ ਡੀਕ ਜਾਣਾ ਚਾਹੁੰਦੇ ਹਨ। ਉਹ ਹਰ ਥਾਂ ਹੀ ਹਨ। ਮੇਲੇ ਦਾ ਕੋਈ ਵੀ ਅਹਿਮ ਛਿਣ ਕੈਮਰੇ ਕਲਮ ਤੋਂ ਲਾਂਭੇ ਨਹੀਂ ਰਹਿਣ ਦੇਣਾ ਚਾਹੁੰਦੇ। ਸੰਤ ਆਤਮਾ ਸਿੰਘ ਸੱਨਖਤਰਾ ਸੰਪਾਦਕ ਸਤਿਜੁਗ ਜੋ ਵਿਆਹਾਂ ਦੇ ਪ੍ਰਬੰਧਕ ਵੀ ਹੁੰਦੇ ਹਨ ਅਤੇ ਰਿਪੋਰਟਰ ਵੀ ਕੰਮ ਕਰ ਕਰ ਕੇ ਰਾਤ ਦੇ ਬੀਮਾਰ ਪਏ ਹਨ। ਭਮਰਾ ਸਪੁਤਰ ਅਮਰਜੀਤ ਦੇ ਰਿਸ਼ਤੇ ਬਾਰੇ ਪਤਾ ਲਗ ਗਿਆ ਹੈ। ਬੀਬੀ ਨਰਿੰਦਰ ਕੌਰ ਹੈ। ਇਹ ਦਿੱਲੀ ਵਾਲੇ ਸੰਤ ਅਮਰ ਸਿੰਘ ਨਿਰਮਾਨ ਦੀ ਪੋਤਰੀ ਹੈ ਅਤੇ ਸ: ਮਖਣ ਸਿੰਘ ਦੀ ਪੁਤਰੀ। ਰਿਸ਼ਤਾ ਰਾਤ ਹੀ ਤੈਅ ਹੋਇਆ ਹੈ। ਮੈਂ ਠਾਕਰ ਉਦੈ ਸਿੰਘ ਜੀ ਨਾਲ ਵਾਰਤਾਲਾਪ ਵਿਚ ਪੈ ਗਿਆ ਹਾਂ। ਗੱਲਬਾਤ ਦਾ ਵਿਸ਼ਾ ਭੈਣੀ ਸਾਹਿਬ ਦੀ ਨਵੀਂ ਬਣਤਰ ਹੈ। ਠਾਕਰ ਜੀ ਦਾ ਕਥਨ ਹੈ ਸਤਿਕਾਰ ਯੋਗ ਮਾਤਾ ਚੰਦ ਕੌਰ ਜੀ (ਸਤਿਗੁਰੂ ਜੀ ਦੇ ਮਹਿਲ) ਦੀ ਜਿੰਨੀ ਘਾਲਣਾ ਹੈ ਉਸ ਤੁਲ ਹੋਰ ਕੋਈ ਨਹੀਂ। ਉਨ੍ਹਾਂ ਦਸਿਆ ਕਿ ਸ੍ਰੀ ਭੈਣੀ ਸਾਹਿਬ ਵਿਚ ਏਨੀਂ ਸੇਵਾ ਕਰਦਿਆਂ ਮੈਂ ਤਾਂ ਕਿਸੇ ਨੂੰ ਨਹੀਂ ਵੇਖਿਆ। ਅੱਜ ਵੀ ਇਸ ਉਮਰ ਵਿਚ ਉਹ ਸਾਰਾ ਦਿਨ ਖੜੇ ਰਹਿੰਦੇ ਹਨ। ਸਾਰਾ ਫਿਕਰ ਉਨ੍ਹਾਂ ਨੂੰ ਹੀ ਹੈ—

ਆਸਾ ਦੀ ਵਾਰ ਦੀ ਸਮਾਪਤੀ ਹੋ ਚੁਕੀ ਹੈ। ਹੁਣ ਕਰਿ ਨਾਦਿ ਬਿਲਾਵਲ ਰਾਗ ਸ਼ਬਦ ਧਰੁਪਦ ਰੂਪ ਵਿਚ ਪੜ੍ਹਿਆ ਜਾ ਰਿਹਾ। ਹੁਣ ਗੁਰਦੇਵ ਸਿੰਘ ਦੀ ਸਰੋਦ ਵਜ ਰਹੀ ਹੈ। ਸਟੇਜ ਦੇ ਪਿਛਲੇ ਪਾਸੇ ਇਕ ਪੜਤਾਲ ਚਲ ਰਹੀ ਹੈ। ਕੋਈ ਲੜਕੇ ਵਾਲੇ ਬਸ ਭਰ ਕੇ ਲਿਆਏ ਹਨ ਆਪਣੇ ਖਰਚ ਉਤੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੀ। ਸ਼ਿਕਾਇਤ ਹੋ ਗਈ ਹੈ, ਇਹ ਨਜਾਇਜ਼ ਗੱਲ ਹੈ। ਹੰਸਪਾਲ ਜੀ, ਤਰਸੇਮ ਸਿੰਘ ਜੀ, ਦਿਆਲ ਸਿੰਘ ਜੀ ਪੁਛ-ਗਿਛ ਕਰ ਰਹੇ ਹਨ। ਗੱਲ ਸਹੀ ਨਿਕਲੀ। ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ ਸੇਵਾ ਅਤੇ ਨਕਦ ਜੁਰਮਾਨੇ ਦਾ ਡੰਨ ਲਗਾ ਹੈ, ਫੇਰ ਵਿਆਹ ਦੀ ਹਰੀ ਝੰਡੀ ਮਿਲੀ ਹੈ। ਨਿਕੀਆਂ ਮੋਟੀਆਂ ਬੇਮਰਿਆਦ-ਗੀਆਂ ਦੇ ਫੈਸਲੇ ਹੋ ਰਹੇ ਹਨ।

ਹੁਣ ਸਾਰਾ ਕੰਮ ਮੁਕੰਮਲ ਹੈ। ਹਵਨ ਦੁਆਲੇ ੨੦ ਜੋੜਿਆਂ ਦਾ ਘੇਰਾ ਹੈ। ਲਾਵਾਂ ਦਾ ਲਗਾਤਾਰ ਉਚਾਰਣ ਸ਼ੁਰੂ ਹੋਇਆ ਹੈ। ੨੦ ਜੋੜੇ ਆਨੰਦਤ ਹੋ ਗਏ। ਦੂਸਰੇ ਗੇੜ ਵਿਚ ੨੭ ਜੋੜੇ ਅਤੇ ਤੀਸਰੇ ਵਿਚ ੨੫ ਕੁਲ ੭੨ ਜੋੜਿਆਂ ਗ੍ਰਹਿਸਥ ਧਰਮ ਅਪਣਾਇਆ ਹੈ। ਸਟੇਜ ਤੇ ਕੁਝ ਘੁਰ ਘੁਰ ਹੋ ਰਹੀ ਹੈ। ਇਕ ਜੋੜੇ ਵਲ ਵੇਖ ਕੇ ੨੫ ਸਾਲਾਂ ਵਿਚ ਗ੍ਰਹਿਸਥ ਅਪਨਾਉਣ ਦੇ ਭਾਰਤ ਦੇ ਪੁਰਾਣੇ ਰਿਵਾਜ ਦੀ ਗੱਲ ਕਿਸੇ ਲੀਡਰ ਨੇ ਕੀਤੀ ਹੈ। ਮੈਨੂੰ ਪਿਛੇ ਬੈਠੇ



Sri Satguru Jagjit Singh Ji Elibrary NamdhariElibrary@gmail.com

ਨੂੰ ਸਤਿਗੁਰੂ ਜੀ ਦੀ ਆਵਾਜ਼ ਸੁਣਾਈ ਦਿਤੀ ਹੈ "ਸਿਨਮਾ ਵਿਖਾ ਕੇ ਮੱਛੀਆਂ ਖਵਾ ਕੇ ੨੫ ਸਾਲ ਤਕ ਬ੍ਰਹਮਚਾਰੀ ਨਹੀਂ ਰਹਿ ਸਕਦੇ।" ਅਜ ਦੀ ਸਰਕਾਰੀ ਪਾਲਿਸੀ ਤੇ ਵਿਅੰਗ ਹੈ।

ਕੋਈ ਤਕਰੀਰ ਨਹੀਂ ਹੋਈ। ਪਾਠਾਂ ਦੇ ਭੋਗ ਦੇ ਸਲੋਕ ਪੜ੍ਹੇ ਗਏ ਹਨ ਅਨੰਦ ਸਾਹਿਬ ਦਾ ਫਿਰ ਕੀਰਤਨ ਹੋਇਆ ਹੈ। ਪੰਡਿਤ ਗੋਪਾਲ ਸਿੰਘ ਜੀ ਨੇ ਅਰਦਾਸ ਕੀਤੀ ਹੈ। ਸ੍ਰੀ ਗਰੰਥ ਸਾਹਿਬ ਵਿਚੋਂ ਵਾਕ ਲਿਆ ਗਿਆ ਅਤੇ ਮੇਲੇ ਦੀ ਸਮਾਪਤੀ ਹੋਈ ਹੈ।

## ਅਨੰਦ ਠਾਕਰ ਉਦੈ ਸਿੰਘ ਜੀ ਦਾ

ਠੀਕ ਵੀਹਾਂ ਦਿਨਾਂ ਬਾਅਦ ਦੀਵਾਲੀ ਤੋਂ ਅਗਲੇ ਦਿਨ ਸ੍ਰੀ ਭੈਣੀ ਸਾਹਿਬ ਵਿਚ ਫੇਰ ਇਕੱਠ ਹੈ। ਦੀਵਾਲੀ ਦੇ ਮੇਲੇ ਦੀ ਸਮਾਪਤੀ ਹੈ। ਅਜ ਉਹ ਦਿਨ ਹੈ ਜਿਸ ਦੀਆਂ ਕਿਆਸ ਆਰਾਈਆਂ ਸਭ ਮੇਲਿਆਂ ਤੇ ਪਿਛਲੇ ਦਿਨੀ ਹੁੰਦੀਆਂ ਰਹੀਆਂ ਹਨ।

ਅੱਜ ਠਾਕਰ ਉਦੈ ਸਿੰਘ ਜੀ ਦਾ ਅਨੰਦ ਕਾਰਜ ਹੈ। ਠਾਕਰ ਉਦੈ ਸਿੰਘ ਮਹਾਰਾਜ ਬੀਰ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਹਨ। ਬਹੁਤ ਮਿਲਾਪੜੇ ਹਰ ਦਿਲ ਅਜ਼ੀਜ਼ ਅਤੇ ਨਿਰਮਾਨ। ਇਹਨਾਂ ਨੂੰ ਮਿਲ ਕੇ ਹੀ ਆਨੰਦ ਮਿਲ ਜ਼ਾਂਦਾ ਹੈ। ਇਹਨਾਂ ਦਾ ਅਪਣਾ ਅਨੰਦ ਕਾਰਜ ਕੀਨਿਆ ਦੇ ਮਸ਼ਹੂਰ ਸਾਬਕਾ ਸੂਬਾ ਸਵਰਗੀ ਦਰਸ਼ਨ ਸਿੰਘ ਜੀ ਦੀ ਸਪੁੱਤਰੀ ਨਾਲ ਹੋ ਰਿਹਾ ਹੈ। ਸੂਬਾ ਜੀ ਦੀ ਇਕ ਹੋਰ ਸਪੁਤਰੀ ਦਾ ਅਨੰਦ ਕਾਰਜ ਵੀ ਹੁਣੇ ਹੋ ਰਿਹਾ ਹੈ। ਇਹ ਸ: ਬਲਦੇਵ ਸਿੰਘ 'ਕਾਕੂ' ਨਾਲ ਹੋ ਰਿਹਾ ਹੈ। ਕੇਵਲ ਦਸ ਅਨੰਦ ਕਾਰਜ ਹਨ। ਠਾਕਰ ਉਦੈ ਸਿੰਘ ਜੀ ਹਾਕੀ ਦੇ ਸਰਗਰਮ ਖਿਲਾੜੀ ਅਤੇ ਪਰਬੰਧਕ ਹਨ। ਨਾਮ-ਧਾਰੀ ਹਾਕੀ ਅਤੇ ਅਥਲੈਟਿਕ ਟੀਮਾਂ ਦੇ ਮੈਂਬਰ, ਕੋਚ ਹੋਰ ਅਨੇਕਾਂ ਨਾਮਵਰ ਖਿਲਾੜੀ ਇਕ ਸਾਈਡ ਤੇ ਬੈਠੇ ਹਨ। ਸਟੇਜ ਤੇ ਗੁਰੂ ਪਰਿਵਾਰ ਸੰਪੂਰਨ ਹਾਜ਼ਰ ਹੈ। ਠਾਕਰ ਸ਼ਮਸ਼ੇਰ ਸਿੰਘ ਜੀ ਠਾਕਰ ਵਿਸ਼ੇਸ਼ਰ ਸਿੰਘ ਜੀ ਸੰਤ ਮਹਾਤਮਾ ਅਤੇ ਕੁਝ ਰਾਜਸੀ ਲੀਡਰ। ਸ: ਪਿਆਰਾ ਸਿੰਘ ਤਾਰ ਸ਼ਹਿਨਾਈ ਤੇ ਰੰਗ ਬਿਖੇਰ ਰਹੇ ਹਨ। ਆਸਾ ਦੀ ਵਾਰ ਵਿਚ ਮੰਗਲ ਮਈ ਸ਼ਬਦ ਪੜ੍ਹੇ ਗਏ ਸਨ। ਹੁਣ ਦਸਮ ਗਰੰਥ ਦੇ 'ਰਾਮਾ ਅਵਤਾਰ' ਚੋਂ ਅਯੁਧਿਆ ਪੂਰੀ ਵਿਚ ਰਾਮ ਜੀ ਦੀ ਵਾਪਸੀ ਦਾ ਸ਼ਬਦ ਦੀਵਾਲੀ ਦੇ ਸਬੰਧ ਵਿਚ ਮਹਾਰਾਜ ਬੀਰ ਸਿੰਘ ਜੀ ਨੇ ਗਾਇਆ ਹੈ।

ਸੀਅ ਲੈ ਸੀਏਸ਼ ਆਏ, ਮੰਗਲ ਸੁ ਚਾਰ ਗਾਏ
ਅਨੰਦ ਹੀਏ ਬਢਾਏ, ਸਹਰੋ ਅਵੱਧ ਜਹਾਂ ਰੇ
ਧਾਈ ਲੁਗਾਈ ਆਵੈ, ਭੀਰੋ ਨ ਬਾਰ ਪਾਵੈ
ਆਕਲ ਖਰੇ ਉਘਾਵੈ, ਭਾਖੇਂ ਢੋਲਨ ਕਹਾਂ ਹੈ !
ਜ਼ੁਲਫੈ ਅਨੂਪ ਜਾਂ ਕੀ, ਨਾਗਨ ਕਿ ਸਿਆਹ ਬਾਂਕੀ
ਅਤਭੁਤ ਅਦਾਇ ਤਾਂਕੀ, ਐਸੋ ਢੋਲਨ ਕਹਾਂ ਹੈ।

ਠਾਕਰ ਜੀ ਦੇ ਅਨੰਦ ਕਾਰਜ ਦੀ ਮਹਾਨ ਖੁਸ਼ੀ ਹੈ ਸਭ ਨੂੰ। ਸ੍ਰੀ ਮਹਾਰਾਜ ਅਤੇ ਸਤਿਗੁਰੂ ਜੀ ਨੂੰ ਵਧਾਈਆਂ ਮਿਲ ਰਹੀਆਂ ਹਨ। ਪਰ ਸਤਿਗੁਰੂ ਜੀ ਸਹਿਜ ਅਵਸਥਾ ਵਿਚ ਹੀ ਅਨੰਦ ਵੰਡ ਰਹੇ ਹਨ।

ਇਹ ਸ੍ਰੀ ਭੈਣੀ ਸਾਹਿਬ ਆਨੰਦ ਦੀ ਧਰਤੀ ਹੈ ਇਹ ਇਨਕਲਾਬ ਦੀ ਵੀ ਧਰਤੀ ਹੈ। ਇਹ ਵੈਰਾਗ ਦਾ ਅਸਥਾਨ ਵੀ ਹੈ। ਇਹ ਭਗਤੀ ਦਾ ਸੋਮਾ ਵੀ ਹੈ। ਇਹੋ ਜਿਹੀ ਥਾਂ ਹੋਰ ਕਿਹੜੀ ਹੋ ਸਕਦੀ ਹੈ। ਮੈਨੂੰ ਕੇ. ਐਮ ਮੁਨਸ਼ੀ ਦਾ ਲੇਖ ਚੇਤੇ ਆਉਂਦਾ ਹੈ ਕਿ ਰਿਗ ਵੇਦ ਦੇ ਸੰਹਿਤਾ ਵਿਚੋਂ ਕੋਈ ਥਾਂ ਪੰਜਾਬ ਦੇ ਇਕ ਪਿੰਡ ਵਿਚ ਰੂਪਮਾਨ ਹੋ ਗਿਆ ਹੈ। ਫੇਰ ਮੈਨੂੰ ਨਾਮਧਾਰੀ ਇਤਿਹਾਸ ਦੇ ਖੂਨੀ ਪਤਰੇ ਚੇਤੇ ਆਏ। ਫੇਰ ਖੁਸ਼ੀਆਂ ਦੇ ਦਿਨ—ਨਾਮਧਾਰੀ ਪੰਥ ਤੇ ਆਈ ਬਹਾਰ ਚੇਤੇ ਆਏ। ਹਰਗੋਬਿੰਦਪੁਰੀ 'ਚਮਨ' ਦੀ ਕਵਿਤਾ ਗੁਣ ਗੁਣਾਉਂਦਿਆਂ ਮੇਰੀਆਂ ਅਖਾਂ ਤਰ ਹੋ ਗਈਆਂ—

ਕਿਦਾਂ ਦੀ ਚੜ੍ਹਾਈ ਪਾਣ ਏਥੋਂ ਦਿਆਂ ਪਾਣੀਆਂ
ਮੌਤ ਨੂੰ ਮਖੌਲ ਕੀਤੇ ਜ਼ਿੰਦਗੀ ਦੇ ਹਾਣੀਆਂ
ਕੋਟਲੇ ਦੇ ਵਿਚ ਇਤਿਹਾਸ ਜਿਹੜਾ ਲਿਖਿਆ
ਉਹਦਾ ਮਜ਼ਮੂਨ ਭੈਣੀ ਸਾਹਿਬ ਵਿਚੋਂ ਸਿਖਿਆ
ਕੂਕੇ ਜਾਂ ਖਲੋਤੇ ਆਣ ਤੋਪਾਂ ਦੇ ਕਰੀਬ ਨੇ
ਮਾਰੀਆਂ ਸੀ ਧਾਹਾਂ ਉਦੋਂ ਈਸਾ ਦੀ ਸਲੀਬ ਨੇ
ਫੇਰ ਸ਼ੌਕ ਮਾਰਿਆ ਸ਼ਹਾਦਤਾਂ ਦੇ ਸ਼ੌਕ ਨੇ
ਖਬਰੇ ਕੀ ਆਖ ਦਿਤਾ ਚਾਂਦਨੀ ਦੇ ਚੌਕ ਨੇ
ਹਿਲ ਗਿਆ ਦਿਲ ਉਦੋਂ ਬੁਚੜ ਅੰਗਰੇਜ਼ਾਂ ਦਾ
ਕੋਟਲੇ 'ਚ ਆਇਆ ਜਦੋਂ ਢਾਣਾ ਤਬਰੇਜ਼ਾਂ ਦਾ
ਖੌਰੇ ਤੱਤੀ ਤੱਵੀ ਨੇ ਸੁਣਾਈਆਂ ਕੀ ਕਹਾਣੀਆਂ
ਹੋ ਗਈਆਂ ਸ਼ਹੀਦ ਮਨਸੂਰਾਂ ਦੀਆਂ ਢਾਣੀਆਂ
ਇਕ ਵਾਰ ਗ਼ਮਾਂ ਦਾ ਹਨੇਰਾ ਏਥੇ ਪਿਆ ਸੀ
ਸੱਚ ਵਾਲਾ ਸੂਰਜ ਰੰਗੂਨ ਜਦੋਂ ਗਿਆ ਸੀ
ਕੌਣ ਭੁਲ ਸਕਦੈ ਜੁਦਾਈ ਵਾਲੇ ਹਾਲ ਨੂੰ
ਗਊਆਂ ਨੇ ਉਡੀਕ ਰਹੀਆਂ ਅਜੇ ਵੀ ਗੋਪਾਲ ਨੂੰ
ਚੀਨੀ ਵਾਲੇ ਦਾਤਾ ਇਕ ਵਾਰ ਆ ਕੇ ਵੇਖ ਜਾ
ਆਈ ਤੇਰੇ 'ਚਮਨ' ਤੇ ਬਹਾਰ ਆ ਕੇ ਵੇਖ ਜਾ
ਆਈ ਤੇਰੇ ਚਮਨ ਤੇ ਬਹਾਰ ਆ ਕੇ ਵੇਖ ਜਾ ★



Sri Satguru Jagjit Singh Ji Elibrary NamdhariElibrary@gmail.com

ਪੁਸਤਕ ਰੀਵੀਊ

# ਨੁਹਾਰ

## (ਕਾਵਿ-ਸੰਗ੍ਰਹਿ)

ਕਵੀ : ਦਰਸ਼ਨ ਨੱਤ

ਪੰਨੇ : ੭੨, ਮੁੱਲ : ੧੫ ਰੁਪਏ

ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ ।

— —

ਦਰਸ਼ਨ ਨੱਤ ਪੰਜਾਬੀ ਦਾ ਨੌਜਵਾਨ, ਪ੍ਰਗਤੀਸ਼ੀਲ ਤੇ ਚੇਤੰਨ-ਬੁੱਧ ਕਵੀ ਹੈ । ਪਹਿਲਾਂ ਉਸ ਦਾ ਕਾਵਿ-ਸੰਗ੍ਰਹਿ 'ਅਕਸ' ਪ੍ਰਕਾਸ਼ਤ ਹੋ ਚੁੱਕਾ ਹੈ । ਇਹ ਦੂਜਾ ਕਾਵਿ-ਸੰਗ੍ਰਹਿ ਹੈ ੧੯੮੩ ਵਿਚ ਪ੍ਰਕਾਸ਼ਤ ਹੋ ਕੇ ਆਇਆ ਹੈ । ਇਸ ਕਾਵਿ-ਸੰਗ੍ਰਹਿ ਵਿਚ ਗ਼ਜ਼ਲਾਂ ਵੀ ਹਨ, ਕਵਿਤਾਵਾਂ ਵੀ ਤੇ ਇਕ ਦੋ ਹਲਕੇ-ਫੁਲਕੇ ਗੀਤ ਵੀ । ਪਰ ਗ਼ਜ਼ਲਾਂ ਅਤੇ ਗੀਤਾਂ ਨਾਲੋਂ ਮੈਨੂੰ ਉਸ ਦੀਆਂ ਕਵਿਤਾਵਾਂ ਵਿਚ ਵਧੇਰੇ ਬਲਵਾਨਤਾ ਨਜ਼ਰ ਆਈ ਹੈ । ਇਹੋ ਜਿਹੇ "ਤੇਜ਼ਾਬੀ ਲਫ਼ਜ਼", ਅੱਜ ਦੇ ਯੁੱਗ ਦੀ ਲੋੜ ਅਨੁਸਾਰ, ਕਵਿਤਾਵਾਂ ਵਿਚ ਆ ਸਕਦੇ ਹਨ, ਸੁਭਾਵਕ ਹੀ ਉਹ ਗੀਤਾਂ ਅਤੇ ਗ਼ਜ਼ਲਾਂ ਵਿਚ ਆਉਣੇ ਸੰਭਵ ਨਹੀਂ । "ਤੇਜ਼ਾਬੀ ਲਫ਼ਜ਼," "ਵਿਸ਼ਾਦ", "ਚਲੋ-ਚਾਲ," "ਚੰਨ", "ਵਿਹਲ", "ਕੁਰੂਕਸ਼ੇਤਰ," "ਨਵ-ਕੋਲੰਬਸ", "ਚੁੱਪ", "ਪੁਲਾੜ-ਕੋਲੰਬਸ", "ਫ਼ਲਸਤੀਨ", "ਤੇਰੇ ਨਾਂ", "ਤੇਲ ਤੇ ਰੇਤ", "ਕੱਚੀ ਗੜ੍ਹੀ", "ਪਰਛਾਵੇਂ", "ਮਹਿਕ" ਆਦਿ ਕਵਿਤਾਵਾਂ ਮੇਰੇ ਕਥਨ ਲਈ ਪਰਮਾਣ ਹਨ । ਆਕਾਰ ਵਿਚ ਭਾਵੇਂ ਇਹ ਕਵਿਤਾਵਾਂ ਨਿੱਕੀਆਂ, ਨਿੱਕੀਆਂ ਹਨ, ਪਰ ਗੱਲਾਂ ਵਡੀਆਂ ਕਹਿੰਦੀਆਂ ਹਨ ।

"ਤੇਲ ਤੇ ਰੇਤ", "ਚੰਨ," "ਚੁੱਪ" ਤੇ "ਮਹਿਕ" ਆਦਿ ਕਵਿਤਾਵਾਂ ਇਸ ਸੰਗ੍ਰਹਿ ਵਿੱਚ ਅਤੀ ਉੱਤਮ ਹਨ । "ਤੇਲ ਤੇ ਰੇਤ" ਜੂਝ ਰਹੇ ਬਹਾਦਰ ਅਰਬ ਲੋਕਾਂ ਨੂੰ ਸਮਰਪਿਤ ਕੀਤੀ ਕਵਿਤਾ ਹੈ । ਇਹ ਕਵਿਤਾ ਅਰਬਾਂ ਨੂੰ ਸੰਬੋਧਨ ਕਰਦੀ ਕਹਿੰਦੀ ਹੈ :

ਤੇਲ ਦੇ ਧਨੀਉਂ
ਰੇਤ ਦੇ ਰਾਖਿਓ !
ਤੇਲ ਲੱਟਿਆ ਜਾ ਰਿਹਾ ਹੈ
ਰੇਤ ਉੱਡੀ ਜਾ ਰਹੀ ਹੈ
ਰੇਤ ਨੂੰ ਬੇਅਰਥ ਨਾ ਉੱਡਣ ਦਿਉ !

"ਚੰਨ" ਕਵਿਤਾ ਬੜੀ ਵਿਕਰਾਲ ਸਥਿਤੀ ਦਾ ਵਰਨਣ ਕਰਦੀ ਹੈ । ਪਹਾੜ ਦੀ ਚੋਟੀ ਪਿੱਛੋਂ ਚੜ੍ਹਦਾ ਪੂਰਨਮਾਸ਼ੀ ਦਾ ਚੰਨ ਬੜਾ ਖ਼ੂਬਸੂਰਤ ਲਗਦਾ ਹੈ,

ਪਰ ਡੂੰਘੀ ਖੱਡ ਵਿਚ ਰਹਿ ਰਹੇ ਪਹਾੜੀ ਲੋਕਾਂ ਦਾ ਚੰਨ ਉਦੋਂ ਚੜ੍ਹਦਾ ਹੈ ਜਦੋਂ ਹੱਡ-ਭੰਨ ਮਿਹਨਤ ਮਗਰੋਂ ਮੱਕੀ ਦੀ ਗੋਲ ਰੋਟੀ ਮਸੀਂ ਹੱਥ ਉੱਤੇ ਟਿਕਦੀ ਹੈ ।

"ਚੁੱਪ" ਦੇ ਇਹ ਲਫ਼ਜ਼ ਦੇਖੋ :

ਤੇਰੇ ਦੁਆਰ ਸੱਜਣਾ !
ਆਯੂ ਬਿਤਾ ਕੇ ਸਾਰੀ
ਸਾਰੀ ਉਮਰ ਦੀ ਪੂੰਜੀ
ਇਕ ਚੁੱਪ ਲੈ ਗਏ ਹਾਂ
ਗੀਤਾਂ ਨੂੰ ਕਹਿ ਗਏ ਹਾਂ !

ਮਹਿਕ ਇਕ ਕਿਰਤੀ ਵਲੋਂ ਕਰਾਂਤੀ ਨੂੰ ਸੰਬੋਧਨ ਹੈ । ਕਰਾਂਤੀ ਉਸ ਲਈ ਕਲੀਆਂ ਜਿਹੀ ਮਾਸੂਮ ਬੱਚੀ ਹੈ, ਜਿਸਦੇ ਕੇਸਰ-ਘੁਲੇ ਪਿੰਡੇ ਵਿਚੋਂ ਕੱਚੇ ਦੁੱਧ ਜਿਹੀ ਅਣਛੁਹੀ ਖ਼ੁਸ਼ਬੋ ਉਗਮਦੀ ਹੈ । ਇਸ ਕਰਾਂਤੀ-ਰੂਪੀ ਬੱਚੀ ਦੀ ਹੋਂਦ ਸਦਕਾ, ਅੱਟਣਾਂ ਭਰੇ ਹੱਥਾਂ ਵਾਲੇ ਕਿਰਤੀ ਨੂੰ ਛਲਾਂ ਅਤੇ ਕਪਟਾਂ ਭਰੀ ਮੱਕਾਰ ਦੁਨੀਆਂ ਸਿਫ਼ਰ ਨਜ਼ਰ ਆਉਂਦੀ ਹੈ । ਜਿਵੇਂ ਲੋਕਾਈ ਦੀ ਟੇਕ ਕਦੇ ਧਰਮ ਹੁੰਦਾ ਸੀ, ਅੱਜ ਇਹ ਟੇਕ ਕਰਾਂਤੀ ਹੈ । ਇਉਂ ਸਹੀ ਅਰਥਾਂ ਵਿਚ ਇਹ ਕਰਾਂਤੀਕਾਰੀ ਕਵਿਤਾ ਹੈ ।

ਜਾਪਦਾ ਹੈ, ਕਵੀ ਅਜੇ ਬਹੁਤ ਕੁਝ ਕਹਿਣਾ ਚਾਹੁੰਦਾ ਹੈ । ਉਸਦੇ ਕਵੀ-ਹਿਰਦੇ ਵਿਚ ਵਿਸ਼ੇ ਅਤੇ ਰੂਪ ਵਿਚ ਸੰਗਰਾਮ ਛਿੜਿਆ ਹੋਇਆ ਹੈ । ਜਦੋਂ ਇਸ ਸੰਗਰਾਮ ਵਿਚੋਂ ਉਹ ਜੇਤੂ ਹੋ ਕੇ ਆਏਗਾ—ਉਸਦਾ ਵਿਸ਼ਾ ਰੂਪ ਉੱਤੇ ਜਿੱਤ ਪਰਾਪਤ ਕਰ ਲਵੇਗਾ—ਉਹ ਬਹੁਤ ਕੁਝ ਕਹਿ ਸਕੇਗਾ ਤੇ ਆਖੇਗਾ ਵੀ ਸ਼ਕਤੀਸ਼ਾਲੀ ਬੋਲੀ ਅਤੇ ਸ਼ੈਲੀ ਵਿਚ ।

ਕਵੀ ਆਪਣੀ ਇਸ ਸਥਿਤੀ ਦਾ ਆਪਣੀ ਪਹਿਲੀ ਕਵਿਤਾ "ਤੇਜ਼ਾਬੀ ਲਫ਼ਜ਼" ਦੇ ਅੰਤ ਵਿਚ ਇਉਂ ਇਕਬਾਲ ਕਰਦਾ ਹੈ :

ਅਜੇ ਮਾਨਵ ਦੀ ਵੇਦਨ
ਹੂ-ਬ-ਹੂ ਕਹਿ ਸਕਣ ਵਾਲੇ
ਲਫ਼ਜ਼ ਮੇਰੇ ਜ਼ਿਹਨ ਵਿਚ
ਤਰਥੱਲੀਆਂ ਪਾਉਂਦੇ
ਤੇ ਹਾਲੀਂ ਬਾਹਰ ਨਹੀਂ ਆਉਂਦੇ ।

ਆਸ ਹੈ ਪਾਠਕ ਇਸ ਸੰਗ੍ਰਹਿ ਨੂੰ ਗਹੁ-ਨਾਲ ਪੜ੍ਹਨਗੇ ਤੇ ਯੋਗ ਸਵਾਗਤ ਕਰਗੇ ।

**—ਸੰਤੋਖ ਸਿੰਘ ਧੀਰ**



Sri Satguru Jagjit Singh Ji Elibrary NamdhariElibrary@gmail.com

ਸ਼ਰਧਾਂਜਲੀ

# ਸਵਰਗੀ ਮਾਤਾ ਨਿਹਾਲ ਕੌਰ ਸੰਧੂ

ਮਾਤਾ ਜੀ ਦਾ ਜਨਮ ਸੰਨ ੧੮੭੦ ਵਿਚ ਪਿੰਡ ਗਾਜੀਵਾਲ ਤਹਿਸੀਲ ਨਾਰੋਵਾਲ ਜ਼ਿਲਾ ਸਿਆਲਕੋਟ ਵਿਚ ਹੋਇਆ ਅਤੇ ਇਨਾਂ ਦਾ ਅਨੰਦ ਪਿੰਡ ਭੂਰੇ ਕੇ ਤਹਿਸੀਲ ਪਸਰੂਰ ਜ਼ਿਲਾ ਸਿਆਲਕੋਟ ਦੇ ਸੰਤ ਸਿੰਘ ਸੰਧੂ ਨਾਲ ਹੋਇਆ ਜਿਨਾਂ ਦਾ ਪਰੀਵਾਰ ਪਹਿਲਾਂ ਗੈਰ ਨਾਮਧਾਰੀ ਹੁੰਦਾ ਸੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦ ਘੌੜਿਆਂ ਤੇ ਸੇਵਾਦਾਰਾਂ ਦੇ ਨਾਲ ਇਨਾਂ ਪਿੰਡਾਂ ਦਾ ਦੌਰਾ ਕਰਨ ਜਾਇਆ ਕਰੱਦੇ ਤੇ ਏਸ ਪਰਵਾਰ ਉਤੇ ਨਾਮਧਾਰੀ ਲਹਿਰ ਦਾ ਅਸਰ ਹੋਣਾ ਸ਼ੁਰੂ ਹੋ ਗਿਆ। ਜਦ ੧੯੪੭ ਵਿਚ ਮਾਤਾ ਜੀ ਦਾ ਪਰਿਵਾਰ ਪਾਕਿਸਤਾਨ ਤੋਂ ਆਪਣਾ ਘਰ ਬਾਰ ਛੱਡ ਕੇ ਜਲੰਧਰ ਆ ਗਏ ਤਾਂ ਇਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਈ ਮੇਲੇ ਕੀਤੇ। ਉਸ ਸਮੇਂ ਇਸ ਪਰੀਵਾਰ ਉਤੇ ਖਾਸ ਕਰਕੇ ਮਾਤਾ ਨਿਹਾਲ ਕੌਰ ਜੀ ਉੱਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਕ੍ਰਿਪਾ ਹੋਈ ਅਤੇ ਇਹ ਸਾਰਾ ਪਰੀਵਾਰ ਨਾਮਧਾਰੀ ਸਜ ਗਿਆ ਅਤੇ ਭਜਨ ਬੰਦਗੀ ਵਿਚ ਮਾਤਾ ਜੀ ਹਰ ਵਕਤ ਮਗਨ ਰਹਿੰਦੇ। ਇਨ੍ਹਾਂ ਦੇ ਦੱਸਣ ਅਨੁਸਾਰ ਪਤਾ ਲਗਾ ਕਿ ਮਾਤਾ ਨਿਹਾਲ ਕੌਰ ਇਕ ਵਾਰ ਪਹਿਲਾਂ ਵੀ ਦੇਹ ਰੂਪੀ ਕਲਬੂਤ ਵਿਚੋਂ ਆਪਣੇ ਸੁਆਸ ਛੱਡ ਗਏ ਸਨ। ਅਤੇ ਕੁਛ ਸਮੇਂ ਬਾਦ ਜਦ ਸਰੀਰ ਵਿਚ ਦੁਬਾਰਾ ਹਰਕਤ ਆਈ ਤੇ ਪੁੱਛਣ ਤੇ ਮਾਤਾ ਜੀ ਨੇ ਦੱਸਿਆ ਕਿ ਮੈਨੂੰ ਜਮ ਲੈ ਕੇ ਧਰਮ ਰਾਜ ਦੀ ਕਚਿਹਿਰੀ ਵਿਚ ਗਏ ਤੇ ਮੈਨੂੰ ਰਸਤੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਜਿਨਾਂ ਨੇ ਕੇਸੀ ਅਸ਼ਨਾਨ ਕਰਕੇ ਤੇ ਛੋਟਾ ਜਿਹਾ ਕਪੜਾ ਸਿਰ ਤੇ ਰੱਖਿਆ ਹੋਇਆ ਸੀ ਅਤੇ ਗੋਡਿਆਂ ਤਕ ਕਛਹਿਰਾ ਪਾਇਆ ਹੋਇਆ ਸੀ ਅਤੇ ਹੱਥ ਮਾਲਾ ਲੈ ਕੇ ਮੇਰੇ ਸਾਮਣੇ ਆ ਖਲੋਤੇ। ਮੈਂ ਸਤਿਗੁਰਾਂ ਦੇ ਚਰਨਾਂ ਦੇ ਮੱਥਾ ਟੇਕਿਆ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮੈਨੂੰ ਪੁੱਛਿਆ ਤੇ ਮੈਂ ਆਪਣੀ ਸਾਰੀ ਵਿਥਿਆ ਸੁਣਾਈ ਅਤੇ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਧਰਮਰਾਜ ਨਾਲ ਪਤਾ ਨਹੀਂ ਕੀ ਗੱਲ ਕੀਤੀ ਤੇ ਆ ਕੇ ਮੈਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਕਿ ਬੀਬੀ ਜੀਤੈਨੂੰ ਏਹ ਗਲਤੀ ਨਾਲ ਲੈ ਆਏ ਹਨ।

ਮਾਤਾ ਜੀ ਦੇ ਸਰੀਰ ਵਿਚ ਦੁਬਾਰਾ ਪ੍ਰਾਣ ਆਉਣ ਮਗਰੋਂ ਮਾਤਾ ਜੀ ਦੀ ਹਰ ਸਮੇਂ ਲਗਨ ਹੀ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਲਗੀ ਰਹਿੰਦੀ। ਏਸ ਮਾਤਾ ਨਿਹਾਲ ਕੌਰ ਜੀ ਨੇ ਆਪਣੀ ਹੀ ਨਹੀਂ ਬਲਕਿ ਕਈਆਂ ਪਰਵਾਰਾਂ ਦੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਲਿਆ ਕੇ ਕਾਇਆ ਹੀ ਪਲਟ ਦਿਤੀ। ਏਸ ਮਾਤਾ ਨਿਹਾਲ ਕੌਰ ਦੀ ਇਕ ਲੜਕੀ ਬੀਬੀ ਮਾਇਆ ਦੇਵੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਕ੍ਰਿਪਾ ਰਹੀ ਹੈ। ਅਤੇ ਮਾਤਾ ਜੀ ਦੇ ਵੱਡੇ ਪੁੱਤਰ ਸੰਤ ਤੇਜਾ ਸਿੰਘ ਜੀ ਜਿਨਾਂ ਤੇ ਸਤਿਗੁਰੂ ਦੀ ਬੜੀ ਅਪਾਰ ਕ੍ਰਿਪਾ ਹੋਣ ਕਾਰਣ ਉਨਾਂ ਦੇ ਲੜਕੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਨਾਲ ਰਾਗ ਵਿਦਿਆ ਅਤੇ ਨਾਮਧਾਰੀ ਇਤਿਹਾਸ ਦੇ ਵਿਦਵਾਨ ਹਨ। ਮਾਤਾ ਜੀ ਦੇ ਛੋਟੇ ਲੜਕੇ ਸੰਤ ਤਾਰਾ ਸਿੰਘ ਜੀ ਜਿਨਾ ਦੇ ਲੜਕੇ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਨਾਲ ਤਬਲੇ ਦੀ ਵਿਦਿਆ ਪ੍ਰਾਪਤ ਹੋਈ। ਆਪਣੀ ਦੇਹ ਛਡਣ ਤੋਂ ਕੁਛ ਸਮਾਂ ਪਹਿਲਾਂ ਮਾਤਾ ਜੀ ਨੇ ਦਸ ਦਿਤਾ ਕਿ ਮੈਂ ਹੁਣ ਚਲੇ ਜਾਣਾ ਹੈ। ਮਾਤਾ ਨਿਹਾਲ ਕੌਰ ਜੀ ੧੩੧ ਜੀਆਂ ਦਾ ਪਰੀਵਾਰ ਪੁੱਤਰ, ਪੋਤਰੇ, ਪੜੋਤਰੇ, ਪੜਪੋਤਰੇ, ਦੋਹਤੇ ਪੜਦੋਤੇ ਛਡ ਕੇ ਮਿਤੀ ੩-੧੧-੧੯੯੩ ਸਵੇਰੇ ਸਾਢੇ ੫ ਵਜੇ ਅਕਾਲ ਚਲਾਣਾ ਕਰ ਗਏ। ਏਸ ਮਾਤਾ ਨਿਹਾਲ ਕੌਰ ਦੀਆਂ ਮਿੱਠੀਆਂ ਯਾਦਾਂ ਉਹਨਾਂ ਦੇ ਪਰੀਵਾਰ ਨੂੰ ਅਤੇ ਭਜਨ ਬੰਦਗੀ ਕਰਨ ਵਾਲੇ ਸੰਤਾਂ ਮਹਾਤਮਾਵਾਂ ਨੂੰ ਸਦਾ ਹੀ ਆਉਂਦੀਆਂ ਰਹਿਣਗੀਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਕੀਰਤਨੀਏ ਸੰਤ ਪ੍ਰੀਤਮ ਸਿੰਘ ਪੱਦੀ ਵਾਲੇ ਆਪ ਬੀਮਾਰ ਹੋਣ ਦੇ ਬਾਵਜੂਦ ਮਾਤਾ ਜੀ ਦੇ ਦਰਸ਼ਨਾਂ ਨੂੰ ਆਇਆ ਕਰਦੇ ਸਨ। ਉਹਨਾਂ ਦੇ ਸਸਕਾਰ ਸਮੇਂ ਅਤੇ ਭੋਗ (੧੫ ਨਵੰਬਰ ੧੯੯੩) ਸਮੇਂ ਉਹਨਾਂ ਆਪਣੀ ਸੇਹਤ ਦੀ ਪਰਵਾਹ ਕੀਤੇ ਬਿਨਾ ਵੈਰਾਗਮਈ ਕੀਰਤਨ ਕੀਤਾ ਅਤੇ ਸਵੇਰੇ ਆਸਾ ਦੀ ਵਾਰ ਲਾਈ। ਇਸ ਤੋਂ ਇਲਾਵਾ ਜਥੇਦਾਰ ਨੱਥਾ ਸਿੰਘ, ਅਵਤਾਰ ਸਿੰਘ, ਹਜ਼ਾਰਾ ਸਿੰਘ ਅਤੇ ਸੰਤ ਬਲਬੀਰ ਸਿੰਘ ਅਤੇ ਕਵੀ ਵਕੀਰ ਚੰਦ ਤੁਲੀ ਹੋਰਾਂ ਵੀ ਕੀਰਤਨ ਅਤੇ ਸ਼ਰਧਾਂਜਲੀਆਂ ਕਵਿਤਾਵਾਂ ਦੁਆਰਾਂ ਮਾਤਾ ਜੀ ਦੇ ਗੁਣਾਂ ਨੂੰ ਯਾਦ ਕੀਤਾ।

ਮਹਿੰਦਰ ਸਿੰਘ ਨਾਮਧਾਰੀ
ਜਨਰਲ ਸਕੱਤਰ ਜ਼ਿਲਾ ਕਾਂਗਰਸ ਕਮੇਟੀ (ਆਈ)
ਬੀ. ਸੀ. ਸੀ. ਜਲੰਧਰ।



Sri Satguru Jagjit Singh Ji Elibrary NamdhariElibrary@gmail.com

# ਵਰਿਆਮ ਬੰਦ

ਵਰਿਆਮ ਦੇ ਸ੍ਰਪਰਸਤੋ, ਪਾਠਕੋ, ਦੋਸਤੋ ਅਤੇ ਹਿਤੂਓ ।

ਤੁਹਾਡੀ ਆਸ਼ੀਰਵਾਦ, ਮਦਦ ਅਤੇ ਅਸੀਸਾਂ ਨਾਲ ਸੰਨ ੧੯੮੫ ਤੋਂ ਵਰਿਆਮ ਹਰ ਮਹੀਨੇ ਲਗਾਤਾਰ ਪ੍ਰਕਾਸ਼ਤ ਹੁੰਦਾ ਆ ਰਿਹਾ ਹੈ । ਇਸ ਗੱਲ ਤੇ ਸਾਨੂੰ ਤਾਂ ਮਾਨ ਨਹੀਂ ਕਰਨਾ ਚਾਹੀਦਾ ਪਰ ਤੁਹਾਡੇ ਮਾਨ ਵਾਲੀ ਗਲ ਜ਼ਰੂਰ ਹੈ ਕਿ ਤੁਸੀਂ ਓਸ ਪਰਚੇ ਨਾਲ ਜੁੜੇ ਹੋਏ ਹੋ ਜਿਸ ਨੇ ਲਗਾਤਾਰ ਅੱਠ ਸਾਲ ਆਪਣੀ ਹੋਂਦ ਨੂੰ ਸ਼ਾਨ ਨਾਲ ਕਾ ਮ ਰੱਖਿਆ ਹੈ ।

ਭਾਵੇਂ ਸਾਡੀ ਤਸੱਲੀ ਵਰਿਆਮ ਦੇ ਮੌਜੂਦਾ ਸਰੂਪ ਨਾਲ ਨਹੀਂ ਪਰ ਅਸੀਂ ਇਕ ਵਿਸ਼ੇਸ਼ ਹਾਲਤ ਵਿਚ ਮਜਬੂਰੀ ਦੀਆਂ ਦਾਈਆਂ ਦੇ ਅੰਦਰ ਅੰਦਰ ਪ੍ਰਾਪਤ ਮੋਹਰਿਆਂ ਨਾਲ ਹੀ ਚੰਗੀ ਖੇਡ ਪੁਗਾਉਣ ਦਾ ਜਤਨ ਕੀਤਾ ਹੈ ।

ਕਈ ਵਾਰ ਕਿਸੇ ਬਹੁਤੇ ਹੀ ਅਪਨਤ ਵਾਲੇ ਸੱਜਣ ਨਾਲ ਏਨਾ ਮੋਹ ਵਿਚ ਭਿਜ ਜਾਈਦਾ ਹੈ ਕਿ ਉਸ ਬਾਰੇ ਹੋਰ ਗੱਲ ਸੋਚਣੀ ਭੁਲ ਜਾਂਦੀ ਹੈ । ਚਾਹ ਪਾਣੀ ਤੇ ਰੋਟੀ ਤਕ ਪੁਛਣੀ ਵੀ ਭੁਲ ਜਾਂਦੀ ਹੈ ਅਤੇ ਕਈ ਵਾਰ ਆਪਣੇ ਸੱਜਣਾਂ ਬਾਰੇ ਇਹ ਸੋਚ ਲਿਆ ਜਾਂਦਾ ਹੈ ਕਿ ਇਹ ਤਾਂ ਭਾਰੇ ਗੋਰੇ ਹਨ ਇਹਨਾਂ ਨੂੰ ਕੀ ਪੁਛੀਏ ? ਵਰਿਆਮ ਮੋਹ ਵਿਚ ਭਿਜੇ ਕੁਝ ਹਿਤੂਆਂ ਨੇ ਵੀ ਇਵੇਂ ਹੀ ਕੀਤਾ ।

ਵਰਿਆਮ ਕਰਮਚਾਰੀ ਨੇ ਜਦੋਂ ਸਾਨੂੰ ਉਹਨਾਂ ਦੀ ਲਿਸਟ ਵਿਖਾਈ ਜਿਨ੍ਹਾਂ ਨੇ ਕਈ ਕਈ ਸਾਲਾਂ ਤੋਂ ਕੇਵਲ ਪਿਆਰ ਨਾਲ ਹੀ ਪਰਚਾ ਸਵੀਕਾਰਿਆ ਹੈ ਤਾਂ ਸਾਡਾ ਤ੍ਰਾਹ ਨਿਕਲ ਗਿਆ ।

ਬਹੁਤਾ ਮੋਹ ਕਈ ਵਾਰ ਜਾਨ ਲੇਵਾ ਸਾਬਤ ਹੁੰਦਾ ਹੈ । ਜੇ ਵਰਿਆਮ ਮੋਹ ਨਾਲ ਹੀ ਪੜ੍ਹਦੇ ਜਾਓ ਅਤੇ ਇਹ ਨਾ ਸੋਚੋ ਕਿ ਇਸ ਦੇ ਜੀਉਂਦੇ ਰਖਣ ਵਾਸਤੇ ਵੀ ਕੁਝ ਫਰਜ਼ ਨਿਭਾਉਣਾ ਹੈ ਤਾਂ ਸਿੱਟਾ ਬਿਲਕੁਲ ਸਪੱਸ਼ਟ ਹੈ ।

ਜੇ ਇਹ ਸਤਰਾਂ ਲਿਖਣ ਲਗਿਆਂ ਵੀ ਪਹਿਲਾਂ ਕਾਗਜ਼ ਪੈਨ ਤੇ ਸਿਆਹੀ ਦੀ ਲੋੜ ਪੈਣੀ ਹੈ ਜੋ ਮੁੱਲ ਖਰੀਦੇ ਜਾਣੇ ਹਨ । ਉਸ ਬਾਅਦ ਪਰਚੇ ਤੇ ਲਗਣ ਵਾਲਾ ਕਾਗਜ਼ ਮੁੱਲ ਆਉਣਾ ਹੈ । ਕੰਪੋਜ਼ਿੰਗ ਮੁੱਲ ਤੇ ਹੋਣੀ ਹੈ ਛਪਾਈ ਤੇ ਖਰਚਾ ਆਉਣਾ ਹੈ । ਜਿਲਦਸਾਜ਼ੀ ਤੇ ਪੈਸੇ ਲਗਣੇ ਹਨ । ਐਡਰੈਸ ਐਵੇਂ ਨਹੀਂ ਹੋ ਜਾਣੇ । ਟਿਕਟਾਂ ਮੁੱਲ ਦੀਆਂ ਹੋਣੀਆਂ ਹਨ । ਡਾਕ ਵਿਚ ਸੁਟਣ ਜਾਣ ਤੱਕ ਰਿਕਸ਼ਿਆਂ ਦੇ ਕਿਰਾਏ ਲਗਣੇ ਹਨ, ਤੁਹਾਨੂੰ ਚਿੱਠੀਆਂ ਲਿਖਣ ਤੱਕ ਸਭ ਖਰਚ ਹੀ ਖਰਚ ਹੈ ਤਾਂ ਤੁਸੀਂ ਆਪ ਹੀ ਦਸੋ ਕਿ ਕੀ ਇਹ ਧਰਮ ਦੀ ਗੱਲ ਹੈ ਕਿ ਕੋਈ ਮੁਫਤ ਪਰਚਾ ਪੜ੍ਹੇ ।

ਆਪਣੇ ਜੀਵਨ ਦੇ ਘੋਰ ਸੰਕਟ ਵਿਚੋਂ ਵਰਿਆਮ ਲੰਘ ਰਿਹਾ ਹੈ । ਜੇ ਵਰਿਆਮ ਦੇ ਪਾਠਕਾਂ ਨੇ ਮੋਹ ਵਸ ਚੰਦੇ ਨਹੀਂ ਭੇਜੇ ਤਾਂ ਕਈ ਹੋਰ ਦੋਸਤਾਂ ਨੇ ਇਸ ਤੋਂ ਵੀ ਵੱਡਾ ਪਿਆਰ ਤੇ ਅਪਨਾਪਣ ਵਖਾਇਆ ਹੈ । ਉਹਨਾਂ ਇਸ ਦੇ ਇਸ਼ਤਿਹਾਰਾਂ ਆਦਿਕ ਦੀਆਂ ਰਕਮਾਂ ਨੂੰ ਹੀ ਅਪਣੇ ਕੋਲ ਰਖਣ ਦਾ ਉਪਕਾਰ ਕੀਤਾ ਹੈ । ਇਹ ਕੰਮ ਵੱਡਿਆਂ ਲੋਕਾਂ ਦਾ ਹੈ । ਵਰਿਆਮ ਨੂੰ ਸ਼ੁਰੂ ਕਰਨ ਅਤੇ ਚਲਦਾ ਰਖਣ ਵਾਸਤੇ ਤਾਂ ਬਹੁਤ ਹੀਲੇ ਕਰਨੇ ਪਏ ਹਨ ਪਰ ਇਸਨੂੰ ਖਤਮ ਕਰਨ ਵਾਸਤੇ ਬਹੁਤੇ ਤਰਦਦ ਦੀ ਲੋੜ ਨਹੀਂ । ਉਪਰੋਕਤ ਦਸਿਆ ਪਿਆਰ ਹੀ ਕਾਫੀ ਹੈ ।



Sri Satguru Jagjit Singh Ji Elibrary NamdhariElibrary@gmail.com

ਅਸੀਂ ਵੀ ਤੁਹਾਡੇ ਮੋਹ ਵੱਸ ਇਹਨਾਂ ਗੱਲ ਵਲ ਧਿਆਨ ਨਹੀਂ ਦਿਤਾ ਪਰ ਪਰਲੋ ਸਾਹਮਣੇ ਦਿੱਸ ਰਹੀ ਹੈ।

ਸੰਪਾਦਕ ਵਰਿਆਮ ਦੇ ਮੂੰਹ ਤੇ ਕੀਤੀਆਂ ਸਿਫਤਾਂ, ਉਸ ਵਲੋਂ ਸਟੇਜਾਂ ਤੇ ਕੀਤੀਆਂ ਤਕਰੀਰਾਂ, ਕਾਰਾਂ ਵਿਚ ਲਏ ਹੂਟਿਆਂ ਅਤੇ ਸਵਾਦਿਸ਼ਟ ਲੰਗਰਾਂ ਨਾਲ ਤਾਂ ਵਰਿਆਮ ਨੇ ਨਹੀਂ ਚਲਣਾ ਇਸ ਵਾਸਤੇ ਤਾਂ ਅਮਲੀ ਤੌਰ ਤੇ ਹੀ ਸੋਚਣਾ ਪਵੇਗਾ। ਜੇ ਤੁਸੀਂ ਸਾਨੂੰ ਕਹੋ, ਜੀ ਤੁਹਾਡਾ ਫਲਾਣਾ ਲੇਖ ਚੰਗਾ ਸੀ, ਰੇਡੀਓ ਤੇ ਦਿਤਾ ਤੁਹਾਡਾ ਰੂਪਕ ਬਹੁਤ ਹੀ ਵਧੀਆ ਸੀ, ਟੀ.ਵੀ. ਵਾਲਾ ਤੁਹਾਡਾ ਪ੍ਰੋਗਰਾਮ ਆਹਲਾ ਸੀ ਅਤੇ ਵਰਿਆਮ ਵਾਸਤੇ ਕੁਝ ਵੀ ਨਾ ਸੋਚੋ ਤਾਂ ਇਹ ਕੇਵਲ ਮੂੰਹ ਵਿਖਾਵੇ ਦੀਆਂ ਹੀ ਗੱਲਾਂ ਹਨ।

ਵਰਿਆਮ ਦੀ ਜ਼ਿੰਦਗੀ ਦੇ ਐਸੇ ਮੋੜ ਤੇ ਅਸੀਂ ਖੜੇ ਹਾਂ ਜਿੱਥੇ ਬਹੁਤ ਸਾਰੇ ਮੋਹ ਤਿਆਗਣੇ ਪੈਣੇ ਹਨ। ਜਿਹੜਾ ਮੋਹ ਜਾਨ ਦਾ ਖੌ ਬਣ ਜਾਵੇ ਉਸ ਨੂੰ ਛੱਡ ਦੇਣਾ ਚਾਹੀਦਾ ਹੈ।

ਇਕ ਪਾਠਕ ਵਰਗ ਵਰਿਆਮ ਦਾ ਜਨਮ ਜਨਮ ਦਾ ਸਾਥੀ ਵੀ ਹੈ। ਇਹ ਵਰਗ ਆਪ ਭਾਵੇਂ ਔਖਾ ਰਹੇ ਪਰ ਵਰਿਆਮ ਵਾਸਤੇ ਸਦਾ ਹੀ ਭਲਾ ਸੋਚਦਾ ਹੈ। ਵਰਿਆਮ ਦੇ ਕੁਝ ਦੋਸਤਾਂ ਨੇ ਵੀ ਹਰ ਚੰਗੇ ਮਾੜੇ ਸਮੇਂ ਇਸ ਦਾ ਸਾਥ ਦਿਤਾ ਹੈ। ਇਸ਼ਤਿਹਾਰਾਂ ਨਾਲ, ਚੰਦਿਆਂ ਨਾਲ ਅਤੇ ਨੇਕ ਸਲਾਹਾਂ ਨਾਲ ਵੀ। ਉਹਨਾਂ ਦਾ ਇਹ ਨਿਸਚਾ ਵੀ ਹੈ ਕਿ ਵਰਿਆਮ ਨੂੰ ਚੜ੍ਹਦੀਆਂ ਕਲਾ ਵਿਚ ਰਖਣਾ ਆਪਣੇ ਸਤਿਗੁਰੂ ਜੀ ਦੇ ਫੁਰਨਿਆਂ ਦੀ ਪਾਲਣਾ ਕਰਨਾ ਹੀ ਹੈ। ਇਹਨਾਂ ਕਦੀ ਪਬਲਿਸਿਟੀ ਦੀ ਲਾਲਸਾ ਨਹੀਂ ਕੀਤੀ। ਆਪਣੀਆਂ ਤਸਵੀਰਾਂ ਜਾਂ ਅਪਣੇ ਬਾਰੇ ਕੋਈ ਲਿਖਤ ਵੀ ਨਹੀਂ ਛਪਵਾਈ। ਇਹ ਵਰਿਆਮ ਵਿਚੋਂ ਸੰਪਾਦਕ ਵਰਿਆਮ ਜਾਂ ਕਿਸੇ ਹੋਰ ਨੂੰ ਨਹੀਂ ਵੇਖਦੇ। ਸਤਿਗੁਰੂ ਜੀ ਨੂੰ ਵੇਖਦੇ ਹਨ। ਥੋੜਾ ਬਹੁਤਾ ਭਾਰ ਇਹ ਹੀ ਚੁੱਕਦੇ ਹਨ। ਵਰਿਆਮ ਦੇ ਇਹਨਾਂ ਪਾਠਕਾਂ ਅਤੇ ਦੋਸਤਾਂ ਦੇ ਆਸਰੇ ਹੀ ਸਾਨੂੰ ਸੰਘਰਸ਼ ਵਾਸਤੇ ਹੱਲਾਸ਼ੇਰੀ ਮਿਲਦੀ ਹੈ।

ਇਸ ਵਾਸਤੇ ਅਸਾਂ ਦਿਲ ਤੇ ਪੱਥਰ ਰੱਖ ਕੇ ਫੈਸਲਾ ਕੀਤਾ ਹੈ ਕਿ ਜਿਹੜੇ ਸੱਜਣ ਬਹੁਤ ਸਮੇਂ ਤੋਂ ਮੁਫਤ ਪਰਚਾ ਪੜ੍ਹ ਰਹੇ ਹਨ ਬਗੈਰ ਕਿਸੇ ਵਾਪਸੀ ਦੇਣ ਦੇ ਉਹਨਾਂ ਨੂੰ ਵਰਿਆਮ ਭੇਜਣਾ ਬੰਦ ਕਰ ਦਿਤਾ ਜਾਵੇ। ਪਿਛਲੇ ਬਕਾਇਆਂ ਦੇ ਹਿਸਾਬ ਕਰ ਕੇ ਹਰ ਇਕ ਨੂੰ ਕਾਰਡ ਭੇਜੇ ਜਾ ਰਹੇ ਹਨ। ਜਿਸਦਾ ਚੰਦਾ ਮੁਕੰਮਲ ਆ ਜਾਵੇਗਾ ਉਸ ਦਾ ਪਰਚਾ ਜਾਰੀ ਰਹੇਗਾ।ਭਾਵੇਂ ਕਿੰਨੇ ਨਾਂਅ ਵੀ ਕੱਟਣੇ ਪੈਣ ਕਟੇ ਜਾਣਗੇ।

ਹੁਣ ਤੁਸੀਂ ਆਪ ਹੀ ਸੋਚੋ ਕਿ ਇਹ ਤੁਹਾਡਾ ਫਰਜ਼, ਤੁਹਾਡਾ ਧਰਮ ਨਹੀਂ ਬਣਦਾ ਕਿ ਵਰਿਆਮ ਨੂੰ ਸਮੇਂ ਸਿਰ ਚੰਦੇ ਪਹੁੰਚਾਓ। ਇਸ ਦੀ ਆਰਥਕ ਸਹਾਇਤਾ ਕਰੋ ਇਸ ਦੇ ਵੱਧ ਤੋਂ ਵੱਧ ਮੈਂਬਰ, ਜੀਵਨ ਮੈਂਬਰ ਬਣਾਓ। ਇਸ ਵਾਸਤੇ ਇਸ਼ਤਿਹਾਰ ਦੇਵੋ ਦਵਾਓ ?

ਇਸ ਵਾਸਤੇ ਆਪਣਾ ਫਰਜ਼ ਪਛਾਣੋ ਤੇ ਧਰਮ ਤੇ ਪਹਿਰਾ ਦਿਓ। ਜੇ ਪਰਬੰਧਕ, ਮਜਬੂਰੀਆਂ ਵਸ ਜਵਾਬੀ ਮਨੀ-ਆਰਡਰ ਨਹੀਂ ਭੇਜ ਸਕੇ ਤਾਂ ਤੁਸੀਂ ਆਪ ਪਹਿਲ ਕਦਮੀ ਕਰਕੇ ਅਪਣੀ ਮਾਇਆ ਭੇਜੋ। ਵਰਿਆਮ ਦੇ ਜਿਹੜੇ ਦੋਸਤ ਇਸਦੇ ਚੰਦੇ ਇਕੱਠੇ ਕਰਨ ਜਾਂ ਗਾਹਕ ਬਨਾਉਣ ਵਿਚ ਸਹਾਇਤਾ ਕਰ ਰਹੇ ਹਨ ਜਾਂ ਕਰਨਗੇ ਉਹਨਾਂ ਦਾ ਧੰਨਵਾਦ ਸਹਿਤ ਜ਼ਿਕਰ ਵਰਿਆਮ ਦੇ ਕਾਲਮਾਂ ਵਿਚ ਕਰਾਂਗੇ। ਵਰਿਆਮ ਨੂੰ ਜਿਉਂਦਿਆਂ ਰਖਣ ਲਈ ਵਰਿਆਮ ਬੰਦ ਕਰ ਰਹੇ ਹਾਂ, ਉਹਨਾਂ ਦਾ ਜਿਨ੍ਹਾਂ ਨੇ......।

ਸਤਿਕਾਰ ਯੋਗ ਸਜਨੋਂ ਉਪਰੋਕਤ ਬੇਨਤੀ ਚੋਂ ਕਿਸੇ ਗੱਲ ਨੂੰ ਸਾਡੀ ਗੁਸਤਾਖੀ ਸਮਝੋ ਜਾਂ ਅਪਣੀ ਸ਼ਾਨ ਦੇ ਅਨੁਕੂਲ ਨਾ ਸਮਝੋ ਤਾਂ ਖਿਮਾ ਕਰ ਦੇਣਾ।

**—ਜਗਦੀਸ਼ ਸਿੰਘ**



Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER

Phone : 3805

## MODERN GUN WORKS

Opp. Industrial Estate,

JAMMU CANTT.

With best compliments from :-

## *NAMDHARI BROTHERS*

Prop. S. AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE P. S. G ELECTRIC MOORS ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji Elibrary NamdhariElibrary@gmail.com

ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਨਵੰਬਰ ੧੯੮੩ ਅੰਕ ਵੇਖੋ)

## ੮ ਅਪਰੈਲ ੧੯੭੮ ਚਲਦਾ ਪ੍ਰਸੰਗ ਬੰਬਈ ਸੰਗੀਤ ਸੰਮੇਲਨ ਅੰਤਮ ਸਭਾ

### ਵਕਾਂ ਦਾ ਬਿਆਨ

ਬਾਹਰ ਨਿਕਲ, ਸਭਾਗਾਰ ਚੋਂ,ਸ੍ਰੀ ਸਤਿਗੁਰੂ ਜੀ ਨੇ ਸ੍ਰ: ਰਭਜਨ ਸਿੰਘ ਇੱਗਦਪੁਰੀ ਨੂੰ ਬੁਲਵਾਇਆ। ਮੇਰੇ ਰਾਹੀਂ ਰਦੇਵ ਪਤਨੀ ਗੁਰਮੀਤ ਨੂੰ ਸਦਵਾਇਆ। ਇਹਦੇ ਵੱਲ ਸ਼ਾਰਾ ਕਰਕੇ ਸ: ਹਰਭਜਨ ਸਿੰਘ ਨੂੰ ਆਗਿਆ ਕੀਤੀ : ੦੦/- ਦੇ ਦੇਣਾ। ੪੦੦/- ਗੁਰਦੇਵ ਲਈ ੪੦੦/- ਰਭਜਨ ਵਾਸਤੇ। ਸਿੰਘ ਨੇ ਸਤਿ ਬਚਨ ਕਹਿ ਸਿਰ ਝੁਕਾਇਆ।

ਹੇਠ ਲਿਖੇ ਸਜਣਾਂ ਨੇ ਬੰਬਈ ਵਿਚ ਇਸ ਸੰਮੇਲਨ ਦੀ ਸਫਲਤਾ ਲਈ ਮਦਦ ਕੀਤੀ-ਕਰਵਾਈ ਹੈ :

ਪ੍ਰਧਾਨ ਨਾਮਧਾਰੀ ਸੰਗਤ ਸ੍ਰ: ਕਰਤਾਰ ਸਿੰਘ, ਸ੍ਰ: ਗੁਰਬਚਨ ਸਿੰਘ, ਸੰਤ ਹਜ਼ੂਰਾ ਸਿੰਘ, ਸ੍ਰ: ਅਜੀਤ ਸਿੰਘ ਕਲਸੀ, ਸੰਤ ਦਲੀਪ ਸਿੰਘ,ਸੰਤ ਮਨਫੂਲ ਸਿੰਘ,ਸ: ਸਰਦੂਲ ਸਿੰਘ, ਸ੍ਰ: ਬਚਨ ਸਿੰਘ ਕਲਸੀ, ਸੂਬਾ ਹਵੇਲਾ ਸਿਘ ਜੀ, ਸੰਤ ਧੰਨਾ ਸਿੰਘ ਅਤੇ ਹੋਰ ਅਨੇਕਾਂ ਸਰੀਰ ਜਿਨ੍ਹਾਂ ਦੇ ਮੈਨੂੰ ਨਾਮ ਨਹੀਂ ਆਉਂਦੇ।

## ੯ ਅਪਰੈਲ ੧੯੭੮, ਐਤਵਾਰ ਬੰਬਈ

### ਪ੍ਰਸਥਾਨ

ਸ੍ਰੀ ਸਤਿਗੁਰੂ ਜੀ ਆਪਣੇ ਜਥੇ ਸਮੇਤ ਦਿੱਲੀ ਪ੍ਰਸਥਾਨ ਕਰ ਗਏ। ਉਹ ਸਿੰਘ ਜੋ ਮਾਰਵਾੜੀ ਧਰਮਸਾਲਾ ਵਿਚ ਰਿਹਾਇਸ਼ ਰਖਦੇ ਸਨ ਬੰਬਈ ਦੇ ਸੈਰ ਸਪਾਟੇ ਲਈ ਨਿਕਲੇ। ਸ੍ਰੀ ਜਗਦੀਸ਼ ਸਿੰਘ "ਵਰਿਆਮ" ਨੇ ਦਸਿਆ ਕਿ ਵਧੀਆ



ਬੀਤੇ ਦੀਆਂ-ਪੈੜਾਂ ਦੇ ਕੇਂਦਰੀ ਚ੍ਰਿਤਰ ਸਤਿਗੁਰੂ ਜਗਜੀਤ ਸਿੰਘ ਜੀ ਕੋਮਲ ਭਾਵੀ ਕਲਾਕਾਰ ਹਨ। ਆਪ ਵਲੋਂ ਬਜ਼ੁਰਗਾਂ ਨੂੰ ਆਰਾਮ ਅਤੇ ਇਲਾਜ ਦੀਆਂ ਸਭ ਸਹੂਲਤਾਂ ਮੁਹੱਈਆਂ ਕੀਤੀਆਂ ਜਾਂਦੀਆਂ ਹਨ। ਤਸਵੀਰ ਵਿਚ ਆਪ ਸਰਬ ਸਤਿਕਾਰੇ ਬਜ਼ੁਰਗ ਸਵ: ਸੂਬਾ ਮੀਂਹਾ ਸਿੰਘ ਜੀ ਦੀ ਤੀਮਾਰ ਪੁਰਸੀ ਕਰਦੇ ਦਿਖਾਈ ਦੇ ਰਹੇ ਹਨ : ਨਾਲ ਹਨ ਸਤਿਗੁਰੂ ਜੀ ਦੇ ਸੇਵਕ-ਸਕੱਤਰ ਸੰਤ ਤਰਸੇਮ ਸਿੰਘ ਜੀ।—(ਫੋਟੋ ਪ. ਸ. ਕਵੀ)



Sri Satguru Jagjit Singh Ji Elibrary NamdhariElibrary@gmail.com

ਡੀਲਕਸ ਬਸ ਤੇ ਸਫਰ ਜਾਰੀ ਹੋਇਆ ਅਤੇ ਦੇਖਣ ਯੋਗ ਥਾਵਾਂ ਤੇ ਘੁੰਮਦਿਆਂ ਇਕ ਐਸੀ ਜਗਹਾ ਤੇ ਪੁਜੇ ਜਿਥੇ ਪਹਾੜੀ ਉਚਾਣਾਂ-ਨਿਵਾਣਾਂ ਸਨ। ਡਰਾਈਵਰ ਦੀ ਨਾ ਸਮਝੀ ਕਾਰਨ ਦੋ ਵਾਰ ਬਸ ਉਲਟਣ ਨੂੰ ਪਈ। ਪਰ ਸਵਾਰੀਆਂ ਦੀ ਅਪਣੀ ਹਿੰਮਤ ਤੇ ਸੂਝ ਸਮਝ ਕਾਰਨ ਨੁਕਸਾਨ ਹੋਣੋਂ ਬਚ ਗਿਆ।

ਸਪੂਤਨਿਕ-ਜਥਾ ਅਜ ਖਰੀਦਾਰੀ ਲਈ ਵਿਹਲਾ ਸੀ। ਰਕਮ ਸਤਿਗੁਰੂ ਜੀ ਦਿਵਾ ਗਏ ਸਨ। ਸੋ ਕੁਛ ਖਰੀਦਾਰੀ ਤੇ ਕੁਛ ਅਣਵੇਖੀਆਂ ਥਾਵਾਂ ਵੇਖਣ ਲਈ ਅਸੀਂ ਨਿਕਲ ਤੁਰੇ।

## ਨਹਿਰੂ ਪਲੈਨੇਟੋਰੀਅਮ

ਸਭ ਤੋਂ ਪਹਿਲਾਂ ਅਸੀਂ ਨਹਿਰੂ ਪਲੈਨੇਟੋਰੀਅਮ ਵਿਖੇ ਪਹੁੰਚੇ। ਸਾਇੰਸ ਦਾ ਕਮਾਲ। ਅਤੀ ਸੁੰਦਰ ਬਿਲਡਿੰਗ ਜੋ ਕਿ ਏਸੇ ਮਕਸਦ ਲਈ ਡੀਜ਼ਾਈਨ ਕੀਤੀ ਗਈ ਸੀ। ਅਜੋਕੇ ਯੰਤਰਾਂ ਨਾਲ ਵਿਸ਼ਾਲ ਗੋਲ ਗੁੰਬਦ ਵਿਚ ਅਸਮਾਨ ਦੀ ਰਚਨਾ। ਬਸਤੀਆਂ ਗੁਲ ਹੋਣ ਨਾਲ ਅਸੀਂ ਇੰਜ ਮਹਿਸੂਸ ਕਰਦੇ ਹਾਂ ਜਿਵੇਂ ਸੂਰਜ ਦੇ ਪੱਛਮ ਵੱਲ ਜਾਣ ਬਾਅਦ ਸੰਝਾਂ ਉੱਤਰ ਆਈਆਂ ਹੋਣ। ਦੁਆਲੇ ਥੋੜੇ ਪਰਕਾਸ਼ ਵਿਚ ਬੰਬਈ ਦੀਆਂ ਬਿਲਡਿੰਗਾਂ ਅਨ੍ਹੇਰੇ ਵਿਚ ਡੁਬ ਰਹੀਆਂ ਜਾਪਦੀਆਂ ਹਨ। ਆਹਿਸਤਾ ਆਹਿਸਤਾ ਮਸਨੂਈ ਰਾਤ ਪੈ ਜਾਂਦੀ ਹੈ। ਸਾਡੇ ਜਾਣੇ-ਪਛਾਣੇ ਸਿਤਾਰੇ ਅਕਾਸ਼ ਉਤੇ ਉਭਰ ਆਉਂਦੇ ਹਨ। ਇਹ ਜਗਮਗ ਜਗਮਗ ਆਕਾਸ਼ ਮੰਡਲ ਦੀ ਹੀ ਪ੍ਰਤੀਤ ਹੁੰਦੀ ਹੈ। ਅਤੇ ਫਿਰ ਇਨ੍ਹਾਂ ਦੀ ਜਾਣਕਾਰੀ ਦੇਣ ਹਿਤ ਇਕ ਆਵਾਜ਼ ਤੀਹ ਦੇ ਨਿਸ਼ਾਨ ਨਾਲ ਮੋਟੇ ਮੋਟੇ ਸਿਤਾਰਿਆਂ, ਗ੍ਰਹਿਆਂ ਉਪ-ਗ੍ਰਹਿਆਂ ਦੀ ਵਾਕਫ਼ੀ ਕਰਵਾਂਦੀ ਜਾਂਦੀ ਹੈ। ਵਿਗਿਆਨ ਸਾਬਤ ਕਰਦਾ ਹੈ ਚੰਨ ਗ੍ਰਹਿਣ ਤੇ ਸੂਰਜ ਗ੍ਰਹਿਣ ਕਿਉਂ ਅਤੇ ਕਿਵੇਂ ਲਗਦੇ ਹਨ। ਪਲੈਨੇਟੋਰੀਅਮ ਦੀਆਂ ਕੁਰਸੀਆਂ ਤੇ ਬੈਠਾ ਮਨੁੱਖ ਇਹ ਸਿਖਿਆ ਸਹਿਜ-ਭਾ ਪ੍ਰਾਪਤ ਕਰ ਉਠਦਾ ਹੈ।

ਪਲੈਨੇਟੋਰੀਅਮ ਵਿਚ ਦਾਖਲੇ ਦੇ ਨਾਲ ਹੀ ਚੰਦਰਮਾ ਦੇ ਦੋਵੇਂ ਭਾਗ ਅੱਗਾ ਅਤੇ ਪਿਛਾ ਵਖਾਏ ਗਏ ਹਨ। ਇਸ ਦੇ ਪਿਛਲੇ ਭਾਗ ਵਿਚ ਕਿਵੇਂ ਉਲਕਾਪਾਤ, ਅਰਥਾਤ ਤਾਰੇ ਟੁਟਦੇ ਹਨ ਅਤੇ ਅਗਲੇ ਭਾਗ ਵਿਚ ਸੁਕੇ ਪਏ ਸਮੁੰਦਰ ਹਨ, ਏਥੋਂ ਪਤਾ ਲਗਦਾ ਹੈ, ਇਸੇ ਗੋਲਾਕਾਰ ਛਤ ਵਿਚ ਦਿਸਹੱਦੇ ਤੇ ਅਕਾਸ਼ ਗੰਗਾਵਾਂ—ਦੁਧੀਏ ਰਾਹ—, ਇਹਨਾਂ ਦੀ ਬਣਤਰ ਅਤੇ ਮ੍ਰਿਤ ਤਾਰਿਆਂ ਦੀਆਂ ਤਸਵੀਰਾਂ ਬਿਜਲਈ ਤਰੀਕਿਆਂ ਨਾਲ ਸਮਝਾਈਆਂ ਜਾਂਦੀਆਂ ਹਨ। ਹੇਠਲੀ ਛਤੇ ਸੂਰਜ ਦੁਆਲੇ ਘੁੰਮਣ ਵਾਲੇ ਸਾਰੇ ਉਪਗ੍ਰਹਿ ਬੁਧ, ਮੰਗਲ, ਧਰਤੀ, ਬ੍ਰਹਸਪਤੀ ਸ਼ਨੀ, ਆਦਿ ਦੀ ਸਥਿਤੀ ਉਹਨਾਂ ਦੀ ਚਾਲ, ਦੂਰੀ ਸੁਭਾਵ ਆਦਿ ਸਮਝਾਏ ਜਾਂਦੇ ਹਨ।

ਇਹ ਪਲੈਨੇਟੋਰੀਅਮ ੧੯੭੭ ਵਿਚ ਹੀ ਵਜੂਦ ਵਿਚ ਆਇਆ ਹੈ ਅਤੇ ਇਸ ਵਿਚ ਇਹ ਵਾਧੇ ਹਨ : ਮਸ਼ੀਨਾਂ ਹਨ ਜੋ ਤੁਹਾਡੇ ਹਕੀਕੀ ਵਜ਼ਨ ਦਾ ਪਤਾ ਦਿੰਦੀਆਂ ਹਨ ਤੇ ਫਿਰ ਦਸਦੀਆਂ ਹਨ ਕਿ ਜੇ ਤੁਸੀਂ ਚੰਦਰਮਾ ਤੇ ਚਲੇ ਗਏ ਤਾਂ ਘਟ ਕੇ ਕਿੰਨੇ ਰਹਿ ਜਾਓਗੇ ਅਤੇ ਜੇ ਕਿਸੇ ਹੋਰ ਗ੍ਰਹਿ ਤੇ ਗਏ ਤਾਂ ਭਾਰ ਕਿੰਨਾ ਵਧ ਜਾਵੇਗਾ। ਨਮੂਨੇ ਦੇ ਤੌਰ ਤੇ ਇਸ ਧਰਤੀ ਤੇ ਮੇਰਾ ਭਾਰ ੭੧ ਕਿਲੋ ਗਰਾਮ ਹੈ ਪਰ ਜੇ ਮੈਂ ਭੁਲ-ਭੁਲੇਖੇ ਜਾਂ ਨੀਅਤ ਨਾਲ ਚੰਦਾ ਮਾਮਾ ਤੇ ਪਹੁੰਚ ਜਾਵਾਂ ਤਾਂ ਵਜ਼ਨ ਰਹਿ ਜਾਵੇਗਾ ਕੇਵਲ ੧੫.੩੫ ਕਿਲੋਗ੍ਰਾਮ।

ਪਲੈਨੇਟੋਰੀਅਮ ਦੀ ਦਾਖਲਾ ਫੀਸ ੫ ਰੁਪਏ ਹੈ। ਇਹ ਰਕਮ ਆਮ ਆਦਮੀ ਲਈ ਬਹੁਤੀ ਹੈ। ਪਰ ਕਾਰੋਬਾਰੀ ਨੇ ਤਾਂ ਆਪਣੀ ਰਕਮ ਦੀ ਮੋੜਵੀਂ ਵਸੂਲੀ ਕਈ ਗੁਣਾ ਕਰਨੀ ਹੈ। ਇਹ ਪਲੈਨੇਟੋਰੀਅਮ ਸੇਠ ਬਿਰਲਾ ਦੇ ਸਰਮਾਏ ਨਾਲ ਉਸਰਿਆ ਹੈ। ਉਸ ਨੂੰ ਆਪਣੇ ਹੋਰ ਕਾਰੋਬਾਰਾਂ ਲਈ ਵੀ ਰਕਮ ਚਾਹੀਦੀ ਹੈ। ਪਿਛਲੇ ੧੦ ਸਾਲਾਂ ਵਿਚ ਇਹਦੀ ਅਚਲ ਸੰਪਤੀ ੧੦ ਅਰਬ ਰੁਪਏ ਕੂਤੀ ਗਈ ਹੈ। ਭਾਰਤ ਦੇ ਚੋਣਵੇਂ ਪੰਦਰਾਂ ਕਾਰੋਬਾਰੀਆਂ ਵਿਚੋਂ ਇਹ ਸਿਰਮੌਰ ਹੈ। ਇਹਦਾ ਇਕ ਪਲੈਨੇਟੋਰੀਅਮ ਕਲਕੱਤੇ ਵਿਚ ਵੀ ਹੈ।

## ਸ੍ਰੀ ਅਰੁਣ ਕੌਲ

ਏਥੋਂ ਉਠ ਕੁਛ ਖਰੀਦੋਫਰੋਖਤ ਕੀਤੀ ਅਤੇ ਫਿਰ ਉਸ ਕਲਾ ਪ੍ਰੇਮੀ ਦੇ ਘਰ ਚਲੇ ਗਏ ਜਿਸ ਨੇ ਗੁਰਦੇਵ ਸਿੰਘ ਹੁਰਾਂ ਦੀ ਮਦਦ ਮੇਰੀ ਪੰਜਾਬੀ ਲਿਖਤ ਦਾ ਹਿੰਦੀ ਅੰਗਰੇਜ਼ੀ ਵਿਚ ਅਨੁਵਾਦ ਕਰਨ ਵਿਚ ਕੀਤੀ। ਦੂਜੇ ਅਖਬਾਰਾਂ ਵਿਚ ਛਪਵਾਉਣ ਦਾ ਪ੍ਰਬੰਧ ਕੀਤਾ। ਇਹ ਸ੍ਰੀ ਅਰੁਣ ਕੌਲ, ਸਣੇ ਪਰਵਾਰ ਸਾਡੇ ਪ੍ਰੋਗਰਾਮਾਂ ਵਿਚ ਨਿੱਤ ਸ਼ਾਮਲ ਹੁੰਦਾ ਰਿਹਾ। ਇਹ ਸੱਜਣ ਫਿਲਮ ਇੰਡਸਟਰੀ ਨਾਲ ਸਬੰਧਤ ਸੀ। ਇਕ ਦੋ ਯਥਾਰਥਕ ਫਿਲਮਾਂ ਕਲਾਤਮਿਕਤਾ ਨਾਲ ਪੇਸ਼ ਕਰਨ ਸਦਕਾ, ਇਹਨਾਂ ਵਿਚੋਂ ਲੱਖਾਂ ਦਾ ਘਾਟਾ ਖਾ ਕੇ ਅੱਜ ਕਲ੍ਹ ਬਹੁਤ ਸਾਦਗੀ ਨਾਲ ਜੀਅ ਰਿਹਾ ਹੈ।

ਇਸ ਦੇ ਜੂਹੂ ਵਿਚਾਲੇ ਨਿਵਾਸ ਵਿਚ ਪਹੁੰਚਦਿਆਂ



Sri Satguru Jagjit Singh Ji Elibrary NamdhariElibrary@gmail.com

ਹੀ ਅਸਾਂ ਮਹਿਸੂਸ ਕੀਤਾ ਕਿ ਕਿਸੇ ਕਲਾ ਪੰਡਤ ਦੇ ਘਰ ਪਹੁੰਚ ਗਏ ਹਾਂ। ਬਾਂਸਾਂ ਦੇ ਬਣਾਏ ਹੋਏ ਕੋਚ, ਆਪਣੇ ਦੇਸ਼ ਦੇ ਕਿਸੇ ਦੂਰ ਭਾਗ ਤੋਂ ਆਈਆਂ ਭਾਰੀ ਮੋਟਾਈ ਵਾਲੀਆਂ ਦਭ ਚੱਟਾਈਆਂ, ਅਤੇ ਦੀਵਾਰਾਂ ਨਾਲ ਟੰਗੇ ਵਿਵਧ ਮਖੌਟੇ, ਰੈਕਾਂ ਅਲਮਾਰੀਆਂ ਵਿਚ ਕਿਤਾਬਾਂ ਦੀ ਬਹੁਤਾਤ, ਸ੍ਰੀ ਅਰੁਣ ਕੌਲ ਦੇ ਅੰਦਰੂਨ ਸ਼ੌਕ ਦੀ ਕਹਾਣੀ ਕਹਿ ਰਹੇ ਸਨ। ਇਸ ਕਸ਼ਮੀਰੀ ਪੰਡਤ ਨੇ ਆਪਣੀ ਬੰਗਾਲਣ ਪਤਨੀ ਨੂੰ ਸਾਡੀ ਜਾਣਕਾਰੀ ਕਰਵਾਈ : ਅੱਜ ਪੰਡਤਾਂ ਦੇ ਘਰ ਸਿੱਖਾਂ ਦੇ ਪੰਡਤ (ਕਰਮਕਾਂਡੀ) ਪਧਾਰ ਰਹੇ ਹਨ।

ਅਤੇ ਇਸ ਦੀ ਉਚ-ਮਜ਼ਾਜ ਪਤਨੀ ਨੇ ਸਵਾਦਿਸ਼ਟ ਭੋਜਨ ਛਕਾ ਕੇ ਅਜਿਹੀ ਤ੍ਰਿਪਤੀ ਕਰਵਾਈ ਕਿ ਬਿਨਾ ਮੇਰੇ ਤੋਂ ਸਭ ਛੇਤੀ ਹੀ ਅੱਖੀਆਂ ਨੂਟ ਕੇ ਸੌਂ ਗਏ। ਸ੍ਰੀ ਅਰੁਣ ਤੇ ਇਸ ਦੀ ਪਤਨੀ ਮੋਹਖੋਰੇ, ਸੇਵਕ, ਉਦਾਰ ਅਤੇ ਵਿਦਵਾਨ ਹੋਣ ਤੋਂ ਬਿਨਾ ਬੱਚਿਆਂ ਵਰਗੇ ਨਿਰਛਲ ਤੇ ਮਿਲਾਪੜੇ ਹਨ। ਗੁਰਦੇਵ ਸਿੰਘ ਦਸਦਾ ਹੈ ਕਿ ਸਾਡੇ ਸ਼ਾਸਤਰੀ ਸੰਗੀਤ ਸੰਮੇਲਨ ਵਿਚ ਇਹਨਾਂ ਦੇ ਅਸਰ ਰਸੂਖ ਅਤੇ ਹਰ ਪ੍ਰਕਾਰ ਦੀ ਮਿਲਵਰਤਨ ਨੇ ਉਸ ਦਾ ਕੰਮ ਸਹਿਲਾ ਅਤੇ ਸਫਲ ਕਰ ਦਿਤਾ।

### ੧੦ ਅਪਰੈਲ ੧੯੭੮ ਸੋਮਵਾਰ
### ਬੰਬਈ ਤੋਂ ਰਵਾਨਗੀ

### ਚਲੇ ਦਿੱਲੀ ਨੂੰ

ਦੇਸ਼ ਦੇ ਸਭ ਭਾਗਾਂ ਵਿਚੋਂ ਆਏ ਹੋਏ ਨਾਮਧਾਰੀ, ਜਿਹਨਾਂ ਦੇ ਬੰਬਈ ਆਗਮਨ ਨੂੰ ਅਖਬਾਰ 'ਸੰਡੇ ਸਟੈਂਡਰਡ' ਨੇ ਸਫੈਦ ਵਸਤਰ ਧਾਰੀ ਸਿੱਖਾਂ ਦਾ ਸਤਿਲਜ ਤੋਂ ਉਰਾਰ ਬੰਬਈ ਉਤੇ ਹਮਲਾ ਕਿਹਾ ਸੀ, ਜਿਸ ਨੇ ਕਲਾ ਮੰਡਲ ਵਿਚ ਬਹੁਤ ਕੀਮਤੀ ਭਾਗ ਜੋੜਿਆ ਸੀ—ਹੁਣ ਵਾਪਸੀ ਲਈ ਤਿਆਰ ਸਨ।

ਬੰਬੇ ਸੈਂਟਰਲ ਵਿਚ ਪਲੇਟ ਫਾਰਮ ਉਤੇ 'ਜਨਤਾ' ਦੀ ਉਡੀਕ ਵਿਚ ਢੇਰਾਂ ਮੂੰਹੀ ਸਾਮਾਨ ਅਤੇ ਬਿਰਧਾਂ ਤੋਂ ਲੈ ਬੱਚਿਆਂ ਤਕ ਚਿੱਟੇ ਕਪੜਿਆਂ ਵਾਲੇ ਨਾਮਧਾਰੀ ਖਲੋਤੇ ਹੋਏ ਹਨ। ਲੋਗ-ਬਾਗ ਕੋਲੋਂ ਦੀ ਲੰਘਦੇ ਅੱਖਾਂ ਪਾੜ ਪਾੜ ਵੇਖਦੇ ਜਾਂਦੇ ਹਨ। ਸਾਡੇ ਸਮੂਹ ਵਿਚ ੫-੭ ਇਸਤਰੀਆਂ ਵੀ ਹਨ।

੬ ਵਜੇ ਸਵੇਰੇ ਟਰੇਨ ਆ ਗਈ। ਸਾਡਾ ਸਾਰਾ ਜਥਾ ਇਕ ਰੀਜ਼ਰਵ ਡੱਬੇ ਵਿਚ ਜਾ ਚੁਕਿਆ ਹੈ। ਹਰ ਕਿਸੇ ਨੇ ਆਪਣੇ ਲਈ ਮੁਨਾਸਬ ਜਗਹ ਸੰਭਾਲ ਲਈ।

੬.੩੦ ਵਜੇ ਗੱਡੀ ਨੇ ਬੰਬਈ ਸੈਂਟਰਲ ਵਲ ਪਿਠ ਕਰ ਕੇ ਚਲਣਾ ਸ਼ੁਰੂ ਕਰ ਦਿਤਾ ਹੈ। ਦੋਹੀਂ ਪਾਸੀਂ ਮਹਾਨਗਰ ਦੇ ਮਕਾਨ, ਸੜਕਾਂ, ਝੁਗੀਆਂ ਝੌਂਪੜੀਆਂ ਸਮੇਤ ਛਡਦੇ ਚਲੇ ਜਾ ਰਹੇ ਹਾਂ। ਸੱਤਰ ਲੱਖ ਦੀ ਆਬਾਦੀ ਦਾ, ਭਾਰਤ ਦਾ ਵਡਾ ਸਨਅਤੀ ਅਤੇ ਭਾਰੀ ਆਰਥਕਤਾ ਵਾਲਾ ਸ਼ਹਿਰ ਜੋ ਦੁਨੀਆਂ ਦੇ ਚੰਦ ਵਡੇ ਤੇ ਵਧੀਆ ਸ਼ਹਿਰਾਂ ਵਿਚੋਂ ਗਿਣਿਆ ਜਾਂਦਾ ਹੈ, ਜਿਸ ਦੀ ਬੰਦਰਗਾਹ ਸ਼ਕਤੀ ਵੀ ਸਾਡੇ ਦੇਸ਼ ਵਿਚ ਮਹਾਨ ਹੈ—ਤੋਂ ਵਿਛੋੜਾ ਲਾਜ਼ਮੀ ਸੀ।

ਇਕ ਡੱਬੇ ਵਿਚ ਇਕੋ ਜਿਹੇ ਲੋਕ ਬੈਠੇ ਹੋਣ ਕਰ ਕੇ ਲੋਕ ਵੀ ਕੌਹੁਤਲ ਨਾਲ ਵੇਖਦੇ ਹਨ। ਪਰ ਸਾਡੇ ਪਾਸ ਵੀ ਆਕਰਸ਼ਣ ਦੀਆਂ ਕੁਝ ਚੀਜ਼ਾਂ ਹਨ, ਜਿਵੇਂ ਮੇਰੇ ਨਾਲ ਦੀ ਸੀਟ ਤੇ ਸੰਤ ਖਜ਼ਾਨ ਸਿੰਘ ਰਾਗੀ ਬੈਠਾ ਹੋਇਆ ਹੈ। ਉਹ ਤਬਲਾ ਵਜਾ ਰਿਹਾ ਹੈ ਅਤੇ ਇਕ ਸੁਰੀਲਾ ਗਾਇਕ ਸ੍ਰੀ ਸੁਰਿੰਦਰ ਸਿੰਘ ਸੁਮਨ (ਦਿੱਲੀ) ਗੀਤ, ਸ਼ਬਦ ਤੇ ਗਜ਼ਲਾਂ ਗਾ ਰਿਹਾ ਹੈ। ਗੱਡੀ ਬਿਜਲਈ ਹੋਣ ਕਰ ਕੇ ਉਡਦੀ ਚਲੀ ਜਾ ਰਹੀ ਹੈ, ਪਰ ਅੰਦਰ ਸਮਾਂ ਬੱਝਾ ਖਲਾ ਹੈ।

### ਹਾਦਸਾ

ਸਫਰ ਕਰਦਿਆਂ ਕਰਦਿਆਂ ਇਕ ਬੇਸੁਆਦੀ ਪੈਦਾ ਹੋ ਗਈ। ਇਕ ਸਟੇਸ਼ਨ ਤੋਂ, ਚਲਣ ਲਗਿਆਂ ਗੱਡੀ ਨੇ ਅਜਿਹਾ ਜ਼ੋਰਦਾਰ ਝਟਕਾ ਮਾਰਿਆ ਕਿ ਹਰ ਕੋਈ ਹੈਰਾਨ ਰਹਿ ਗਿਆ। ਏਨੇ ਨੂੰ "ਹਾਏ ਓਏ ਰੱਬਾ ਮੈਂ ਮਰ ਗਿਆ!" "ਹਾਏ! ਹਾਏ!!" ਦੀ ਲੇਰ ਉਚੀ ਤੇ ਸਭ ਜਣੇ ਇਕ ਪਾਸੇ ਵਲ ਉਠ ਨੱਠੇ। ਆਰਕੀਟੈਕਟ ਸੰਤ ਸੁਖਦਰਸ਼ਨ ਸਿੰਘ ਦਾ ਤੀਜਾ ਲੜਕਾ—ਸਿੰਘ, ਬੱਝੇ ਹੋਏ ਫਟਿਆਂ ਦੇ ਬੰਡਲ ਦੇ ਉਪਰਲੇ ਫੱਟੇ ਤੋਂ ਇਸ ਦੀ ਲੱਤ ਤੇ ਡਿੱਗ ਪੈਣ ਨਾਲ ਜ਼ਖਮੀ ਹੋਇਆ ਕਰਾਹ ਉਠਿਆ ਸੀ। ਹੱਡੀ ਟੁਟਣੋਂ ਤਾਂ ਬਚ ਰਹੀ ਪਰ ਜ਼ਖਮ ਤਕੜਾ ਹੋ ਗਿਆ। ਬੱਚਾ ਪੀੜ ਨਾਲ ਲੁੜਛ ਰਿਹਾ ਸੀ। ਕੋਲ ਕੋਈ ਵੀ ਫਸਟ ਏਡ ਦਾ ਸਮਾਨ ਨਹੀਂ ਸੀ। ਪਰ ਹਾਲ ਦੁਹਾਈ ਮਚਾਂਦਿਆਂ ਵੀ ਬੱਚੇ ਦਾ ਪਜਾਮਾ ਲਾਹ ਕੇ ਉਹਦੇ ਜ਼ਖਮ ਤੇ ਪੱਟੀ ਬੰਨ੍ਹ ਦਿਤੀ ਗਈ। ਗਿਆਨੀ ਜਸਵੰਤ ਸਿੰਘ ਦਿੱਲੀ ਪਾਸ ਕਿਸੇ ਤਰ੍ਹਾਂ ਇਕ ਨੀਂਦ ਦੀ ਗੋਲੀ ਸੀ। ਉਹ ਦੇ ਕੇ ਜ਼ਖਮੀ ਨੂੰ ਸੌਂ ਜਾਣ ਵਿਚ ਸਹਾਇਤਾ ਪਹੁੰਚਾਈ ਗਈ।

ਬੱਝੇ ਹੋਏ ਫੱਟੇ ਉਹੋ ਸਨ ਜੁ ਦਿੱਲੀ ਦੇ ਮੰਚ ਪ੍ਰਬੰਧਕ ਆਪਣੇ ਨਾਲ ਲੈ ਗਏ ਸਨ।

ਸਫਰ ਦੌਰਾਨ ਪਹਿਲਾ ਲੰਗਰ, ਮਾਰਵਾੜੀ ਧਰਮ-


Sri Satguru Jagjit Singh Ji Elibrary NamdhariElibrary@gmail.com

ਸ਼ਾਲਾ ਵਿਚਲੇ ਆਪਣੇ ਲੰਗਰ ਵਿਚੋਂ ਆ ਗਿਆ ਸੀ। ਵਧੀਆ ਪਰਾਉਂਠੇ, ਸਵਾਦਿਸ਼ਟ ਆਲੂ ਗੋਭੀ ਦੀ ਸਬਜ਼ੀ, ਸੇਵਾ ਕਰਨ ਵਾਲੀਆਂ ਦੋਵੇਂ ਪ੍ਰੀਤਮ ਕੌਰਾਂ ਤੇ ਹੋਰ ਭੈਣਾਂ। ਰਾਤੀਂ ਵੀ ਇਹੋ ਪਰਾਉਂਠੇ ਕੰਮ ਆਏ। ਰਾਤ ਲੰਘੀ ਸੁਖ ਨਾਲ।

## ੧੧ ਅਪਰੈਲ ੧੯੭੮, ਮੰਗਲਵਾਰ
## ਨਵੀਂ ਦਿੱਲੀ

ਗੱਡੀ ਨੇ ਇਕ ਵਜੇ ਆਪਣਾ ਸਫਰ ਖਤਮ ਕੀਤਾ। ਨਵੀਂ ਦਿੱਲੀ ਸਟੇਸ਼ਨ ਤੇ ਆ ਲਗੀ। ਠਾਕੁਰ ਸ਼ਮਸ਼ੇਰ ਸਿੰਘ ਜੀ, ਠਾਕੁਰ ਉਦੇ ਸਿੰਘ ਜੀ, ਸੂ: ਹਰਮੀਤ ਸਿੰਘ ਜੀ ਤੇ ਦੋ ਤਰੇ ਹੋਰ ਸੱਜਣ ਸਾਡੀ ਮਦਦ ਲਈ ਆ ਗਏ।

ਠਾਕੁਰ ਉਦੇ ਸਿੰਘ ਜੀ ਤੋਂ ਪਤਾ ਲਗਾ ਕਿ ਸ੍ਰੀ ਸਤਿਗੁਰੂ ਜੀ ਰਾਤ ਹਿਸਾਰ ਕੱਟ ਕੇ ਸ੍ਰੀ ਜੀਵਨ ਨਗਰ ਪਹੁੰਚ ਗਏ ਹਨ। ਏਥੋਂ ਹੀ ਅੰਮ੍ਰਿਤਸਰ ਵੈਸਾਖੀ ਤੇ ਜਾਣਗੇ।

## ੧੨ ਅਪਰੈਲ ੧੯੭੮ ਬੁਧਵਾਰ
## ਨਵੀਂ ਦਿੱਲੀ

ਮੇਰਾ ਜੀਅ ਕਰਦਾ ਸੀ ਸੇਠ ਕ੍ਰਿਪਾਲ ਸਿੰਘ (ਡਾ:ਗੰ:) ਦੀ ਖਬਰ ਲੈ ਆਵਾਂ ਅਤੇ ਉਹਨਾਂ ਨਾਲ ਸ਼ਾਪਿੰਗ ਸੈਂਟਰ ਦੇ ਸੜ ਜਾਣ ਬਾਰੇ ਦੁਖ ਪ੍ਰਗਟ ਕਰ ਆਵਾਂ। ਇਸ ਕੰਮ ਵਿਚ ਮੈਨੂੰ ਡਾ: ਅਮਰ ਭਾਰਤੀ ਸਹਾਇਕ ਹੋਏ। ਡੇਢ ਵਜੇ ਦੇ ਕਰੀਬ ਮੋਟਰ ਸਾਈਕਲ ਸਵਾਰ ਹੋ ਕੇ ਕਰੋਲ ਬਾਗ ਵਿਚ ਸ਼ਾਪਿੰਗ ਸੈਂਟਰ ਵੇਖਣ ਗਏ।

### ਵਿਚਾਰਾ ਸ਼ਾਪਿੰਗ ਸੈਂਟਰ

ਸਾਰਾ ਮਕਾਨ ਧੁਆਂਖਿਆ ਹੋਇਆ। ਅੰਦਰੋਂ ਪੂਰੀ ਤਰ੍ਹਾਂ ਸੜ ਚੁਕਾ। ਫਰਨੀਚਰ, ਸਾਮਾਨ ਜਾਂ ਹੋਰ ਕੋਈ ਚੀਜ਼ ਨਹੀਂ ਬਚੀ। ਜਿਸ ਸੈਂਟਰ ਵਿਚ ਕਪੜਾ, ਸਿਲੇ-ਸਿਲਾਏ ਬਸਤਰ, ਬਰਤਨ, ਅਟੈਚੀ ਤੇ ਕਰਾਕਰੀ ਆਦਿ ਚੀਜ਼ਾਂ ਦੀ ਭਰਪੂਰਤਾ ਸੀ ਤੇ ਉਸ ਦੀ ਚਮਕ ਦਮਕ ਤੇ ਅੱਖ ਨਹੀਂ ਟਿਕਦੀ ਸੀ ਉਨ੍ਹਾਂ ਦਾ ਨਾਂਅ ਨਿਸ਼ਾਨ ਨਹੀਂ ਸੀ, ਪਰ ਇਕ ਕਚਿਆਨ, ਇਕ ਬੋ, ਇਕ ਭਿਆਨਕ ਦ੍ਰਿਸ਼ ਜ਼ਰੂਰ ਉਪਸਥਿਤ ਸੀ। ਬਾਹਰ ਦੇ ਸ਼ਟਰ, ਜਾਲੀਆਂ, ਪਾਰਦਰਸ਼ਕ ਆਦਿ ਸੜ ਕੇ ਬੇਹੁਸਨੇ ਤੇ ਕੁਬੇ-ਚਿੱਬੇ ਹੋਏ ਪਏ ਸਨ। ਗਰਾਊਂਡ ਫਲੋਰ ਅਸਲੋਂ ਤਬਾਹ, ਉਪਰਲੀ ਛੱਤ ਦਾ, ਸੈਂਟਰ ਦੇ ਦਫਤਰ ਤਕ ਦਾ ਹਿੱਸਾ ਬਿਲਕੁਲ ਬਰਬਾਦ ਹੋ ਚੁਕਾ ਸੀ। ਸਿਰਫ ਨਾਮਧਾਰੀ ਟਰੈਵਲਰਜ਼ ਦਾ ਅਤੇ ਇਸ ਤੋਂ ਅੱਗੇ ਦਾ ਭਾਗ ਸੁਰਖਿਅਤ ਸੀ। ਭਾਰਤੀ ਹੁਰਾਂ ਮੈਨੂੰ ਉਹ ਪਾੜ ਵੀ ਵਖਾਇਆ ਜਿਸ ਨੂੰ ਕਰ ਕੇ ਸੇਠ ਕ੍ਰਿਪਾਲ ਸਿੰਘ ਨੂੰ ਗੁਸਲਖਾਨਿਓਂ ਕਢਿਆ ਗਿਆ ਸੀ। ਉਹ ਰਾ[illegible] ਦੇ ਬੇਹੋਸ਼ ਹੋਏ ਸਵੇਰੇ ੪ ਵਜੇ ਹੀ ਹੋਸ਼ ਵਿਚ ਆਏ, ਉ[illegible] ਸਰੀਰ ੪-੫ ਦਿਨ ਅਸਵਸਥ ਹੀ ਰਿਹਾ।

ਮੁਲਾਜ਼ਮ ਸੜੇ ਹੋਏ ਮਕਾਨ ਵਿਚ ਇਕ ਝੋਖੀ ਜਿ[illegible] ਮੰਜੀ ਉਤੇ ਬੈਠੇ ਆਪਣੀ ਬਦਕਿਸਮਤੀ ਦੀਆਂ ਕਹਾਣੀਆ[illegible] ਕਰ ਰਹੇ ਸਨ।

ਡਾ: ਅਮਰ ਭਾਰਤੀ, ਸ੍ਰੀ ਗੁਰਚਰਨ ਸਿੰਘ ਅਤੇ ਮ[illegible] ਸੇਠ ਕ੍ਰਿਪਾਲ ਸਿੰਘ ਦੀ ਰਿਹਾਇਸ਼ਗਾਹ ਕਰੋਲ ਬਾਗ ਵਿ[illegible] ਗ੍ਰਿਡਲੇ ਬੈਂਕ ਦੀ ਸਿਖਰਲੀ ਛੱਤੇ ਪੁਜੇ। ਉਹ, ਪਰ ਉ[illegible] ਨਹੀਂ ਸਨ। ਪਤਾ ਲਗਾ ਕਿ ਕ੍ਰਿਪਾਲ ਸਿੰਘ ਸੇਠ ਤ੍ਰਿਲੋ[illegible] ਸਿੰਘ ਦੀ ਕੋਠੀ ਗਏ ਹੋਏ ਹਨ। ਉਹਨਾਂ ਦਾ ਵਡਾ ਲੜ[illegible] ਸ਼ਾਪਿੰਗ ਸੈਂਟਰ ਦੇ ਜ਼ਰੂਰੀ ਕਾਰਿੰਦਿਆਂ ਵਿਚ ਬੈਠਾ ਪੈਸਿਆ[illegible] ਦਾ ਲੈਣ-ਦੇਣ ਕਰ ਰਿਹਾ ਸੀ। ਉਸ ਦੇ ਚਿਹਰੇ ਤੇ ਵ[illegible] ਨੁਕਸਾਨ ਲਈ ਅਫਸੋਸ ਦੇ ਸ਼ਿਕਨ ਨਹੀਂ ਸਨ।

ਇਕ ਭੇਦਭਰੀ ਗੱਲ ਇਹ ਵੀ ਸੁਣਨ ਨੂੰ ਮਿਲੀ ਕਿ[illegible] ਸੇਠ ਤ੍ਰਿਲੋਕ ਸਿੰਘ ਕ੍ਰਿਪਾਲ ਸਿੰਘ ਹੁਰਾਂ ਤੋਂ ਇਸ ਸੜੇ ਹੋ[illegible] ਸੈਂਟਰ ਦੀ ਖਰੀਦ ਦੀ ਗੱਲ ਚਲਾ ਰਹੇ ਹਨ।

ਭਾਰਤੀ ਹੁਰਾਂ ਤੋਂ ਪਤਾ ਲਗਾ ਕਿ ਸ਼ਾਪਿੰਗ ਸੈਂਟਰ [illegible] ਆਖਰੀ ਐਤਵਾਰ ਕਾਫੀ ਵਿਕਰੀ ਹੋਈ ਸੀ। ਏਨੀ, ਕਿ[illegible] ਸੈਂਟਰ ਦੀ ਸਾਰੀ ਉਮਰ ਵਿਚ ਕਦੇ ਨਹੀਂ ਹੋਈ। ਕਿਹ[illegible] ਜਾਂਦਾ ਹੈ ਸ਼ਨੀ-ਐਤ ਦੀ ਸਾਰੀ ਰਕਮ ਗੱਲੇ ਵਿਚ ਸੀ[illegible]

ਕੋਈ ੪ ਕੁ ਵਜੇ ਅਸੀਂ ਸੇਠ ਤ੍ਰਿਲੋਕ ਜੀ ਦੀ ਕੋਠ[illegible] ੧੧/੧੦ ਪੂਸਾ ਰੋਡ ਪਹੁੰਚੇ। ਸੇਠ ਜੀ ਨੇ ਸਾਡਾ ਹਾਰਦਿ[illegible] ਸੁਆਗਤ ਕੀਤਾ। ਸ਼ਾਪਿੰਗ ਸੈਂਟਰ ਸੜਨ ਬਾਰੇ ਅਫਸੋ[illegible] ਪ੍ਰਗਟ ਕੀਤਾ। ਉਹਨਾਂ ਨੇ ਸਤਿਗੁਰੂ ਦੀ ਰਜ਼ਾ ਕਹਿ ਕੇ ਗੱ[illegible] ਮੁਕਾ ਦਿਤੀ।

ਸੇਠ ਜੀ ਤੋਂ ਪਤਾ ਲਗਾ ਕਿ ਉਹ ੩ ਅਪ੍ਰੈਲ [illegible] ਕਿਸੇ ਵੇਲੇ ਜਹਾਜ਼ ਤੇ ਉੱਡ ਪਤਨੀ ਮਹਿੰਦਰ ਕੌਰ [illegible] ਪੁਤਰੀ ਨਾਲ ਬੰਬਈ ਸੰਗੀਤ ਸੰਮੇਲਨ ਵੇਖ[illegible] ਸੁਣਨਾ ਚਾਹੁੰਦੇ ਸਨ ਪਰ ਸਤਿਗੁਰੂ ਜੀ ਦਾ ਫੋਨ ਦੁਆ[illegible] ਆਦੇਸ਼ ਆ ਗਿਆ ਕਿ ਪਿਛੇ ਰਹਿ ਕੇ ਸ਼ਾਪਿੰਗ ਸੈਂਟਰ ਬਾ[illegible] ਜੋ ਕੁਝ ਕਰਨ ਗੋਚਰਾ ਕੰਮ ਹੋਵੇ, ਕੀਤਾ ਜਾਵੇ। ਅਜਿ[illegible] ਰੁਝਿਆਂ ਨੇ ਸੰਗੀਤ ਸੰਮੇਲਨ ਸੁਣਨ ਨਹੀਂ ਜਾਣ ਦਿਤਾ।

ਮਾਤਾ ਜੀ ਅਜੇ ਦਿੱਲੀ ਵਿਚ ਹਨ। ਬੀਬਾ ਜੀ ਕੱ[illegible] ਦੇ ਅੰਮ੍ਰਿਤਸਰ ਪਹੁੰਚ ਗਏ ਹਨ। ਠਾਕਰ ਸ਼ਮਸ਼ੇਰ ਸਿੰ[illegible] ਠਾਕਰ ਉਦੈ ਸਿੰਘ ਅੱਜ ਹੀ ਭੈਣੀ ਸਾਹਿਬ ਲਈ ਚਲੇ ਹਨ


Sri Satguru Jagjit Singh Ji Elibrary NamdhariElibrary@gmail.com

## ੧੩ ਅਪਰੈਲ ੧੯੭੯ ਵੀਰਵਾਰ
## · ਨਵੀਂ ਦਿੱਲੀ

### ਸੇਠ ਕ੍ਰਿਪਾਲ ਸਿੰਘ ਡਾਲਟਨਗੰਜ

ਅੱਜ ੩.੪੫ ਬਾਅਦ ਦੁਪਹਿਰ ਡਾ: ਅਮਰ ਭਾਰਤੀ ਅਤੇ ਮੈਂ ਸੇਠ ਕ੍ਰਿਪਾਲ ਸਿੰਘ ਦੇ ਮਕਾਨ ਗ੍ਰਿੰਡਲੇ ਬੈਂਕ ਗਏ। ਪਿਤਾ ਕਿਰਪਾਲ ਸਿੰਘ ਪਲੰਘ ਉਤੇ ਲੇਟਿਆ ਹੋਇਆ ਸੀ ਪੁੱਤਰ ਬਚਿੱਤਰ ਸਿੰਘ ਪੈਰਾਂ ਵਲ ਕੁਰਸੀ ਤੇ ਸੀ। ਸ਼ਾਪਿੰਗ ਸੈਂਟਰ ਅਗਨੀ ਕਾਂਡ ਲਈ ਸੇਠ ਕਿਰਪਾਲ ਸਿੰਘ ਨਾਲ ਦੁਖ ਸੁਖ ਸਾਂਝਾ ਕੀਤਾ ਤਾਂ ਉਹਨਾਂ ਕਿਹਾ : ਅਕਾਲ ਪੁਰਖ ਦੀ ਰਜ਼ਾ ਹੀ ਇੰਜ ਸੀ। ਹੈਰਾਨ ਹੋਈਦਾ ਹੈ ਕਿ ਸਤਿਗੁਰੂ ਨੇ ਕਿਵੇਂ ਇਹ ਸਭ ਕੁਝ ਸਾੜ ਸੁਆਹ ਕਰ ਦਿਤਾ।

"ਸਾਡੇ ਆਦਮੀ ਨੇ ਗੇਟ ਵਾਲੇ ਪਾਸੇ ਸ਼ੋ ਕੇਸ ਵਿਚੋਂ ਸਪਾਰਕ ਉਡਦਾ ਵੇਖਿਆ ਅਤੇ ਸਕਿੰਟਾਂ ਵਿਚ ਹੀ ਅੱਗ ਲਗ ਗਈ। ਪਹਿਲਾਂ ਮੈਕਸੀ ਨੂੰ ਲਗੀ ਤੇ ਫਿਰ ਦੋ ਮਿੰਟ ਦੇ ਅੰਦਰ ਅਦਰ ਅਗਿਓਂ ਬਹੁਤਾ ਸੈਂਟਰ ਅੱਗ ਦੀ ਲਪੇਟ ਵਿਚ ਆ ਗਿਆ। ਅਤੇ ਪੂਰੇ ਤਿੰਨ ਮਿੰਟਾਂ ਵਿਚ ਅਜਿਹੀ ਹਾਲਤ ਹੋ ਗਈ ਕਿ ਕੋਈ ਥਾਂ ਖਾਲੀ ਨਹੀਂ ਸੀ। ਮੈਂ ਅਤੇ ਅਜੀਤ ਸਿੰਘ ਪਾਣੀ ਲੈਣ ਗਏ ਕਿ ਅਸੀਂ ਅੱਗ ਬੁਝਾ ਦਿੰਦੇ ਹਾਂ ਪਰ ਬਾਲਟੀ ਟੁਟ ਗਈ ਤੇ ਕੌੜਾ ਧੂੰਆਂ ਸਾਡੀ ਜਾਨ ਕੰਦਲ ਕਰਨ ਲਗਾ।

"ਬਾਥ ਰੂਮ ਵਿਚ ਵੜ ਕੇ ਬੂਹਾ ਭਾਵੇਂ ਮਾਰ ਲਿਆ ਪਰ ਮੈਂ ਅਤੇ ਅਜੀਤ ਸਿੰਘ ਕੌੜੇ ਧੂੰਏਂ ਨਾਲ ਬੇਹੋਸ਼ ਹੁੰਦੇ ਜਾ ਰਹੇ ਸਾਂ। ਮੈਂ ਆਖਿਆ, ਝਰੋਖੇ ਵਿਚੋਂ ਬਾਹਰ ਆਵਾਜ਼ ਮਾਰ, ਭਲਾ ਬਚ ਜਾਈਏ। ਮੈਂ ਉਸਨੂੰ ਚੁਕ ਕੇ ਝਰੋਖੇ ਤਕ ਕੀਤਾ। ਉਸ ਨੇ ਬੜਾ ਰੌਲਾ ਪਾਇਆ ਫਿਰ ਸਾਡੇ ਗਲੇ ਰੁੰਧ ਗਏ। ਮੌਤ ਨਜ਼ਦੀਕ ਆਉਂਦੀ ਜਾਪੀ। ਪਰ ਜਦੋਂ ਲੋਕਾਂ ਨੇ ਸਾਡੇ ਵਾਲੀ ਦੀਵਾਰ ਨੂੰ ਸੱਬਲ ਮਾਰਨੇ ਸ਼ੁਰੂ ਕੀਤੇ ਤਾਂ ਕੰਨਾਂ ਨੂੰ ਸੁਣਾਈ ਦਿਤਾ ਅਤੇ ਫਿਰ ਮੈਂ ਬੇਹੋਸ਼ ਹੋ ਗਿਆ। ਬੰਦੇ (ਨੌਕਰ ਚਾਕਰ) ਤਾਂ ਸਾਰੇ ਜਾ ਚੁਕੇ ਸਨ। ਜੋ ਇਕ ਦੋ ਸੈਂਟਰ ਵਿਚ ਸਨ ਉਹਨਾਂ ਅੱਗ ਲਗਦਿਆਂ ਹੀ ਕੁਝ ਸਾਮਾਨ ਬਾਹਰ ਸੁਟਿਆ ਪਰ ਅੱਗ ਤਾਂ ਇਕ ਦਮ ਲਾਟਾਂ ਛਡਣ ਲਗ ਪਈ। ਪੰਜ ਮਿੰਟ ਤਕ ਫਾਇਰ ਬ੍ਰੀਗੇਡ ਵਾਲੇ ਆ ਗਏ। ਛੇ ਗੱਡੀਆਂ ਦੇ ਜਤਨ ਅਕਾਰਥ ਰਹੇ ਤਾਂ ਫਾਇਰ ਬ੍ਰੀਗੇਡ ਗੱਡੀਆਂ ੨੯ ਆ ਗਈਆਂ ਪਰ ਫਿਰ ਪਾਣੀ ਦੀ ਸਮੱਸਿਆ ਪੈਦਾ ਹੋ ਗਈ। ਪਾਣੀ ਲਭਦਿਆਂ ਹੀ ਬਹੁਤ ਵਕਤ ਲਗ



ਲੇਖਕ ਸ੍ਰੀ ਪ੍ਰੀਤਮ ਸਿੰਘ ਕਵੀ
ਪਤਾ—ਜੇ-੩/੧੫੯
ਰਾਜੌਰੀ ਗਾਰਡਨ
ਨਵੀਂ ਦਿਲੀ—੧੧੦੦੨੭

ਗਿਆ ਅਤੇ ਜਦੋਂ ਤਕ ਨੂੰ ਅੱਗ ਦਾ ਭਬੂਕਾ ਲਿਫਟ ਵਾਲੀ ਖਾਲੀ ਜਗਹ ਤੋਂ ਉਠਿਆ ਤਾਂ ਉਸਦਾ ਅਲੂੰਬਾ ਛੇ ਛੱਤਾਂ ਜਿਡਾ ਉਚਾ ਹੋ ਗਿਆ। ਜਿਵੇਂ ਭੱਠੇ ਦੀ ਅੱਗ ਚਿਮਨੀ ਦੁਆਰਾ ਬਾਹਰ ਜਾ ਰਹੀ ਹੋਵੇ।

"ਜਦੋਂ ਸਭ ਕੁਝ ਸੜਕੇ ਸੁਆਹ ਹੋ ਗਿਆ ਤਾਂ ੯ ਟਰੱਕ ਤਾਂ ਕੂੜੇ ਦੇ ਹੀ ਨਿਕਲੇ। ਰੁਪਏ ਗੱਲੇ ਵਿਚ ਸਨ ਤੇ ਉਹ ਵੀ ਸੜ ਬਲ ਗਏ। ਸਾਰੀ ਰਕਮ ਤੇ ਸਾਰੇ ਜਤਨ ਬਿਰਥਾ ਚਲੇ ਗਏ।"

ਏਨੇ ਨੂੰ ਇਕ ਕਾਰਿੰਦੇ ਨੇ ਆਕੇ ਦਸਿਆ ਕਿ ਕੱਲ ਤਕ ਸ਼ਟਰ ਠੀਕ ਹੋ ਜਾਣਗੇ। ਰਿਪੇਅਰਿੰਗ ਵਾਲਿਆਂ ਨੇ ਯਕੀਨ ਦੁਆਇਆ ਹੈ ਕਿ ਕੱਲ ਤਕ ਮੁਰੰਮਤ ਦਾ ਸਾਰਾ ਕੰਮ ਮੁਕੰਮਲ ਹੋ ਜਾਵੇਗਾ। ਮੈਂ ਪੁਛਿਆ : ਕਿਰਪਾਲ ਸਿੰਘ ਜੀ, ਨਵੇਂ ਸਿਰਿਓਂ ਚਾਲੂ ਕਰਨ ਦਾ ਮਨ ਹੈ? ਉੱਤਰ ਮਿਲਿਆ : ਅਜੇ ਚਾਰ ਕੁ ਮਹੀਨੇ ਤਾਂ ਆਰਾਮ ਹੀ ਕਰਾਂਗੇ ਫੇਰ ਵੇਖੀ ਜਾਵੇਗੀ। ਕਰਾਂਗੇ। ਕਿਉਂ ਨਹੀਂ ਚਾਲੂ ਕਰਨਾ। ਸਤਿਗੁਰਾਂ ਦਾ ਬਚਨ ਸੀ, ਕਿਤੇ ਮੁੜ ਕੇ ਚਾਲੂ ਹੋਵੇ ਨਾ? ਉਹਨਾਂ ੩-੪ ਵਾਰ ਕਿਹਾ ਹੈ। ਉਹਨਾਂ ਦੀ ਇਛਾ ਏਥੇ ਸ਼ਾਪਿੰਗ ਸੈਂਟਰ ਖੋਲ੍ਹਣ ਦੀ ਹੀ ਹੈ।

ਮੈਂ ਹੱਸ ਕੇ ਆਖਿਆ : ਜੇ ਉਹਨਾਂ ਦੀ ਇਹੋ ਹੀ ਇੱਛਾ ਹੈ ਤਾਂ ਇਹ ਹੀ ਕਿਉਂ ਸੜਨ ਦਿਤਾ?

"ਇਸ ਗੱਲ ਦਾ ਮੁੱਢ ਤਾਂ ਸ਼ੁਰੂ ਵਿਚ ਹੀ ਬੱਝ ਗਿਆ ਸੀ।" ਉਹ ਬੋਲੇ।

ਸੇਠ ਕਿਰਪਾਲ ਸਿੰਘ ਨੇ ਦੱਸਿਆ : ਸ: ਹਰਵਿੰਦਰ ਸਿੰਘ ਕਹਿੰਦੇ ਸਨ ਕਿ ਜਿਸ ਰਾਤ ਅੱਗ ਲੱਗੀ ਅਤੇ



Sri Satguru Jagjit Singh Ji Elibrary NamdhariElibrary@gmail.com

ਗੁਰਭਜਨ ਸਿੰਘ ਰਾਹੀਂ ਸਤਿਗੁਰੂ ਜੀ ਨੂੰ ਬੰਬਈ ਫੋਨ ਗਿਆ, ਫਿਰ ਸਤਿਗੁਰੂ ਜੀ ਬਿਰਾਜ ਨਹੀਂ ਸਕੇ। ਉਹਨਾਂ ਹਰਵਿੰਦਰ ਸਿੰਘ ਨੂੰ ਪੁਛਿਆ : ਐਸੇ ਵੇਲੇ ਕੋਈ ਹਵਾਈ ਜਹਾਜ਼ ਦਿੱਲੀ ਜਾ ਸਕੇਗਾ ? ਪਰ ਅਜਿਹਾ ਕੋਈ ਪ੍ਰਬੰਧ ਨਹੀਂ ਸੀ ਕਿ ਉਹ ਏਨੀ ਜਲਦੀ ਆ ਸਕਦੇ। ਸੋ ਇਕ ਦਿਨ ਛੱਡ ਉਹ ੫ ਅਪਰੈਲ ਨੂੰ ਆ ਗਏ। ਹਸਪਤਾਲ ਵਿਚ ਮੈਨੂੰ ੨੦ ਕੁ ਮਿੰਟ ਦਰਸ਼ਨ ਦਿਤੇ, ਫਿਰ ਸ਼ਾਮੀਂ ਵੀ ਪੌਣਾ ਘੰਟਾ ਮੇਰੇ ਪਾਸ ਰਹੇ। ਆਪ ਜੀ ਦੇ ਦਰਸ਼ਨ ਦੇਣ ਸਦਕਾ ਮੇਰੀ ਰੂਹ ਹੋਰ ਦੀ ਹੋਰ ਹੋ ਗਈ ਕਿਉਂਕਿ ਹੋਸ਼ ਆਉਣ ਬਾਅਦ ਮੈਨੂੰ ਹਰ ਪਲ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਰਹੀ। ਮੈਂ ਬਹੁਤ ਯਾਦ ਕੀਤਾ। ਬੀਬਾ ਜੀ ਬਾਰੇ ਵੀ ਸੁਣਿਆ ਹੈ ਕਿ ਖ਼ਬਰ ਮਿਲ-ਦਿਆਂ ਹੀ ਉਹ ਤਾਂ ਬੱਚਿਆਂ ਵਾਂਗ ਬਿਲਖ ਬਿਲਖ ਕੇ ਰੋ ਪਏ ਕਿ ਏਨਾ ਨੁਕਸਾਨ !

ਅੱਗ ਲਗਣ ਵਾਲੀ ਰਾਤ ਸਾਰੇ ਸੰਬੰਧੀਆਂ ਨੂੰ ਫੋਨ ਹੋ ਗਏ ਸਨ। ਕਿਰਪਾਲ ਸਿੰਘ ਜੀ ਦੇ ਘਰੋਂ ਬੀਬੀ ਸ਼ਾਂਤੀ ਅਤੇ ਪਵਿਤਰ ਸਿੰਘ (ਵਡਾ ਲੜਕਾ) ਆਦਿ ਸਾਰਾ ਪਰਵਾਰ, ਕਿਰਪਾਲ ਸਿੰਘ ਜੀ ਦੇ ਭਾਈ ਅਤੇ ਹੋਰ ਨਿਕਟੀ ਖ਼ਬਰ ਨੂੰ ਆ ਗਏ। ਸੇਠ ਕਿਰਪਾਲ ਸਿੰਘ ਨੇ ਦਸਿਆ ਕਿ ਪ੍ਰੋ: ਇੰਦਰ ਸਿੰਘ ਵੀ ਆਇਆ, ਮੈਨੂੰ ਮਿਲਿਆ ਅਤੇ ਫਿਰ ਉਹ ਸਿਹਤ ਰਾਜ ਮੰਤਰੀ ਸ੍ਰੀ ਯਾਦਵ ਨੂੰ ਮਿਲਿਆ। ਉਹ ਉਹਦਾ ਡਾਢਾ ਯਾਰ ਸੀ। ਫਿਰ ਜਦੋਂ ਉਹ (ਸ੍ਰੀ ਯਾਦਵ) ਆਇਆ ਮੇਰੀ ਖ਼ਬਰ ਨੂੰ ਤਾਂ ਹਸਪਤਾਲ ਦਾ ਸਾਰਾ ਸਟਾਫ ਹੀ ਵਿਸ਼ੇਸ਼ ਧਿਆਨ ਦੇਣ ਲਗਾ। ਨਹੀਂ ਤਾਂ ਕੌਣ ਪੁਛਦਾ ਹੈ ਕਿਸੇ ਨੂੰ ?

## ੧੪ ਅਪਰੈਲ ੧੯੭੯ ਸ਼ੁਕਰਵਾਰ
## ਨਵੀਂ ਦਿੱਲੀ

ਕੱਲ ਸਵੇਰ ਦੇ ਗੁਰਦੇਵ ਸਿੰਘ-ਹਰਭਜਨ ਸਿੰਘ ਬੰਬਈਓਂ ਪਰਤੇ, ਮੈਨੂੰ ਉਡੀਕਦੇ ਰਹੇ। ਅੱਜ ਮਿਲਣ ਗਿਆਂ ਗੁਰਦੇਵ ਸਿੰਘ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਕੱਲ ਦਿੱਲੀ ਵਿਚ ਦਰਸ਼ਨ ਦੇ ਰਹੇ ਹਨ।...

ਇਹਨਾਂ ਦੀ ਸਰੋਦ ਨਹੀਂ ਲਭ ਸਕੀ ਤੇ ਹੁਣ ਇਹ ਨਵੀਂ ਦਾ ਉਪਰਾਲਾ ਕਰਨਗੇ।

## ੧੫ ਅਪਰੈਲ ੧੯੭੯ ਸ਼ਨੀਵਾਰ
## ਨਵੀਂ ਦਿੱਲੀ

ਸਵੇਰੇ ਸਵੇਰੇ ਸੰਤ ਪ੍ਰੀਤਮ ਸਿੰਘ ਬਾਲੀ ਨਗਰ ਵਲ ਗਿਆਂ, ਇਹਨਾਂ ਦੇ ਘਰੋਂ ਕੋਈ ਫੋਨ ਕੀਤਾ। ੯ ਵਜੇ ਤਕ ਸ੍ਰੀ ਸਤਿਗੁਰੂ ਜੀ ਕੋਠੀ ਨਹੀਂ ਪਹੁੰਚੇ ਸਨ।

ਗੁਰਦੇਵ-ਹਰਭਜਨ ਹੁਰਾਂ ਪਾਸ ਗਿਆਂ ਮਾਲੂਮ ਹੋਇਆ ਕਿ ਸਤਿਗੁਰੂ ਜੀ ਅੱਜ ਨਹੀਂ ਦਿੱਲੀ ਆ ਰਹੇ। ਮਾਤਾ ਜੀ ਹੀ ਸ੍ਰੀ ਭੈਣੀ ਸਾਹਿਬ ਗਏ ਹਨ। ਸੇਠ ਤ੍ਰਿਲੋਕ ਸਿੰਘ ਅਤੇ ਸ੍ਰ: ਹਰਵਿੰਦਰ ਸਿੰਘ ਹੰਸਪਾਲ ਕਾਰ ਤੇ ਨਾਲ ਛਡਣ ਵਾਸਤੇ ਗਏ ਹਨ।

ਮੈਂ ਅਤੇ ਮੇਰੇ ਘਰੋਂ, ਗੁਰਬਚਨ ਕੌਰ, ਅੱਜ ਫੇਰ ਸੇਠ ਕਿਰਪਾਲ ਸਿੰਘ ਨੂੰ ਮਿਲਣ ਗਏ। ਇਹਨਾਂ ਦੱਸਿਆ ਕੁਛ ਜਾਇਦਾਦ ਵੇਚ ਕੇ ਲੋਕਾਂ ਨੂੰ ਪੈਸੇ ਵਾਪਸ ਕਰ ਰਹੇ ਹਾਂ। ਉਹਨਾਂ ਤਿੰਨ ਚੈਕ ਵੱਖ ਵੱਖ ਪਾਰਟੀਆਂ ਨੂੰ ਭਿਜਵਾਏ।

### ਸ੍ਰ: ਮਹਿੰਦਰ ਸਿੰਘ ਡਾ: ਗੰ:

ਅਸਾਂ ਬਾਜ਼ਾਰ ਜਾਣਾ ਸੀ। ਪਰ ਗਰਮੀ ਅਧਿਕ ਹੋ ਜਾਣ ਕਾਰਨ ਏਸੇ ਬਿਲਡਿੰਗ ਵਿਚ ਲਉਢੇ ਪਹਿਰ ਤਕ ਟਿਕੇ ਰਹੇ। ਏਥੇ ਜਦੋਂ ਸ੍ਰ: ਮਹਿੰਦਰ ਸਿੰਘ-ਕਿਰਪਾਲ ਸਿੰਘ ਜੀ ਦਾ ਛੋਟਾ ਭਾਈ ਆਇਆ ਤਾਂ ਅਸਾਂ ਸ਼ਾਪਿੰਗ ਸੈਂਟਰ ਬਾਰੇ ਉਸ ਨਾਲ ਵੀ ਦੁਖ ਪਰਗਟ ਕੀਤਾ। ਪਰ ਉਹ ਬੋਲਿਆ : ਜੋ ਕੁਝ ਹੁੰਦਾ ਹੈ ਰਜ਼ਾ ਵਿਚ ਹੀ ਹੁੰਦਾ ਹੈ। ਸਾਨੂੰ ਕੋਈ ਵਿਸ਼ੇਸ਼ ਦੁਖ ਨਹੀਂ। ਜੋ ਕੁਝ ਵਾਪਰਨਾ ਜ਼ਰੂਰੀ ਸੀ, ਵਾਪਰ ਗਿਆ ਹੈ। ਮੇਰਾ ਮਨ ਤਾਂ ਬੜਾ ਸ਼ਾਂਤ ਹੈ, ਕੋਈ ਪਰੇਸ਼ਾਨੀ ਨਹੀਂ।

ਕ੍ਰਿਪਾਲ ਸਿੰਘ ਹੁਰਾਂ ਕਿਹਾ : ਮੈਂ ਬਹੁਤ ਭੱਜ-ਨੱਸ ਵਿਚ ਰਿਹਾ ਹਾਂ। ਹੁਣ ਕੁਝ ਵੀ ਨਹੀਂ ਕਰਨਾ। ਬਸ ਭਜਨ ਕਰਾਂਗੇ। ਸੰਨਿਆਸ ਲੈ ਲਿਆ ਹੈ ਸਭ ਕਾਸੇ ਵਲੋਂ। ਇਸ ਦਾ ਮਤਲਬ ਹੈ ਕਿ ਇਕ ਦੋ ਦਿਨਾਂ ਦੇ ਅੰਦਰ ਹਾਲਾਤ ਨੇ ਪਾਸਾ ਪਰਤਿਆ ਹੈ। ਪਰਸੋਂ ਇਹਨਾਂ ਕਿਹਾ ਸੀ ਚਾਰ ਮਹੀਨੇ ਤਕ ਫਿਰ ਸਭ ਕਾਸੇ ਨੂੰ ਸ਼ੁਰੂ ਕਰਾਂਗੇ ਅੱਜ ਇਹਨਾਂ ਅਸਲੋਂ ਸਨਿਆਸ ਦੀ ਗੱਲ ਕਰ ਦਿਤੀ ਹੈ।

## ੧੭ ਅਪਰੈਲ ੧੯੭੯ ਸੋਮਵਾਰ
## ਨਵੀਂ ਦਿੱਲੀ

### ਸ੍ਰ: ਹੰਸਪਾਲ

ਬਹੁਤ ਸਾਰੀਆਂ ਗੱਲਾਂ ਜਾਣਨ ਤੇ ਕਰਨ ਲਈ ਮੈਂ ਸ੍ਰ: ਹਰਵਿੰਦਰ ਸਿੰਘ ਹੰਸਪਾਲ ਨੂੰ ਮਿਲਣ ਵਾਸਤੇ ੮ ਵਜੇ ਸਵੇਰੇ ਗਿਆ। ਉਹ ਦਫਤਰ ਜਾਣ ਲਈ ਤਿਆਰੀਆਂ ਵੱਟ ਰਿਹਾ ਸੀ। ਮੇਰੇ ਇਹ ਪੁਛਣ ਤੇ ਕਿ ਸਤਿਗੁਰੂ ਜੀ ਨੇ ੧੫ ਤਾਰੀਖ ਨੂੰ ਦਿੱਲੀ ਆਉਣਾ ਸੀ, ਨਾ ਆ ਸਕਣ ਦਾ ਕੀ ਕਾਰਨ ? ਉਸ ਦਸਿਆ : ਸੱਚੇ ਪਾਤਸ਼ਾਹ ਜੀ ਨੂੰ ਬੁਖ਼ਾਰ ਹੋ ਗਿਆ ਸੀ। ਅਸਲ ਵਿਚ ਬੰਬਈ ਸੰਗੀਤ


Sri Satguru Jagjit Singh Ji Elibrary NamdhariElibrary@gmail.com

ਸੰਮੇਲਨ ਸਮੇਂ ਜਿੰਨਾ ਉਹ ਬੇ-ਅਰਾਮ ਰਹੇ, ਉਸ ਦਾ ਕਾਰਨ ਇਸ ਬੁਖਾਰ ਨਾਲ ਨਿਕਲਿਆ। ਮਾਤਾ ਜੀ ਵੀ ਏਸੇ ਕਾਰਨ ਭੈਣੀ ਸਾਹਿਬ ਚਲੇ ਗਏ।

ਸ੍ਰ: ਹੰਸਪਾਲ ਤੋਂ ਇਹ ਵੀ ਪਤਾ ਲਗਾ ਕਿ ਸਤਿਗੁਰੂ ਜੀ ਅੱਜ ਮੰਡੀ (ਹਿਮਾਚਲ) ਹੋਣਗੇ। ਉਹਨਾਂ ਦੋ ਚਾਰ ਦਿਨ ਪਹਾੜਾਂ ਦਾ ਪ੍ਰੋਗਰਾਮ ਬਣਾ ਲਿਆ ਹੈ। ਹੁਣ ੨੧-੨੨ ਦੇ ਕਰੀਬ ਹੀ ਦਿੱਲੀ ਪਧਾਰਨਗੇ।

ਸ੍ਰ: ਹੰਸਪਾਲ ਨੇ ਦਸਿਆ: ਪਰਸੋਂ ਰਾਤ ਨਿਬੜੀ ਗੱਲਬਾਤ ਅਨੁਸਾਰ ਇਹ ਬਿਲਡਿੰਗ ਸੇਠ ਤਿਰਲੋਕ ਸਿੰਘ ਜੀ ਦੇ ਅਧਿਕਾਰ ਹੇਠ ਹੋ ਗਈ ਹੈ। ਇਹ ਉਹੋ ਸੋਚਣਗੇ ਕਿ ਉਹਨਾਂ ਕੀ ਕਰਨਾ ਕਰਵਾਣਾ ਹੈ।

## ੧੯ ਅਪਰੈਲ ੧੯੭੮ ਬੁਧਵਾਰ
## ਨਵੀਂ ਦਿਲੀ

### ਸੰਡੇ ਸਟੈਂਡਰਡ ਦੀ ਰਾਏ

ਅੱਜ ਜਦੋਂ ਗੁਰਦੇਵ-ਹਰਭਜਨ ਸਿੰਘ ਹੁਰਾਂ ਨੂੰ ਮਿਲਣ ਗਿਆ, ਰਮੇਸ਼ ਨਗਰ ਤਾਂ ਗੁਰਦੇਵ ਸਿੰਘ ਨੇ ਬੜੇ ਚਾਅ ਨਾਲ "ਸੰਡੇ ਸਟੈਂਡਰਡ" ੧੯.੪.੧੯੭੮ ਦੀ ਉਹ ਕਾਪੀ ਵਖਾਈ ਜਿਸ ਦੇ ੭ਵੇਂ ਪੰਨੇ ਦੇ ਉਪਰ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਚੀਫ ਮਨਿਸਟਰ ਮਹਾਰਾਸ਼ਟਰ, ਸ੍ਰੀ ਵਸੰਤ ਦਾਦਾ ਪਾਟਿਲ ਦੀ ਤਸਵੀਰ ਛਪੀ ਹੋਈ ਸੀ। ਉਸ ਦੇ ਹੇਠ ਸਵਾ ਕਾਲਮ ਵਿਚ ਪੰਜਵੇਂ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਤੇ ਸਮੀਖਿਆ ਛਪੀ ਹੋਈ ਸੀ। ਇਕ ਦੋ ਥਾਵਾਂ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਥਾਂ ਸਤਿਗੁਰੂ ਪ੍ਰਤਾਪ ਸਿੰਘ ਛਪੇ ਹੋਣ ਦੀ ਗਲਤੀ ਤੋਂ ਛੁਟ ਸਮੁਚੇ ਤੌਰ ਤੇ ਸਮੀਖਿਆ ਬੜੀ ਅੱਛੀ ਸੀ।

ਸਮੀਖਿਅਕ ਨੇ ਬੰਬਈ ਵਿਚ ਇਸ ਸੰਗੀਤ ਸੰਮੇਲਨ ਦੀ ਵਿਸ਼ੇਸ਼ਤਾ, ਸਿੱਖ ਗੁਰੂਆਂ ਦਾ ਸੰਗੀਤ ਪ੍ਰੇਮ, ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਸਿਖਿਆਰਥੀਆਂ ਤੇ ਕਲਾਕਾਰਾਂ ਵਲ ਉਦਾਰਤਾ, ਉਨ੍ਹਾਂ ਦੇ ਸਿਖ ਗੁਰਦੇਵ ਸਿੰਘ ਦੀ ਸਰੋਦ ਤੇ ਸੁਖਵਿੰਦਰ ਸਿੰਘ ਪਿੰਕੀ ਦੇ ਤਬਲੇ ਦੀ ਪ੍ਰਸ਼ੰਸਾ, ਨਾਮਧਾਰੀਆਂ ਬਾਰੇ ਆਮ ਜਾਣਕਾਰੀ, ਨਾਮਧਾਰੀ ਸੰਗਤ ਦੇ ਸ਼ਲਾਘਾ ਯੋਗ ਉਦਮ ਦੀ ਚਰਚਾ—ਸਭ ਕੁਝ ਹੀ ਗਿਣ ਲਿਆ ਸੀ।

ਇਹ ਦੋਵੇਂ ਸਾਡੇ ਘਰ ਹੀ ਆ ਗਏ। ਅਜੇ ਵੀ ਇਹਨਾਂ ਦੇ ਦਿਮਾਗ ਵਿਚ ਬੰਬਈ ਘੁੰਮਦੀ ਸੀ। ਇਹਨਾਂ ਤੋਂ ਇਹ ਵੀ ਪਤਾ ਲਗਾ ਕਿ ਸਤਿਗੁਰੂ ਜੀ ਸਵੇਰੇ ਦਿੱਲੀ ਵਿਚ ਦਰਸ਼ਨ ਦੇਣਗੇ।

੧੪ ਅਪ੍ਰੈਲ ਨੂੰ ਸੇਠ ਮਹਿੰਦਰ ਸਿੰਘ ਬਾਲੀ ਨਗਰ ਦੇ ਪਿਤਾ ਸੰਤ ਬੂੜ ਸਿੰਘ ੯੦ ਸਾਲ ਦੀ ਆਯੂ ਭੋਗ ਕੇ ਸਰੀਰ ਤਿਆਗ ਗਏ ਹਨ। ਸ਼ਾਮੀ ਉਹਨਾਂ ਦੇ ਘਰ ਬਾਲੀ ਨਗਰ ਗਿਆ। ਉਹਨਾਂ ਦਸਿਆ: ਮੈਂ ਕੱਲ੍ਹ ਭੈਣੀ ਸਾਹਿਬ ਫੋਨ ਕਰ ਕੇ ਪਿਤਾ ਜੀ ਦੇ ਨਮਿਤ ਰਖੇ ਪਾਠ ਦੇ ਭੋਗ ਸਮੇਂ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਬੇਨਤੀ ਕੀਤੀ ਸੀ। ਪਤਾ ਲਗਾ ਕਿ ਕੱਲ੍ਹ ਤਕ ਸਤਿਗੁਰੂ ਜੀ ਮੰਡੀ ਸਨ ਅਤੇ ਅੱਜ ਫਿਰ ਜਦੋਂ ਮੰਡੀ ਫੋਨ ਖੜਕਾਇਆ ਤਾਂ ਪਤਾ ਲਗਾ ਕਿ ਆਪ ਮੰਡੀਓਂ ਵਿਦਾ ਲੈ ਚੁਕੇ ਹਨ। ਜਦੋਂ ਭੈਣੀ ਸਾਹਿਬ ਫੇਰ ਕੁਨੈਕਸ਼ਨ ਜੋੜਿਆ ਤਾਂ ਸ੍ਰੀ ਹਜ਼ੂਰ ਦੇ ਸਕਤਰ ਸੰਤ ਤਰਸੇਮ ਸਿੰਘ ਨੇ ਸਤਿਗੁਰੂ ਜੀ ਤੋਂ ਪੁਛ ਕੇ ਤਾਰੀਖ ਲੈ ਦਿਤੀ ਹੈ, ੨੦.੪.੧੯੭੮, ਸਮਾਂ ੨.੩੦ ਵਜੇ ਦੁਪਹਿਰੇ। ਆਪ ਜੀ ੨੨.੪.੭੮ ਨੂੰ ਪਟਨੇ ਜਾਣਗੇ, ਉਥੇ ਵੀ ਕਿਸੇ ਦੇ ਘਰ ਭੋਗ ਹੈ।

### ਸ੍ਰ: ਨਾਹਰ ਸਿੰਘ

ਅੱਜ ਮੈਨੂੰ ਸ੍ਰ: ਨਾਹਰ ਸਿੰਘ ਐਮ.ਏ. ਵੀ ਸਬੱਬ ਨਾਲ ਮਿਲ ਪਏ। ਇਹ ਨਾਮਧਾਰੀ ਇਤਿਹਾਸ ਦਾ ਤਾਣਾ ਪੇਟਾ ਸਭ ਜਾਣਦੇ ਹਨ। ਸ੍ਰ: ਜੀ ਨੇ ਦਸਿਆ ਕਿ ਉਹ ਰੋਜ਼ਾਨਾ ੯ ਤੋਂ ੧੧ ਵਜੇ ਤਕ ਨੈਸ਼ਨਲ ਆਰਕਾਵੀਜ਼ ਵਿਚ ਸਮਾਂ ਬਿਤਾਂਦੇ ਹਨ ਅਤੇ ਨਾਮਧਾਰੀਆਂ ਬਾਰੇ ਹੋਰ ਵੀ ਬਹੁਤ ਸਾਰੀ ਜਾਣਕਾਰੀ ਇਕਤਰ ਕਰ ਰਹੇ ਹਨ।

## ੨੦ ਅਪਰੈਲ ੧੯੭੮ ਵੀਰਵਾਰ
## ਨਵੀਂ ਦਿੱਲੀ

ਕਰੀਬ ਬਾਰਾਂ ਵਜੇ ਮੈਂ ੧੧/੧੦ ਪੂਸਾ ਰੋਡ ਪਹੁੰਚਾ ਸਤਿਗੁਰੂ ਜੀ ਦੀ ਆਮਦ ਦੇ ਕੋਈ ਚਿੰਨ੍ਹ ਨਹੀਂ ਸਨ। ਸੇਠ ਸਪੁਤਰ ਲਾਲ ਜੀ ਦਸਿਆ ਕਿ ਸਤਿਗੁਰੂ ਜੀ ਦਾ ਅੱਜ ਆਉਣਾ ਕੈਂਸਲ ਹੋ ਗਿਆ।

### ਸੰਤ ਅਵਤਾਰ ਸਿੰਘ

ਜਦੋਂ ਮੈਂ ਨਾਮਧਾਰੀ ਪ੍ਰਿੰਟਿੰਗ ਵਰਕਸ ਵਾਲੇ, ਆਪਣੇ ਮਿਤਰ ਸੰਤ ਅਵਤਾਰ ਸਿੰਘ ਨੂੰ ਸਦਰ ਬਾਜ਼ਾਰ ਵਿਚ ਮਿਲਿਆ ਤਾਂ ਉਹ ਆਪਣੇ ਕਾਨਪੁਰੀ ਕੁੜਮਾਂ ਦੀ ਗੁਰਮੁਖਤਾ ਸੇਵਾ ਭਾਵਨਾ, ਅਮੀਰੀ ਅਤੇ ਉਦਾਰਤਾ ਦੀ ਚਰਚਾ ਕਰਦੇ ਰਹੇ। ਅਵਤਾਰ ਸਿੰਘ ਹੁਰਾਂ ਦੇ ਗੁਰਦੀਪ ਸਿੰਘ ਵਲ ਡਾ: ਕਪੂਰ ਸਿੰਘ ਦੀ ਲੜਕੀ ਵਿਆਹੀ ਹੋਈ ਹੈ।

ਸੰਤ ਅਵਤਾਰ ਸਿੰਘ ਨੇ ਦਸਿਆ ਕਿ ਸ਼ਾਪਿੰਗ ਸੈਂਟਰ



Sri Satguru Jagjit Singh Ji Elibrary NamdhariElibrary@gmail.com



ਸੰਤ ਅਵਤਾਰ ਸਿੰਘ

ਦੀ ਗੱਲ ਮੁਕ ਚੁਕੀ ਹੈ। ਸੇਠ ਜੀ ਨੇ ਦੇਣ ਯੋਗ ਰਕਮ ਅਦਾ ਵੀ ਕਰ ਦਿਤੀ ਹੈ। ਬਿਲਡਿੰਗ ਦੇ ਮਾਲਿਕ ਸੇਠ ਜੀ ਹੀ ਹਨ। ਸਤਿਗੁਰੂ ਜੀ ਨੇ ਕਿਰਪਾਲ ਸਿੰਘ ਹੁਰਾਂ ਨੂੰ ਹੁਕਮ ਕੀਤਾ ਹੈ ਕਿ ਉਹ ਗ਼ੈਰ ਨਾਮਧਾਰੀ ਲੋਕਾਂ ਨਾਲ ਸੰਬੰਧਤ ਵਿਹਾਰ ਦੀ ਰਕਮ ਪਹਿਲਾਂ ਮੋੜਨ ਫਿਰ ਨਾਮਧਾਰੀਆਂ ਨੂੰ ਪਰਤਾਣ। ਅਵਤਾਰ ਸਿੰਘ ਹੁਰਾਂ ਦਸਿਆ ਕਿ ੧੦੦੦/- ਇਹਨਾਂ ਨੂੰ ਮਿਲ ਗਿਆ ਹੈ, ਦਿਹੋ ਰਕਮ ਬਕ਼ਾਇਆ ਸੀ।

ਸੇਠ ਤ੍ਰਿਲੋਕ ਸਿੰਘ ਹੁਰਾਂ ਬਾਰੇ ਸੰਤ ਅਵਤਾਰ ਸਿੰਘ ਨੇ ਦਸਿਆ: ਸੇਠ ਤ੍ਰਿਲੋਕ ਸਿੰਘ ਜਿਥੇ ਬੜੇ ਧਨੀ ਤੇ ਉਦਾਰ ਵਿਅਕਤੀ ਹਨ ਓਥੇ ਵਿਹਾਰਕਾਰ ਵਿਚ ਕੀਤੀ ਹੋਈ ਗੱਲ ਤੇ ਉਹ ਸਥਿਰ ਰਹਿੰਦੇ ਹਨ।

### ਸੰਤ ਅਮਰ ਸਿੰਘ ਨਿਰਮਾਣ

ਸਦਰ ਬਾਜ਼ਾਰੋਂ ਵਾਪਸੀ ਤੇ ਮੈਨੂੰ ਸੰਤ ਅਮਰ ਸਿੰਘ 'ਨਿਰਮਾਣ' ਮਿਲ ਪਿਆ ਅਤੇ ਆਗ੍ਰਹਿ ਪੂਰਵਕ ਨਾਰਾਇਣੇ ਵਾਲੀ ਫੈਕਟਰੀ ਵਿਚ ਲੈ ਆਇਆ 'ਨਿਰਮਾਣ' ਮੈਥੋਂ ਦੋ ਸਾਲ ਵੱਡਾ ਤੇ ਮੇਰਾ ਬਚਪਨ ਦਾ ਸੰਗੀ ਹੈ। ਮੈਂ ਭੈਣੀ ਸਾਹਿਬ ਵਿਖੇ ਉਹਨੀਂ ਦਿਨੀਂ ਪੜਦਾ ਸਾਂ, ਇਹ ਬਿਜਲੀ ਦਾ ਕੰਮ ਸਿਖਦਾ ਤੇ ਕਰਦਾ ਸੀ। ਅੱਜ ਸੰਤ ਨਿਰਮਾਣ ਦੀ ਉਮਰ ੬੮ ਸਾਲ ਹੈ। ਸੰਤਾਨ ਵਜੋਂ ੪ ਲੜਕਿਆਂ ਅਤੇ ੩ ਲੜਕੀਆਂ ਦਾ ਪਿਤਾ ਹੈ। ਦੋ ਛੋਟੇ ਲੜਕਿਆਂ ਨਾਲ ਇਸ ਦੀ ਰਿਹਾਇਸ਼ ਪਟੇਲ ਨਗਰ ਹੈ ਪਰ ਦੋ ਵਡੇ ਲੜਕੇ ਸ੍ਰ: ਮਖਣ ਸਿੰਘ (੪੨) ਅਤੇ ਅਵਤਾਰ ਸਿੰਘ (੩੯) ਨਰਾਇਣੇ ਵਿਖੇ ਫੈਕਟਰੀ ਦੇ ਮੁੰਤਜ਼ਿਮ ਹਨ। ਫੈਕਟਰੀ ਦਾ ਨਾਂ ਹੈ: ਸਟੈਂਡਰਡ ਇਲੈਕਟ੍ਰਿਕ ਐਂਡ ਰੇਡੀਓ ਕੰਪਨੀ, ਏ-੩੭, ਨਾਰਾਇਣਾ, ਇੰਡਸਟਰੀਅਲ ਐਸਟੇਟ. ਫੇਜ਼-੧ ਨਵੀਂ ਦਿਲੀ।

ਨਿਰਮਾਣ ਜੀ ਦੀ ਇਸ ਫੈਕਟਰੀ ਵਿਚ ਸੁਚ ਗੇਅਰ ਅਤੇ ਪੇਨਲ ਬੋਰਡ ਬਣਦੇ ਹਨ। ੮-੧੦ ਬੰਦੇ ਏਥੇ ਕੰਮ ਕਰਦੇ ਹਨ। ਪਰ ਨਾਲ ਕਰਕੇ ਹੀ ਦੂਜੇ ਭਾਗ ਵਿਚ ਗੈਸ ਵੈਲਡਿੰਗ ਰਾਡ ਤਿਆਰ ਹੁੰਦੇ ਹਨ। ਸੰਤੋਖ ਸਿੰਘ (੨੫) ਅਤੇ ਜਸਬੀਰ ਸਿੰਘ (੨੦) ਦੂਜੇ ਦੋ ਲੜਕੇ ਹਨ ਜੋ ਨਿਰਮਾਣ ਹੁਰਾਂ ਦੇ ਨਾਲ ਹੀ ਰਹਿੰਦੇ ਹਨ। ਤਿੰਨ ਲੜਕੀਆਂ ਬੀਬੀ ਸੁਰਿੰਦਰ ਕੌਰ (੩੪) ਬੀਬੀ ਰਮਿੰਦਰ ਕੌਰ (੩੦) ਅਤੇ ਹਰਮਿੰਦਰ ਕੌਰ (੨੩) ਦਿੱਲੀ ਵਿਚ ਹੀ ਨਾਮਧਾਰੀ ਘਰਾਣਿਆਂ ਵਿਚ ਵਿਆਹੀਆਂ ਹੋਈਆਂ ਹਨ।

ਸ੍ਰ: ਅਵਤਾਰ ਸਿੰਘ ਤੋਂ ਪਤਾ ਲਗਾ ਕਿ ਇਸ ਦੀ ਵਡੀ ਭਰਜਾਈ ਸੰਤ ਆਤਮਾ ਸਿੰਘ ਪੰਨਵ ਦੀ ਪੁਤਰੀ ਹੈ। ਉਸ ਦੇ ਚਾਰ ਬਚੇ ਹਨ। ਇਸ ਦੇ ਆਪਣੇ ਘਰ ਸ੍ਰ: ਪ੍ਰੀਤਮ ਸਿੰਘ ਲੁਧਿਆਣਾ ਦੀ ਪੁਤਰੀ ਹੈ। ਇਹਨਾਂ ਦੇ ਘਰ ਤਿੰਨ ਬਚੇ ਹਨ। ਸੰਤੋਖ ਸਿੰਘ ਦੇ ਘਰ ਲੜਕੀ ਹੈ ਪਰ ਜਸਬੀਰ ਸਿੰਘ ਦਾ ਅਜੇ ਕੋਈ ਇਸ਼ੂ ਨਹੀਂ।

ਸੰਤ ਅਮਰ ਸਿੰਘ ਪਿਛੋਂ ਸਿਆਲਕੋਟ ਦਾ ਹੈ। ਇਹ ੧੯੨੯ ਵਿਚ ਹੀ ਦਿੱਲੀ ਆ ਗਿਆ ਅਤੇ ਇਲੈਕਟ੍ਰੀਸਨ ਦੇ ਤੌਰ ਤੇ ਸਰਵਿਸ ਕਰਦਾ ਰਿਹਾ। ੧੯੩੯ ਤੋਂ ਇਸ ਨੇ ਆਪਣਾ ਕਾਰੋਬਾਰ ਕੀਤਾ। ਇਸ ਨੇ ਦਸਿਆ ਕਿ ਮਹਾਰਾਜ ਨਿਹਾਲ ਸਿੰਘ ਜੀ ਦੇ ਅੰਤਮ ਸੰਸਕਾਰ ਦਾ ਸਮਾਗਮ ਏਸੇ ਦੇ ਪ੍ਰਬੰਧ ਅਧੀਨ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਇਸ ਦੇ ਪ੍ਰਬੰਧ ਤੇ ਸੰਤੁਸ਼ਟ ਹੋਏ। ਇਸ ਨੇ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦਾ ਆਸਰਾ ਲੈ ਲਿਆ।

ਅੱਜ ਦਾ ਦਿਨ ਵੀ ਫਿਰਦੇ ਤੁਰਦਿਆਂ ਸਤਿਗੁਰੂ ਜੀ ਦੀ ਯਾਦ ਵਿਚ ਲੰਘ ਗਿਆ।

### ੨੧ ਅਪਰੈਲ ੧੯੭੮ ਸ਼ੁਕਰ
### ਨਵੀਂ ਦਿੱਲੀ

ਮੇਰੇ, 'ਸਤਿਜੁਗ' ਸੰਪਾਦਕੀ ਸਮੇਂ ਦੇ, ਮਿਤਰ ਮਾਸਟਰ ਅਮਰੀਕ ਸਿੰਘ ਅੱਜ ਗੁਰਦੇਵ ਸਿੰਘ ਰਮੇਸ਼ ਨਗਰ ਦੇ ਘਰ ਬੈਠੇ ਮਿਲੇ। ਹਰਭਜਨ ਸਿੰਘ ਅਤੇ ਅਮਰ ਭਾਰਤੀ ਦਾ ਮੇਲ ਵੀ ਏਥੇ ਹੋ ਪਿਆ। ਡਾ: ਅਮਰ ਭਾਰਤੀ ਨੇ ਦੱਸਿਆ ਕਿ ਇਹ ਸਮਝ ਕੇ ਕਿ ਸਤਿਗੁਰੂ ਜੀ ਦਿੱਲੀ ਵਿਚ ਪਹੁੰਚ ਗਏ ਹੋਣਗੇ। ਕਰੀਬ ੧੧.੩੦ ਵਜੇ ਦਿਨੇ ਪੂਸਾ ਰੋਡ ਕੋਠੀ ਵਿਖੇ ਫੋਨ ਕੀਤਾ। ਅਗੋਂ ਸ਼ੇਰ ਸਿੰਘ ਤੋਂ ਪਤਾ ਲਗਾ ਕਿ ਹੁਣੇ



Sri Satguru Jagjit Singh Ji Elibrary NamdhariElibrary@gmail.com

ਹੁਣੇ ਸਤਿਗੁਰੂ ਜੀ ਦਾ ਫੋਨ ਆਇਆ ਹੈ। ਹੁਕਮ ਹੋਇਆ ਹੈ ਆਪ ਜੀ ੨੪ ਦੀ ਰਾਤ ਨੂੰ ਜਾਂ ੨੫ ਅਪਰੈਲ ਨੂੰ ਸਵੇਰੇ ਦਰਸ਼ਨ ਦੇਣਗੇ।

### ੨੪ ਅਪਰੈਲ ੧੯੭੮ ਸੋਮਵਾਰ ਨਵੀਂ ਦਿੱਲੀ

ਸਵੇਰੇ ੯.੩੦ ਵਜੇ ਦੇ ਕਰੀਬ ਸ੍ਰ. ਹਰਵਿੰਦਰ ਸਿੰਘ ਹੰਸਪਾਲ ਦਾ ਡਰਾਈਵਰ ਛੰਨੀ ਮੇਰੇ ਘਰ ਆਇਆ : ਸਤਿਗੁਰੂ ਜੀ ਦਿੱਲੀ ਆ ਗਏ ਹਨ। ਜੇ ਆਪ ਨੇ ਜਾਣਾ ਹੋਵੇ ਤਾਂ ਸਰਦਾਰ ਹੁਰੀਂ ਜਾ ਰਹੇ ਹਨ ਨਾਲ ਚਲੋ ਚਲੋ। ਮੈਂ ਉਨ੍ਹਾਂ ਨਾਲ ੧੧/੧੦ ਪੂਸਾ ਰੋਡ ਪਹੁੰਚ ਗਿਆ।

ਸਤਿਗੁਰੂ ਜੀ ਭਾਵੇਂ ਪਧਾਰ ਚੁਕੇ ਸਨ ਪਰ ਉਹ ਕਿਤੇ ਚਰਨ ਪਾਉਣ, ਸੇਠ ਹੁਰਾਂ ਦੀ ਕਰਾਏ ਦਿਤੀ ਕੋਠੀ, ਜਾਂ ਸ੍ਰ. ਸੁਰਿੰਦਰ ਸਿੰਘ ਡਾ: ਗੰ: ਵਲ ਜਾ ਚੁਕੇ ਸਨ।

### ਤਬਦੀਲੀ

ਮੈਂ ਵੇਖਿਆ ਕਿ ਸੇਠ ਤ੍ਰਿਲੋਕ ਸਿੰਘ ਹੁਰਾਂ ਦਾ ਰਿਹਾਇਸ਼ੀ ਸਾਮਾਨ ੧੧/੧੦ ਦੀ ਅਨੈਕਸੀ ਵਿਚ ਜਾ ਰਿਹਾ ਸੀ। ਹੰਸਪਾਲ ਨੂੰ ਪੁਛਣ ਤੋਂ ਪਤਾ ਲਗਾ ਕਿ ਸੇਠ ਜੀ ੧੧/੧੦ ਪੂਸਾ ਰੋਡ ਤੋਂ ਸਿਫਟ ਕਰ ਰਹੇ ਹਨ। ਅਤੇ ਉਹ ੧੦-੧੫ ਦਿਨਾਂ ਤਕ ਪੂਸਾ ਰੋਡ ਤੇ ਹੀ ਆਪਣੀ ਦੂਜੀ ਕੋਠੀ ੧-੬, ਜੁ ਹੁਣ ਤਕ ਪ੍ਰਾਵੀਡੈਂਟ ਫੰਡ ਵਾਲਿਆਂ ਨੂੰ ਕਰਾਏ ਤੇ ਦਿਤੀ ਹੋਈ ਸੀ, ਵਿਖੇ, ਚਲੇ ਜਾਣਗੇ। ਅਤੇ ਪ੍ਰਾਵੀਡੈਂਟ ਵਾਲਿਆਂ ਦਾ ਦਫਤਰ ਇਸ ਕੋਠੀ ਵਿਚ ਆ ਜਾਵੇਗਾ।

ਸਤਿਗੁਰੂ ਜੀ ਦੇ, ਕਿਉਂਕਿ ਆਉਂਦਿਆਂ ਹੀ ਦਰਸ਼ਨ ਨਹੀਂ ਸਨ ਹੋਏ ਸੋ ਮਨਾਂ ਦੀ ਬੇਚੈਨੀ ਦੂਰ ਕਰਨ ਹਿਤ ਅਸੀਂ ਪ੍ਰਾਵੀਡੈਂਟ ਫੰਡ ਵਾਲਿਆਂ ਦੇ ਦਫਤਰ ਗਏ, ਫਿਰ ਸ੍ਰ. ਸੁਰਿੰਦਰ ਸਿੰਘ ਵੱਲ ਵੀ ਪਹੁੰਚੇ, ਸ਼ਾਪਿੰਗ ਸੈਂਟਰ ਵਲ ਵੀ ਹੋਏ ਪਰ ਕਿਤੋਂ ਵੀ ਹਜ਼ੂਰ ਦੇ ਈ ਦਾਰਿਆਂ ਦੀ ਝਲਕ ਨਾ ਪਈ।

ਝੰਡੇ ਵਾਲਾਨ ਵਿਖੇ ਸ੍ਰ. ਹਰਵਿੰਦਰ ਸਿੰਘ ਦੇ ਦਫਤਰ ਪਹੁੰਚੇ ਤਾਂ ਕੋਠੀ ਨੂੰ ਫੋਨ ਖੜਕਾਣ ਤੇ ਪਤਾ ਲਗਾ ਕਿ ਸਤਿਗੁਰੂ ਜੀ ੧੧/੧੦ ਪੂਸਾ ਰੋਡ ਪਹੁੰਚ ਚੁਕੇ ਹਨ। ਸੋ ਫੌਰਨ ਵਾਪਸ ਆ ਗਏ।

### ਬੈਠਣ ਕਮਰੇ ਵਿਚ

ਆਉਂਦਿਆਂ ਵੇਖਿਆ, ਸ੍ਰ. ਮਹਿੰਦਰ ਸਿੰਘ ਹੈਦਰਾ ਬਾਦ, ਸੰਤ ਮਹਿੰਦਰ ਸਿੰਘ ਸਰਸਾ ਆਪਣੀ ਪਤਨੀ ਸਮੇਤ, ਸੇਠ ਖਜ਼ਾਨ ਸਿੰਘ 'ਇਨਸਾਫ' ਦਾ ਛੋਟਾ ਭਾਈ ਸੰਤ ਸਿੰਘ



ਸੰਤ ਅਮਰ ਸਿੰਘ ਨਿਰਮਾਣ

ਅਤੇ ਹੋਰ ਕਈ ਸਰੀਰ ਦਰਸ਼ਨ ਕਰਨ ਦੀ ਗਰਜ਼ ਨਾਲ ਆਏ ਹੋਏ ਸਨ। ਬਲਦੇਵ ਸਿੰਘ ਜੀਵਨ ਨਗਰੀਆਂ ਅਮ੍ਰਿਤਸਰੋਂ ਆਇਆ ਸੀ ਕਰਤਾਰ ਸਿੰਘ ਸੋਧੀ ਰਮੇਸ਼ ਨਗਰੋਂ। ਲੰਗਰ ਦੀ ਸੇਵਾ ਕਰਨ ਵਾਲੀਆਂ ਬੀਬੀਆਂ ਜਥਾ ਲੰਗਰ ਸੇਵਾ ਵਿਚ ਸੁਟਿਆ ਹੋਇਆ ਸੀ। ਸੰਤ ਰਘੁਬੀਰ ਡਰਾਈਵਰ ਗੁਰੂ ਘਰੋਂ ਸਫੇਦ ਸ਼ਿਵਰਲੇਟ ਤੇ ਕੁਝ ਸਰੀਰ ਲਿਆਇਆ ਹੋਵੇਗਾ।

ਪਤਾ ਲਗਾ ਸਤਿਗੁਰੂ ਜੀ ਤਾਂ ਸੇਠ ਜੀ ਦੇ ਭੋਜਨ ਕਮਰੇ ਵਿਚ ਪ੍ਰਸ਼ਾਦ ਛਕ ਰਹੇ ਹਨ। ਸੇਠ ਜੀ ਆਪ ਦੇ ਪਾਸ ਸਨ। ਹੰਸਪਾਲ ਵੀ ਉਨ੍ਹਾਂ ਪਾਸ ਚਲਾ ਗਿਆ। ਸੁਰਿੰਦਰ ਸਿੰਘ ਮਨਚੰਦਾ ਵੀ ਦਰਸ਼ਨ ਕਰਨ ਦੀ ਇੱਛਾ ਨਾਲ ਆਇਆ ਸੀ। ੧੨.੨੫ ਹੋ ਚੁਕੇ ਸਨ।

ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਮੇਰੇ ਅਟਕਣ ਪਿਛੋਂ ਸੰਤ ਮਹਿੰਦਰ ਸਿੰਘ ਪੂਰਬਾ ਆਇਆ। ਉਸ ਤੋਂ ਪਤਾ ਲਗਾ ਕਿ ੨੨ ਅਪਰੈਲ ਨੂੰ ਜੀਵਨ ਨਗਰ ਜਾ ਸਾਰੇ ਪਿੰਡਾਂ ਵਿਚ ਦਰਸ਼ਨ ਦੇ ੨੩ ਨੂੰ ਆਸਾ ਦੀ ਵਾਰ ਸਵੇਰੇ ਸੰਤ ਨਗਰ ਸੁਣ ਸ਼ਾਮ ਤਕ ਭੈਣੀ ਸਾਹਿਬ ਪਹੁੰਚ ਗਏ।

### ਭਿਆਨਕ ਸਾਕੇ ਬਾਰੇ

ਮੈਂ ਪੂਰਬਾ ਨੂੰ ਪੁਛਿਆ : ੧੩ ਅਪਰੈਲ ਵੈਸਾਖੀ ਵਾਲੇ ਦਿਨ ਤੁਸੀਂ ਅੰਮ੍ਰਿਤਸਰ ਸਾਓ। ਓਥੋਂ ਦੇ ਭਿਆਨਕ ਸਾਕੇ ਦਾ ਤੁਹਾਨੂੰ ਜਦੋਂ ਪਤਾ ਲਗਾ। ਉਸ ਦਸਿਆ ਕਿ ਉਹਨਾਂ ਨੂੰ ਤਾਂ ਸਭ ਰੋਲੇ ਗੋਲੇ ਤੋਂ ਬਾਅਦ, ਦੇਰ ਨਾਲ ਹੀ ਪਤਾ ਲਗਾ ਕਿ ਕੀ ਕੁਝ ਵਾਪਰ ਗਿਆ ਹੈ।



Sri Satguru Jagjit Singh Ji Elibrary NamdhariElibrary@gmail.com

੧ ਵਜੇ ਦੇ ਕਰੀਬ ਸਤਿਗੁਰੂ ਜੀ ਨੇ ਵਸਤਰਾਂ ਵਿਚ ਬਿਨਾ ਪਜਾਮਿਓਂ ਆ ਦਰਸ਼ਨ ਦਿਤੇ। ਪ੍ਰਸ਼ਾਦ ਛਕ ਕੇ ਆਉਣ ਕਾਰਨ ਉਹ ਸੁਚਮ ਅਵਸਥਾ ਵਿਚ ਸਨ। ਅੰਦਰ ਜੁੜ ਢੁਕੇ ਸਰੀਰਾਂ ਨੇ ਚਰਨੀਂ ਹੱਥ ਲਾਕੇ ਨਮਸਕਾਰ ਕੀਤੀ। ਇਸ ਤੋਂ ਪਹਿਲਾਂ ਕਿ ਅਸੀਂ ਕੋਈ ਗੱਲ ਸ਼ੁਰੂ ਕਰਦੇ ਸਤਿਗੁਰੂ ਜੀ ਨੇ ਹੀ ਪਹਿਲ ਕੀਤੀ : ਅੱਛਾ ਬਈ ਮੈਂ ਪਹਿਲਾਂ ਮੈਂ ਪਹਿਲਾਂ ਜਲ ਵਰਤ ਆਵਾਂ।

ਅਤੇ ਜਦੋਂ ਹਜ਼ੂਰ ਮੁੜਕੇ ਅੰਦਰ ਆਏ। ਅੱਗੇ ਬੈਠੇ ਸਨ : ਸੇਠ ਤ੍ਰਿਲੋਕ ਸਿੰਘ, ਸ੍ਰ. ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਗੁਰਭਜਨ ਸਿੰਘ ਨਾਮਧਾਰੀ ਟਰੈਵਲਰਜ਼, ਸੰਤ ਮਹਿੰਦਰ ਸਿੰਘ ਪੂਰਬਾ ਸੰਤ ਕਰਤਾਰ ਸਿੰਘ ਸੋਧੀ, ਲੇਖਕ ਅਤੇ ਕੁਝ ਹੋਰ ਥੋੜੇ ਚਿਰ ਪਿਛੋਂ ਸ੍ਰ. ਹੰਸਪਾਲ ਦਾ ਭਾਈਵਾਲ ਸ੍ਰ. ਕਿਰਪਾਲ ਸਿੰਘ ਵੀ ਆ ਗਿਆ।

ਏਥੇ ਸ੍ਰੀ ਸਤਿਗੁਰੂ ਜੀ ਨੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਫਸਣ-ਫਸਾਅ ਦੀ ਗੱਲ ਕੀਤੀ : ਵਿਚਾਰਾ ਪਹਿਲਾਂ ਜਿਨਸਾਂ ਦੀਆਂ ਕੀਮਤਾਂ ਵਧਾਣ ਵਿਚ ਉਲਝਿਆ ਰਿਹਾ। ਕੇਂਦਰੀ ਸਰਕਾਰ ਕੀਮਤਾਂ ਵਧਾਣ ਦੇ ਹੱਕ ਵਿਚ ਨਹੀਂ ਸੀ। ਪਰ ਪੰਜਾਬ ਦਾ ਕਿਸਾਨ ਵੱਧ ਭਾ ਮੰਗਦਾ ਸੀ। ਸੋ ਕੁਝ ਥੋੜਾ ਫਰਕ ਪਵਾਇਆ। ਕਣਕ ਦੀ ਕੀਮਤ ੧੧੨.੫੦ ਪ੍ਰਤੀ ਕੁਇੰਟਲ ਕਰਵਾਈ। ਅਜੇ ਏਧਰੋਂ ਵਿਹਲਾ ਹੋਇਆ ਈ ਸੀ ਕਿ ਗੋਲੀ ਕਾਂਡ ਹੋ ਗਿਆ। ਉਹ ਜਿਨ੍ਹਾਂ ਦੇ ਬਣਾਇਆ ਬਣਿਆ ਹੈ ਉਹਨਾਂ ਨੂੰ ਕਿਵੇਂ ਛਡੇ! ਮੈਨੂੰ ਜਗਜੀਤ ਸਿੰਘ ਅਨੰਦ ਦਾ ਮਜ਼ਮੂਨ (ਨਵਾਂ ਜ਼ਮਾਨਾ ਜਲੰਧਰ ਵਿਚ) ਪਸੰਦ ਆਇਆ ਹੈ ਜਿਸ ਦਾ ਨਾਂ ਕੁਝ 'ਜਕੋ ਤਕ' 'ਛਡੋ' ਵਰਗਾ ਹੈ।

ਮੈਂ ਦਸਿਆ ਕਿ ਪਹਿਲਾਂ ਸਾਰੀਆਂ ਧਿਰਾਂ ਜੁਡੀਸ਼ਲ ਇਨਕੁਆਰੀ ਮੰਗਦੀਆਂ ਸਨ, ਹੁਣ ਸਣੇ ਸਰਕਾਰ ਇਸਤੋਂ ਭਜਦੇ ਹਨ। ਕੇਵਲ ਕਮਿਊਨਿਸਟ ਤੇ ਕਾਂਗ੍ਰਸੀ ਹੀ ਪੜਤਾਲ ਦੀ ਮੰਗ ਕਰ ਰਹੇ ਹਨ।

ਗੱਲੀਂ ਬਾਤੀਂ ਪਿਆ ਇਹ ਵੀ ਪਤਾ ਲਗਾ ਕਿ ਪਿਛਲੇ ਦਿਨੀਂ ਮਹਾਰਾਜ ਬੀਰ ਸਿੰਘ ਜੀ ਪੰ: ਗੋਪਾਲ ਸਿੰਘ ਆਦਿ ਇਕ ਦੋ ਹੋਰ ਜਣਿਆਂ ਨਾਲ ਚੰਡੀਗੜ ਵਿਚ ਸ੍ਰ. ਹਰਬੰਸ ਸਿੰਘ ਨੂੰ ਜਾਕੇ ਮਿਲੇ ਸਨ। ਸ੍ਰ. ਹਰਬੰਸ ਸਿੰਘ ਭਾਰਤ ਦੇ ਸਮੂਹ ਗੁਰਦੁਆਰਿਆਂ ਲਈ ਇਕ ਸਾਂਝਾ ਵਿਧਾਨ ਬਣਾ ਰਿਹਾ ਹੈ। ਉਹ ਭੈਣੀ ਸਾਹਿਬ ਆਕੇ ਮਿਲਣ ਚਾਹੁੰਦਾ ਸੀ, ਉਹ ਚੰਡੀਗੜ ਹੀ ਜਾਕੇ ਮਿਲੇ।

ਅਜਿਹੀ ਗੱਲਬਾਤ ਚਲਦਿਆਂ ਹੀ ਸਤਿਗੁਰੂ ਜੀ ਨੇ ਕਿਸੇ ਸੇਵਕ ਨੂੰ ਸ੍ਰ. ਸੇਵਾ ਸਿੰਘ ਗਾਂਧੀ ਨਗਰ ਨੂੰ ਬੁਲਾਣ ਲਈ ਫ਼ਰਮਾਇਆ। ੧.੧੫ ਤਕ ਸ੍ਰ. ਸੇਵਾ ਸਿੰਘ ਆ ਗਿਆ। ਸਤਿਗੁਰੂ ਜੀ ਉਸ ਨੂੰ ਤੇ ਸੇਠ ਹੁਰਾਂ ਨੂੰ ਨਾਲ ਲੈਕੇ ਆਰਾਮ ਕਮਰੇ ਵਿਚ ਲੈ ਗਏ।

ਕੁਛ ਚਿਰ ਬਾਹਰ ਘੁਮ ਘੁਮਾਕੇ ਮੈਂ ਸਤਿਗੁਰਾਂ ਦੇ ਬੈਠਣ ਕਮਰੇ ਵਿਚ ਆਇਆ ਤਾਂ ਠਾਕਰ ਸ਼ਮਸ਼ੇਰ ਸਿੰਘ ਜੀ ਸਮੇਤ ਪਤਨੀ ਇੰਤਜ਼ਾਰ ਵਿਚ ਬੈਠੇ ਸਨ। ਇਹ ਕੁਛ ਸਮਾ ਬੀਬਾ ਜੀ ਕੋਲ ਜਾ ਬੈਠੇ। ਠਾਕੁਰ ਜੀ ਮੇਰੇ ਪਾਸ ਆ ਬੈਠੇ। ਕੁਝ ਘੜੀਆਂ ਆਰਾਮ ਦੇ ਖਿਆਲ ਨਾਲ ਕੁਰਸੀ ਉਤੇ ਹੀ ਨੀਂਦ ਦੀ ਗੋਦੀ ਵਿਚ ਜਾ ਬੈਠੇ। ਮੈਂ ਵੀ ਕੁਛ ਸਮੇਂ ਪਿਛੋਂ ਠਾਕਰ ਜੀ ਦੇ ਪ੍ਰਭਾਵ ਉਤੇ ਆ ਗਿਆ। ਪਤਾ ਨਹੀਂ ਕਿੰਨਾ ਕੁ ਚਿਰ ਅੱਖ ਲਗੀ ਹੋਵੇ ਕਿ ਮੈਨੂੰ ਸਤਿਗੁਰੂ ਜੀ ਦੀ ਕਿਸੇ ਨਾਲ ਬਚਨ ਕਰਦਿਆਂ ਆਵਾਜ਼ ਸੁਣਾਈ ਦਿਤੀ। ਉਠ ਕੇ ਡਿੱਠਾ ਸਤਿਗੁਰੂ ਜੀ ਮੇਰੇ ਪੈਰਾਂ ਵਲ ਖਲੋਤੇ ਗਿ: ਜਸਵੰਤ ਸਿੰਘ ਨਾਲ ਬਚਨ ਕਰ ਰਹੇ ਸਨ। ਸ਼ਰਮਿੰਦਗੀ ਮਹਿਸੂਸਦਿਆਂ ਮੈਂ ਸੁਚੇਤ ਹੋ ਕੇ ਬੈਠ ਗਿਆ।

ਮੈਂ ਆਪ ਜੀ ਤੋਂ ੧੦ ਮਿੰਟ ਵਕਤ ਲਿਆ ਅਤੇ ਆਪ ਜੀ ਨਾਲ ਸਬੰਧਤ ੧੩.੧੧.੧੯੭੭ ਦੀ ਇਕ ਲਿਖਤ ਦੀ ਸੁਧਾਈ ਕਰਵਾਈ। ਸਤਿਗੁਰੂ ਜੀ ਦੂਸਰੇ ਕਮਰੇ ਵਿਚ ਪਹੁੰਚੇ ਤਾਂ ਸਮਾ ੨.੫੫ ਦਾ ਸੀ।

੩.੧੫ ਬਾਅਦ ਦੁਪਹਿਰ ਸ੍ਰ: ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਅਤੇ ਸ੍ਰ: ਮਹਿੰਦਰ ਸਿੰਘ ਥਾਈਲੈਂਡ ਨੂੰ ਸਤਿਗੁਰੂ ਜੀ ਦੇ ਆਰਾਮ ਕਮਰੇ ਵਿਚ ਬੁਲਾਇਆ ਗਿਆ। ਸ੍ਰ: ਹੰਸਪਾਲ ਪਹਿਲਾਂ ਤੋਂ ਹੀ ਅੰਦਰ ਮੌਜੂਦ ਸੀ। ਜਾਪਦਾ ਹੈ ਸ਼ਾਪਿੰਗ ਸੈਂਟਰ ਬਾਰੇ ਸੇਠ ਕਿਰਪਾਲ ਸਿੰਘ ਹੁਰਾਂ ਨਾਲ ਸਬੰਧਤ ਗਲ-ਬਾਤ ਹੋਈ ਹੋਵੇਗੀ।

੩.੪੫ ਹੋਏ ਤਾਂ ਬੈਠਣ ਕਮਰੇ ਵਿਚ ਕੁਛ ਇਸਤਰੀਆਂ ਪੁਰਸ਼ ਆ ਗਏ। ਸਤਿਗੁਰੂ ਜੀ ਜਿਉਂ ਹੀ, ਕੁਰਤਾ ਪਹਿਨ, ਖੁਲ੍ਹੇ ਕੇਸਾਂ ਤੇ ਦਸਤਾਰ ਦਾ ਪੱਲਾ ਲੈ ਕੇ ਬਾਹਰ ਆਏ, ਉਡੀਕਦੇ ਇਸਤਰੀ ਪੁਰਸ਼ਾਂ ਨੇ ਚਰਨੀਂ ਸਿਰ ਧਰ ਧਰ ਨਮਸ-ਕਾਰਾਂ ਕੀਤੀਆਂ। ਬੀਬੀ ਤੇਜਿੰਦਰ ਕੌਰ ਸੁਪੱਤਨੀ ਸ੍ਰ: ਹਰਭਜਨ ਸਿੰਘ ਕੋਮਲ ਆਪਣੇ ਲੜਕੇ ਰਾਜਿੰਦਰ ਸਿੰਘ (੧੮) ਨਾਲ ਥਾਈਲੈਂਡ ਤੋਂ ਦਰਸ਼ਨਾਂ ਹਿਤ ਪਹੁੰਚੀ ਹੋਈ ਸੀ। ਸਤਿਗੁਰੂ ਜੀ ਨੇ ਪਰਵਾਰਕ ਸੁਖਸਾਂਦ ਪੁਛੀ। ਬੀਬੀ ਨੇ ਬੇਨਤੀ ਕੀਤੀ : ਇਕ ਬੱਚੇ ਦਾ ਅਨੰਦ ਕਾਰਜ ਕਰਨਾ ਹੈ, ਜੇ ਆਪ ਜੀ ਥਾਈਲੈਂਡ ਆਓ ਤਾਂ। ਸਤਿਗੁਰੂ ਜੀ ਨੇ ਆਪਣੇ ਜਾਣ ਦਾ ਪਰੋਗਰਾਮ 'ਅਜੇ ਅਨਿਸਚਿਤ' ਦਸਿਆ।



Sri Satguru Jagjit Singh Ji Elibrary NamdhariElibrary@gmail.com



ਯਾਦਾਂ ਦੇ ਪਰਛਾਵੇਂ :—ਸੰਨ ੧੯੭੨ ਨੂੰ ਜਲੰਧਰ ਵਿਚ ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਾਰੋਹ ਸਮੇਂ ਦੀ ਇਕ ਝਲਕ । ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸਨ ਕੋਲ ਬੈਠੇ ਹਨ ਸੂਬਾ ਮੇਲਾ ਸਿੰਘ, ਸਵਰਗੀ ਡਾ: ਸ਼ਮਸ਼ੇਰ ਸਿੰਘ ਰਾਜਾ ਹਸਪਤਾਲ । ਸਾਹਮਣੇ ਖੜੇ ਹਨ ਜਲੰਧਰ ਦੇ ਪ੍ਰਸਿੱਧ ਨਾਮਧਾਰੀ ਸਨਅਤਕਾਰ ਸਵਰਗੀ ਸ: ਅਮਰ ਸਿੰਘ ਜੀ ਸੰਤ ਇੰਜੀਨੀਅਰਿੰਗ ਵਰਕਸ

ਬਹੁਤ ਸਾਰੀਆਂ ਹੋਰ ਇਸਤਰੀਆਂ ਵੀ ਮਥਾ ਟੇਕਣ ਆਈਆਂ ਜਿੰਨ੍ਹਾਂ ਵਿਚ ਵਿਸ਼ੇਸ ਬੀਬੀ ਸ਼ਕੁੰਤਲਾ ਭੂਟਾਨੀ ਸੀ ।

**ਪੀਜੋ**

ਸਤਿਗੁਰਾਂ ਵਾਸਤੇ ਇੰਗਲੈਂਡ ਦੇ ਸਿੰਘਾਂ ਵਲੋਂ ਆਈ ਗਡੀ 'ਪੀਜੋ' ਨੂੰ ਪੀ. ਯੂ. ਆਈ. ੧੨ ਨਾਂ ਦੀ ਨੰਬਰ ਪਲੇਟ ਮਿਲੀ ਹੈ । ਇਹ ਗਡੀ ਸੰਤ ਰਘੁਬੀਰ ਸਿੰਘ ਡਰਾਈਵਰ ਦੇ ਹਵਾਲੇ ਕੀਤੀ ਗਈ ਹੈ । ਏਸੇ ਉਤੇ ਆਪ ੪.੩੦ ਵਜੇ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ, ਪੂਰਬਾ, ਬਲਦੇਵ ਸਿੰਘ ਗੁਰਮੁਖ ਸਿੰਘ ਡਰਾਈਵਰ ਤੇ ਕਵੀ ਨੂੰ ਤਾਬਿਆ ਵਿਚ ਲੈਕੇ ਚਲੇ । ਹਾਲ ਵਿਚ ਪੰਜ ਸੱਤ ਸਰੀਰ ਹੀ ਬੈਠੇ ਸਨ ਕਿ ਪੂਰਬਾ ਨੇ ਜਾਂਦਿਆਂ ਹੀ ਨਾਮ ਸਿਮਰਨ ਦੀ ਅਰਦਾਸ ਕਰ ਦਿਤੀ । ਝੱਟਾਂ-ਪਲਾਂ ਵਿਚ ਹੀ ਸੰਗਤ ਜੁੜਨੀ ਸ਼ੁਰੂ ਹੋ ਗਈ । ਹਾਲ ਭਰਪੂਰ ਹੋ ਗਿਆ । ੬ ਵਜੇ ਸਮਾਪਤੀ ਦੀ ਅਰਦਾਸ ਕਰ ਦਿਤੀ ।

**ਸੰਤ ਮੇਹਰ ਸਿੰਘ ਦੀ ਅਰਜੋਈ**

ਤਦ ਇਕ ਮੇਹਰ ਸਿੰਘ ਨਾਮ ਦਾ ਬਿਰਧ ਸੱਜਣ ਉਠਿਆ ਤੇ ਹਜ਼ੂਰੀ ਵਿਚ ਆਕੇ ਉਸਨੇ ਅਰਜ਼ ਕੀਤੀ : ਮੇਰੀ ਸਿਹਤ ਬਹੁਤ ਕਮਜ਼ੋਰ ਹੋ ਗਈ ਹੈ । ਗੁਰਦਿਆਂ ਅਤੇ ਗੁਦਾ ਵਿਚ ਦਰਦ ਏਨੀ ਪਰੇਸ਼ਾਨਕੁਨ ਹੈ ਕਿ ਮੈਂ ਬੇਹਾਲ ਹੋ ਗਿਆ ਹਾਂ । ਪਿਛੇ ਜਦੋਂ ਆਪ ਜੀ ਨੂੰ ਬੇਨਤੀ ਕੀਤੀ ਸੀ ਤਾਂ ਹੁਕਮ ਹੋਇਆ ਸੀ, ਦਿਲੀ ਚਲੋ ਮੈਂ ਆ ਗਿਆ ਹਾਂ । ਇਕ ਮੁਸਲਮਾਨ ਹਕੀਮ ਦਾ ਇਲਾਜ ਚਲ ਰਿਹਾ ਹੈ । ਉਸ ਨਾਲ ਏਨਾ ਲਾਭ ਤਾਂ ਹੋ ਗਿਆ ਹੈ ਕਿ ਮੈਂ ਮਾੜਾ ਜਿਹਾ ਬੈਠਣ ਉਠਣ ਦੇ ਯੋਗ ਹੋ ਗਿਆ ਹਾਂ । ਪਰ ਘੰਟੇ ਘੰਟੇ ਬਾਅਦ ਜੰਗਲ ਜਾਣਾ ਪੈਂਦਾ ਹੈ । ਕਿਰਪਾ ਕਰੋ । ਮੇਰੇ ਰੋਗ ਆਪ ਹੀ ਕਟੋ । ਉਪਰੇਸ਼ਨ ਆਦਿ ਦੇ ਚੱਕਰ ਵਿਚ ਮੈਂ ਨਹੀਂ ਪੈਣਾ ।—

ਸਤਿਗੁਰੂ ਜੀ ਨੇ ਸੰਤ ਮੇਹਰ ਸਿੰਘ ਬਾਰੇ ਮੈਨੂੰ ਦਸਿਆ ਕਿ ਇਹ ਆਪਣੀ ਪੜ੍ਹਾਈ ਸਮੇਂ ਭੈਣੀ ਸਾਹਿਬ ਰਿਹਾ ਕਰਦਾ ਸੀ । ਸੰਤ ਮਹਿੰਦਰ ਸਿੰਘ ਪੂਰਬਾ ਨੂੰ ਹੁਕਮ ਹੋਇਆ : ਸਵੇਰੇ ਇਸਦੀ ਦੇਹ ਅਰੋਗਤਾ ਬਾਰੇ ਆਸਾ ਦੀ ਵਾਰ ਵਿਚ ਅਰਦਾਸ ਕਰਨੀ ।

**ਵਲਾਇਤ ਖਾਂ ਵਲਾਇਤ ਨੂੰ**

ਸ਼ਾਮ ਦੇ ਦੀਵਾਨ ਦੇ ਉਪਰੰਤ ਕੋਠੀ ਗਿਆਂ ਪਤਾ ਲਗਾ ਕਿ ਅੱਜ ਉਸਤਾਦ ਵਲਾਇਤ ਖਾਂ ਸਾਹਿਬ ਅਤੇ ਸਾਡਾ ਅਵਤਾਰ ਸਿੰਘ ਅਮ੍ਰਿਤਸਰੀ ਤਬਲਾਵਾਦਕ ਦੇ ਤੌਰ ਆਮਰੀਕਾ



Sri Satguru Jagjit Singh Ji Elibrary NamdhariElibrary@gmail.com

ਵਾਸਤੇ ਰਾਤ ਜਹਾਜ਼ ਚੜ੍ਹਨ ਵਾਲੇ ਹਨ। ਬੀਬਾ ਜੀ ਵੀ ਅਰਜ਼ ਕਰਕੇ ਇਹਨਾਂ ਦੇ ਪਰਵਾਰ ਨੂੰ ਮਿਲਣ ਜਾ ਰਹੇ ਹਨ, ਉਨਾਂ ਸਗੋਂ ਸਤਿਗੁਰੂ ਜੀ ਨੂੰ ਵੀ ਵਿਦੇਸ਼ ਜਾਣ ਤੋਂ ਪਹਿਲਾਂ ਉਹਨਾਂ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ ਹੈ।

## ਬੀਬੀ ਸਤਵੰਤ ਕੌਰ ਜੀ ਕੋਲ

ਬੀਬਾ ਜੀ ਨੂੰ ਯੋਗ ਉੱਤਰ ਦੇ ਦਿਵਾਕੇ ਸ੍ਰੀ ਸਤਿਗੁਰੂ ਜੀ ਮਹਾਰਾਜਾ ਨਿਹਾਲ ਸਿੰਘ ਜੀ ਦੀ ਅਰਧਾਂਗਣੀ ਬੀਬੀ ਸਤਵੰਤ ਕੌਰ ਜੀ ਨੂੰ ਦਰਸ਼ਨ ਦੇਣ ਲਈ ਤੁਰੇ। ਨਾਲ ਸਨ: ਪੂਰਬਾ, ਹਰਭਜਨ ਸਿੰਘ ਸਿਤਾਰ, ਗੁਰਦੇਵ ਸਿੰਘ ਸਰੋਦ ਤੇ ਪ੍ਰੀਤਮ ਸਿੰਘ ਕਵੀ। ਗੁਰਮੁਖ ਸਿੰਘ ਡਰਾਈਵਰ ਭੀ ਸੇਵਾ ਵਿਚ ਸੀ ਜਦੋਂ ਕਿ ਸ੍ਰ. ਹੰਸਪਾਲ ਏਸੇ ਆਪਣੀ ਗੱਡੀ ਬੈਨਜ਼ ਨੂੰ ਚਲਾ ਰਿਹਾ ਸੀ।

ਕੁਤਬ ਰੋਡ ਤੇ, ਈਸਾਈਆਂ ਦੀਆਂ ਕਬਰਾਂ ਲਾਗੇ, ਵਲਭ ਵਿਸ਼ੇਸ਼ਰ ਸਿੰਘ ਜੀ ਦੇ ਘਰ ਦੀਆਂ ਪੌੜੀਆਂ ਚੜ੍ਹਕੇ ਉਪੱਰਲੀ ਛੱਤ ਉਤੇ ਕੁੰਡਾ ਜਾ ਖੜਕਾਇਆ ਹਜ਼ੂਰ ਨੇ। ਸਤਿਗੁਰੂ ਜੀ ਇਸ ਗੱਲ ਦੀ ਬਹੁਤੀ ਪਰਵਾਹ ਨਹੀਂ ਕਰਦੇ ਕਿ ਕੁੰਡਾ ਕਿਸੇ ਸੇਵਕ ਨੂੰ ਖੜਕਾਣਾ ਚਾਹੀਦਾ ਸੀ ਜਾਂ ਉਹ ਆਪ ਖੜਕਾਂਦੇ। ਦਰ ਨਾ ਖੁਲ੍ਹਾ ਕੁੰਡਾ ਫਿਰ ਖੜਕਾਇਆ। ਬੇਬੇ ਸਤਵੰਤ ਕੌਰ ਜੀ ਨੇ ਆਕੇ, ਕੌਣ ਹੈ, ਪੁਛਕੇ, ਦਰ ਖੋਲ੍ਹਿਆ। ਸ੍ਰੀ ਸਤਿਗੁਰੂ ਜੀ ਬਜ਼ੁਰਗ ਚਾਚੀ ਦੇ ਚਰਨਾਂ ਵਲ ਝੁਕੇ। ਬੇਬੇ ਜੀ ਨੇ ਵੀ ਓਨਾ ਕੁ ਝੁਕ ਕੇ ਨਮਸਕਾਰ ਕੀਤੀ। ਅੰਦਰ ਜਾਕੇ ਬੈਠਦਿਆਂ ਹੀ ਅਰਜ਼ ਕੀਤੀ: ਸਰੀਰ ਬੜਾ ਕਮਜ਼ੋਰ ਹੋ ਗਿਆ ਹੈ। ਪਿਛਲੇ ਦਿਨੀਂ ਡਾਕਟਰ ਨੇ ਟੀਕੇ ਗ਼ਲਤ ਲਗਾ ਦਿਤੇ। ਉਹਨਾਂ ਮੇਰੀ ਸੱਤਿਆ ਹੀ ਖਿੱਚ ਲਈ ਹੈ।

ਬੀਬੀ ਜਸਬੀਰ ਕੌਰ, ਬੇਬੇ ਜੀ ਦੀ ਨੂੰਹ ਨੇ ਗੁਰੂ ਚਰਨਾਂ ਤੇ ਸਿਰ ਧਰਕੇ ਮੱਥਾ ਮੱਥਾ ਟੇਕਿਆ ਸਤਿਗੁਰੂ ਜੀ ਨੇ ਅਪਾਰ ਖੁਸ਼ੀ ਨਾਲ ਉਸਨੂੰ ਨਿਹਾਰਿਆ।

## ਕਟੂਏ ਨਹੀਂ ਲੜਦੇ

ਬੇਬੇ ਜੀ ਨੇ ਭੈਣੀ ਸਾਹਿਬ ਵਿਚ ਵਧੇ ਹੋਏ ਮੱਛਰ ਦੀ ਕਹਾਣੀ ਸੁਣਾਈ। ਇਹ ਵੀ ਦੱਸਿਆ ਕਿ ਜਦੋਂ ਵੱਡੇ ਠਾਕਰਾਂ ਦੇ ਜਨਮ ਸਮੇਂ ਉਹ ਓਥੇ ਗਏ ਸਨ। ਮੱਛਰ ਨੇ ਓਦੋਂ ਬੜਾ ਪਰੇਸ਼ਾਨ ਕੀਤਾ ਸੀ। ਸਤਿਗੁਰੂ ਜੀ ਨੇ ਦੱਸਿਆ: ਅਗੇ ਨਾਲੋਂ ਭੈਣੀ ਸਾਹਿਬ ਦੁਆਲੇ ਭਰਪੂਰ ਫਸਲਾਂ ਅਤੇ ਵਧੇਰੇ ਦ੍ਰਖਤ ਹੋ ਜਾਣ ਕਾਰਨ ਮੱਛਰ ਵੀ ਪਲ ਅਤੇ ਵਧ ਗਿਆ ਗਿਆ ਹੈ। ਸਤਿਗੁਰਾਂ ਬੇਬੇ ਜੀ ਨੂੰ ਇਹ ਵੀ ਦੱਸਿਆ ਕਿ ਕਦੇ ਖਟਮਲਾਂ ਦਾ ਵਾਰਾ ਪੈਰਾ ਵੀ ਸੀ ਤੇ ਉਹਨਾਂ ਨੂੰ ਲੜਨੋ ਵਿਚਾਰੇ ਖੁਦ ਹੀ ਮਰ ਜਾਂਦੇ ਰਹੇ ਹਨ। ਫਿਰ ਉਹਨਾਂ ਨੂੰ ਸ਼ਾਇਦ ਸਮਝ ਆ ਗਈ, ਲੜਨਾ ਹੀ ਛਡ ਦਿਤਾ।

ਅਤੇ ਆਪ ਨੇ ਪਹਾੜ ਦੀ, ਸ਼ਾਇਦ ਜੋਗਿੰਦਰ ਨਗਰ ਦੀ ਯਾਦ ਸੁਣਾਈ: ਹੋਰ ਸੰਗਤ ਦੇ ਨਾਲ ਹੀ ਮਾਲੂਵਾਲ ਵਾਲੀ ਬੀਬੀ ਨਿਹਾਲ, ਸਾਡੇ ਪਹਾੜੀ ਨਿਵਾਸ ਸਮੇਂ ਨਾਲ ਸੀ। ਖਟਮਲਾਂ ਤੋਂ ਪ੍ਰੇਸ਼ਾਨ ਹੋਈ ਰਾਤ ਉਠ ਕੇ ਬੈਠੀ ਰਹੀ। ਫਿਰ ਮੈਂ ਆਪਣਾ ਮੰਜਾ ਉਸ ਨੂੰ ਦੇ ਦਿਤਾ। ਜਦੋਂ ਕੁਝ ਸਮਾਂ ਬਾਦ ਫੇਰ ਵੇਖਿਆ ਤਾਂ ਬੀਬੀ ਅਜੇ ਵੀ ਉਠ ਕੇ ਬੈਠੀ ਹੋਈ ਸੀ। ਕਾਰਨ ਪੁਛਣ ਤੇ ਉਸ ਦਸਿਆ ਕਿ ਇਸ ਮੰਜੀ ਵਿਚ ਤਾਂ ਪਹਿਲੀ ਤੋਂ ਵੀ ਕਿਤੇ ਵਧ ਖਟਮਲ ਹਨ। ਸਤਿਗੁਰੂ ਜੀ ਦਾ ਕਥਨ ਸੀ ਕਿਉਂ ਕਿ ਉਹਨਾਂ ਨੂੰ ਖਟਮਲ ਲੜਦੇ ਹੀ ਨਹੀਂ ਸਨ, ਸੋ ਦੂਜਿਆਂ ਨੂੰ ਭਰਮ ਸੀ ਕਿ ਇਸ ਮੰਜੀ ਵਿਚ ਖਟਮਲ ਹੈਣ ਹੀ ਨਹੀਂ। ਸਤਿਗੁਰੂ ਜੀ ਖਟਮਲ ਦੀ ਥਾਂ ਸ਼ਬਦ "ਕਟੂਏ" ਵਰਤਦੇ ਰਹੇ।

## ਮਨੋਂ ਨਾ ਵਿਸਾਰਨਾ

ਪੰਦਰਾਂ ਕੁ ਮਿੰਟ ਦਰਸ਼ਨ ਦੇ ਲੈ ਕੇ ਸਤਿਗੁਰੂ ਜੀ ਜਿਉਂ ਹੀ ਜਾਣ ਲਈ ਉਠੇ, ਬੇਬੇ ਸਤਵੰਤ ਕੌਰ ਜੀ ਨੇ ਹੱਥ ਜੋੜ ਬੇਨਤੀ ਕੀਤੀ: ਮਨੋਂ ਨਾ ਵਿਸਾਰਨਾ ਤੇ ਦਰਸ਼ਨ ਦਿੰਦੇ ਰਹਿਣਾ। ਮੈਥੋਂ ਹੁਣ ਕਿਤੇ ਆਇਆ ਜਾਇਆ ਨਹੀਂ ਜਾਂਦਾ।

ਏਥੋਂ ਉਤਰ ਕੇ ਜਾਣ ਲਗਿਆਂ ਬੇਬੇ ਜੀ ਦੀ ਨੂੰਹ ਹੇਠ ਤਕ ਨਾਲ ਆਈ। ਸਤਿਗੁਰੂ ਜੀ ਨੇ ਉਸ ਦਾ ਸਤਿਕਾਰ ਵੇਖ, ਵਾਪਸੀ ਲਈ ਆਦੇਸ਼ ਕਰਦਿਆਂ ਆਖਿਆ: ਏਸ ਕੁੜੀ ਜਿਹਾ ਕਿਨ ਹੋਣਾ ਹੈ! ਕਿਸੇ ਕਿਸੇ ਥਾਂ ਸਤਿਗੁਰੂ ਨੇ ਏਨੀ ਸ਼ਾਂਤਗੀ, ਸਹਿਨਸ਼ਕਤੀ ਅਤੇ ਸੇਵਾ ਬਖਸ਼ੀ ਹੁੰਦੀ ਹੈ ਕਿ ਵੇਖ ਕੇ ਸਿਰ ਝੁਕ ਜਾਂਦਾ ਹੈ। ਸ਼ਾਹੀ ਘਰੋਂ ਆਈ ਲੜਕੀ, ਮੇਰੀ ਆਗਿਆ ਨਾਲ ਸਾਧਾਰਨ ਜੀਵਨ ਜ਼ਿਉਂਦੀ ਵੀ ਬੇ-ਸ਼ਿਕਾਇਤ ਹੈ।

## ਹਰਭਜਨ ਸਿੰਘ ਦੂਆ ਕੇ ਘਰ

ਥੋੜ੍ਹਾ ਕੁ ਸਫਰ ਕਰ ਕੇ ਅਸੀਂ ਸ੍ਰ: ਹਰਭਜਨ ਸਿੰਘ ਦੂਆ ਕੇ ਘਰ ਆਏ। ਇਹਨਾਂ ਦੀ ਮਾਤਾ ਗੁਜ਼ਰ ਗਈ ਹੈ। ਸਤਿਗੁਰੂ ਜੀ ਨੇ ਦਸਿਆ ਕਿ ਮਾਤਾ ਸਾਧ ਸੰਗਤ ਦੇ ਪ੍ਰੇਮ, ਭਜਨ ਬੰਦਗੀ ਅਤੇ ਅਮ੍ਰਿਤਵੇਲੇ ਦੇ ਇਸ਼ਨਾਨ ਆਦਿ ਦੇ ਨੇਮ ਵਾਲੀ ਸੀ। ਅਖੀਰ ਦਮ ਤਕ ਉਹ ਸਤਿਗੁਰੂ ਦੇ ਸਨੇਹ ਵਿਚ ਰੰਗੀ ਰਹੀ। ਅਜਿਹੇ, ਸਿਖਾਂ ਦੀ ਤਾਂ ਬੇਨਤੀ ਉਡੀਕਣ ਤੇ ਵੀ ਜੀ ਨਹੀਂ ਕਰਦਾ, ਜਾ ਕੇ ਮਿਲਿਆਂ ਸੁਖ



Sri Satguru Jagjit Singh Ji Elibrary NamdhariElibrary@gmail.com

ਉਪੱਜਦਾ ਹੈ।

ਸਾਡੀ ਪਹੁੰਚ ਸਮੇਂ, ਦੂਆ ਪਰਵਾਰ ਦੇ ਘਰ ਵਿਚ ੫-੭ ਮਨੁਖ, ੧੦-੧੨ ਇਸਤਰੀਆਂ, ਸਤਿਗੁਰੂ ਜੀ ਤੇ ਨਾਲ ਆਇਆਂ ਲਈ ਬਸਤਰ ਵਿਛਾ ਕੇ ਉਡੀਕ ਪਏ ਕਰਦੇ ਸਨ। ਸਤਿਗੁਰੂ ਜੀ ਇਕ ਸਫੈਦ ਕਪੜਾ ਵਿਛੇ ਸੋਫੇ ਤੇ ਸਸ਼ੋਭਤ ਹੋਏ। ਸੱਚੇ ਪਾਤਸ਼ਾਹ ਜੀ ਨੇ ਦੂਆ ਪੁਤਰਾਂ ਤੇ ਭਰਾਵਾਂ ਨੂੰ ਸਮਝਾਇਆ : ਆਪਣੀ ਮਾਤਾ ਦਾ ਪ੍ਰੇਮ ਯਾਦ ਰਖਿਆ ਕਰਨ। ਸਾਧ ਸੰਗਤ ਵਿਚ ਆਉਣ-ਜਾਣ ਨਾ ਭੁਲਣਾ।

ਇਸ ਨੀਲੇ ਕਪੜਿਆਂ ਵਾਲੇ ਨੌਜਵਾਨ ਨੂੰ ਬਚਨ ਕੀਤਾ : ਅਵਤਾਰ, ਤੈਨੂੰ ਇਹ ਰੰਗ ਨਹੀਂ ਪਹਿਨਣਾ ਚਾਹੀਦਾ। ਜੇ ਪਹਿਨਣੇ ਹੀ ਹੋਣ ਤਾਂ ਹੋਰ ਰੰਗ ਬੜੇ ਹਨ। ਨੀਲਾ ਕਾਲਾ ਪਹਿਨਣਾ ਸਤਿਗੁਰਾਂ ਦਾ ਹੁਕਮ ਨਹੀਂ। ਅਵਲ ਤਾਂ ਪਾਓ ਹੀ ਸਫੈਦ ਜਾਂ ਹਲਕੇ ਰੰਗਾਂ ਦੇ ਵਸਤਰ।

੧੦ ਕੁ ਮਿੰਟ ਏਥੇ ਠਹਿਰ ਪਾਲਮ ਏਅਰ ਪੋਰਟ ਵਲ ਚਲੇ। ਸਤਿਗੁਰਾਂ ਆਪਣੇ ਡਰਾਈਵਰ ਗੁਰਮੁਖ ਸਿੰਘ ਨੂੰ ਆਗਿਆ ਕੀਤੀ ਕਿ ਉਹ ਗੱਡੀ ਚਲਾਏ। ਉਸ ਨੇ 'ਬੈਂਨਜ਼' ਚਲਾਈ ਹੋਈ ਹੈ। ਆਪ ਸ੍ਰ: ਹਰਵਿੰਦਰ ਸਿੰਘ ਹੰਸਪਾਲ ਨਾਲ ਨਵਿਸਰੇ ਹੋ ਕੇ ਵਿਹਾਰਕ ਤੇ ਸਮਾਜਕ ਬਚਨ ਕਰਨ ਲਗ ਪਏ। ਅਸਾਂ ਆਪਣੀਆਂ ਗੱਲਾਂ ਝੋਕ ਲਈਆਂ ਤਾਂਕਿ ਸਾਨੂੰ ਸਤਿਗੁਰੂ ਜੀ ਦੀ ਹੰਸਪਾਲ ਨਾਲ ਵਾਰਤਾ ਕੰਨੀ ਨਾ ਪਏ।

## ਪਾਲਮ ਹਵਾਈ ਅੱਡੇ ਤੇ

੮ ਵਜੇ ਰਾਤੀਂ ਏਅਰ ਪੋਰਟ ਤੇ ਪੁਜੇ। ਅਗੇ ਅਵਤਾਰ ਸਿੰਘ ਹੁਰੀਂ ਹੈ ਨਹੀਂ ਸਨ। ਉਹਨਾਂ ਦਾ ਪਤਾ ਹੰਸਪਾਲ ਨੂੰ ਕਰਨ ਭੇਜਿਆ ਗਿਆ। ਹੰਸਪਾਲ ਨੇ ਸਭ ਸਬੰਧਤ ਥਾਵਾਂ ਤੇ ਫੋਨ ਕਰ ਕੇ ਮਾਲੂਮ ਕਰ ਲਿਆ : ਉਹ ਏਥੋਂ ਚਲ ਚੁਕੇ ਹਨ।

ਇਸ ਵਿਹਲ ਨੂੰ ਸਤਿਗੁਰਾਂ ਪਾਰਕਿੰਗ ਵਾਲੀ ਥਾਂ ਤੇ ਗੱਡੀ ਖੜ੍ਹਵਾ ਕੇ ਗੁਰਮੁਖ ਸਿੰਘ ਚਾਲਕ ਅਤੇ ਫਿਰ ਸਾਡੇ ਨਾਲ ਸਾਂਝਾ ਕੀਤਾ।ਏਥੇ ਹੀ ਗੁਰਦੇਵ ਸਿੰਘਸਰੋਦ ਨੇਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਬੰਬਈ ਵਾਲੀ ਸੰਗਤ ਵਾਸਤੇ ਮਾਇਆ ਹੋਰ ਭੇਜਣਾ ਬਣਦੀ ਹੈ, ਉਹਨਾਂ ਟਿਕਟਾਂ ਆਦਿ ਅਤੇ ਹਾਲ ਦੇ ਬਕਾਇਆ ਕਰਾਏ ਵਾਸਤੇ ਅਰਜ਼ ਕੀਤੀ ਸੀ।

ਸਤਿਗੁਰੂ ਜੀ ਬਚਨ ਕੀਤਾ : ਮੈਨੂੰ ਤੁਰਨ ਤਕ ਨਾ ਬੰਬਈ ਵਾਲਿਆਂ ਸਾਰਾ ਹਿਸਾਬ ਕਿਤਾਬ ਦਸਿਆ ਹੈ ਅਤੇ ਨਾ ਹੀ ਮਹਾਰਾਜ ਜੀ ਨੇ ਜਾਣਕਾਰੀ ਦਿਤੀ ਹੈ। ਮੈਂ ਉਂਜ ਇਸ ਉਡੀਕ ਵਿਚ ਰਿਹਾ ਹਾਂ। ਸਾਡੀਆਂ ਟਿਕਟਾਂ ਤਾਂ ਠਾਕਰ (ਸ਼ਮਸ਼ੇਰ ਸਿੰਘ) ਜੀ ਨੇ ਆਪਣੇ ਮਿੱਤਰ ਤੋਂ ਰਕਮ ਲੈ ਕੇ ਖਰੀਦੀਆਂ ਅਤੇ ਹਰਭਜਨ ਸਿੰਘ (ਲਖਨਊ) ਨੇ ਦੂਜੀ ਟੀਮ ਦੀਆਂ ਲੈ ਦਿਤੀਆਂ ਜੁ ਹਵਾਈ ਸਫਰ ਕਰ ਕੇ ਆਈ। ਹਰਭਜਨ ਸਿੰਘ ਤਾਂ ਲਵੇਗਾ ਨਹੀਂ। ਦੂਜੀ ਰਕਮ ਅਸਾਂ ਅਦਾ ਕਰ ਦੇਣੀ ਹੈ।

ਇਹ ਸੁਣ ਕੇ, ਗੁਰਦੇਵ ਸਿੰਘ ਨੇ ਆਪਣੀ ਸਰੋਦ ਬਾਰੇ ਸੂਚਨਾ ਦਿਤੀ ਕਿ ਅਜੇ ਤਕ ਉਹ ਮਿਲੀ ਨਹੀਂ, ਨਵੀਂ ਬਣਵਾਣੀ ਪਏਗੀ। ਸਤਿਗੁਰੂ ਜੀ ਤੁਰਤ ਬੋਲੇ : ਕਿੰਨੇ ਰੁਪਏ ਚਾਹੀਦੇ ਹਨ ? ਉਸ ਦਸਿਆ ਕਿ ਕਲਕੱਤੇ ਤੋਂ ਬਣਵਾਕੇ ਲਿਆਉਣੀ ਪਵੇਗੀ। ਸੱਚੇ ਪਾਤਸ਼ਾਹ ਜੀ ਨੇ ਇਸ ਰਕਮ ਦੀ ਮਨਜ਼ੂਰੀ ਗੁਰੂ ਘਰੋਂ ਖਰਚ ਕਰਨ ਲਈ ਦੇ ਦਿਤੀ।

ਸਤਿਗੁਰੂ ਜੀ ਨੇ ਸ੍ਰ: ਮਹਿੰਦਰ ਸਿੰਘ ਨੂੰ ਮੰਡੀ ਵਿਚ ਸੰਗੀਤ ਸਿਖਿਆ ਚਾਲੂ ਕਰਵਾਣ ਬਾਰੇ ਵੀ ਦਸਿਆ। ਏਥੇ ਖਲਿਆਂ ਹੀ ਗੁਰਦੇਵ ਸਿੰਘ-ਹਰਭਜਨ ਸਿੰਘ ਜ਼ਿੰਮੇ ਲਗਾ ਕਿ ਉਹ ਇਕ ਮੰਡੀ (ਹਿਮਾਚਲ) ਵਾਸਤੇ ਤਬਲਾ-ਵਾਦਨ ਦਾ ਪ੍ਰਬੰਧ ਕਰਨ।

ਥੋੜ੍ਹਾ ਕੁ ਸਮਾਂ ਐਸਾ ਵੀ ਆਇਆ ਜਦੋਂ ਵਿਨੋਦੀ ਕਵਿਤਾਵਾਂ ਦਾ ਚੱਕਰ ਤਲਿਆ। ਸ੍ਰ: ਚਰਨ ਸਿੰਘ ਸ਼ਹੀਦ 'ਸੁਥਰੇ' ਦੀਆਂ ਤਿੰਨ ਨਜ਼ਮਾਂ ਮੈਂ ਵੀ ਸੁਣਾਕੇ ਵਾਹਵਾ ਖੱਟੀ।

## ਉਸਤਾਦ ਵਲਾਇਤ ਖਾਂ ਨੂੰ ਮਾਣ

੧੦ ਵਜੇ ਦੇ ਕਰੀਬ ਟਿਕਟਾਂ ਲੈ ਕੇ ਅਸੀਂ ਏਅਰ ਪੋਰਟ ਵਿਚ ਦਾਖਲ ਹੋਏ। ਸ੍ਰ: ਅਵਤਾਰ ਸਿੰਘ ਅਮ੍ਰਿਤਸਰੀ, ਖਾਂ ਸਾਹਿਬ ਵਲਾਇਤ ਖਾਂ ਦੇ ਲੜਕੇ ਸ੍ਰੀ ਸੁਜਾਤ ਨੂੰ ਨਾਲ ਲੈ ਕੇ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ। (ਅਵਤਾਰ ਸਿੰਘ, ਗੁਰੂ ਕੇ ਹੁਕਮ ਨੂੰ ਪ੍ਰਵਾਨਦਾ ਉਸਤਾਦ ਵਲਾਇਤ ਖਾਂ ਅਤੇ ਉਹਨਾਂ ਦੇ ਪ੍ਰਵਾਰ ਨਾਲ ਅਮਰੀਕਾ ਜਾ ਰਿਹਾ ਹੈ।) ਦੋਹਾਂ ਨੇ ਗੁਰੂ ਚਰਨਾਂ ਤੇ ਝੁਕ ਕੇ ਆਸ਼ੀਰਵਾਦ ਪ੍ਰਾਪਤ ਕੀਤਾ।

ਖਾਂ ਸਾਹਿਬ ਦੀ ਉਡੀਕ ਕਰਦਿਆਂ ਰਾਤ ਦੇ ੧੧ ਏਥੇ ਹੀ ਵਜ ਗਏ। ਸਤਿਗੁਰੂ ਜੀ ਏਨਾ ਸਮਾਂ ਖਲੇ ਖਲੋਤੇ ਹੀ ਬਚਨ ਕਰਦੇ ਰਹੇ। ਛੇਤੀ ਹੀ ਖਾਂ ਸਾਹਿਬ ਆ ਗਏ। ਪਰਵਾਰ ਸਮੇਤ ਨਮਸਕਾਰ ਕਰਦਿਆਂ ਸਤਿਗੁਰੂ ਜੀ ਪ੍ਰਤੀ



Sri Satguru Jagjit Singh Ji Elibrary NamdhariElibrary@gmail.com

ਕ੍ਰਿਤਗਤਾ ਪਰਗਟ ਕੀਤੀ : ਆਪ ਨੇ ਬਹੁਤ ਮਿਹਰਬਾਨੀ ਕੀਤੀ। ਸਾਨੂੰ ਵਿਦੇਸ਼ ਜਾਣ ਲਗਿਆਂ ਆਸ਼ੀਰਵਾਦ ਦਿਤੀ ਹੈ। ਮਿਹਰਬਾਨੀ ਕਰਕੇ ਨਦਰਿ ਕਰਮ ਕਰਦੇ ਰਹਿਣਾ। ਸਫਰ ਸੁਖਾਵਾਂ ਅਤੇ ਪ੍ਰੋਗਰਾਮ ਅੱਛੇ ਹੋਣ।

ਖਾਂ ਸਾਹਿਬ ਨੇ ਨੀਲਾ ਕੋਟ ਪੈਂਟ ਪਾਇਆ ਹੋਇਆ ਸੀ ਤੇ ਸਮਾਰਟ ਲਗਦੇ ਸਨ। ਆਪ ਬਹੁਤ ਨਫੀਸ ਉਰਦੂ ਬੋਲਦੇ ਹਨ।

ਸਤਿਗੁਰੂ ਜੀ : ਹੁਣ ਆਪ ਜਾਓ। ਜਹਾਜ਼ ਚੱਲਣ ਨੂੰ ਹੈ।

ਸੁਜਾਤ : ਅੱਬਾ ਜੀ ਨੂੰ ਕਹੋ, ਜ਼ਰਾ ਛੇਤੀ ਕਰਿਆ ਕਰਨ। ਇਹ ਬਹੁਤ ਸਹਿਜ ਨਾਲ ਹੀ ਤਿਆਰ ਹੁੰਦੇ ਹਨ। ਖਾਂ ਸਾਹਿਬ ਦੀਆਂ ਦੋ ਪਤਨੀਆਂ ਹਨ। ਦਿੱਲੀ ਵਿਚ ਰਹਿਣ ਵਾਲੀ ਵੱਡੀ ਨੇ ਆਖਿਆ : ਸਤਿਗੁਰੂ ਜੀ, ਮੈਨੂੰ ਕੋਈ ਦੱਸਦਾ ਨਹੀਂ, ਆਪ ਦੇ ਆਉਣ ਬਾਰੇ।

ਸਤਿਗੁਰੂ ਜੀ ਨੇ ਸੇਠ ਸਪੁਤਰ ਸ਼ੇਰ ਸਿੰਘ ਵਲ ਨਜ਼ਰ ਕਰਕੇ ਬੀਬੀ ਨੂੰ ਦਸਿਆ ਕਿ ਇਹ ਇਤੱਲਾ ਦਿਆਂ ਕਰੇਗਾ।

ਛੋਟੀ ਪਤਨੀ ਬੱਚਾ ਮੋਢੇ ਲਾਈ, ਨਮਸ਼ਕਾਰ ਕਰਕੇ ਲੰਘੀ। ਦੋ ਲੜਕੀਆਂ ਨੇ ਬੀਬਾ ਜੀ ਨਾਲ ਵਿਦਾ ਮਿਲਣ ਕੀਤਾ। ਅਸੀਂ ੧੧.੧੫ ਰਾਤੀਂ ਪਾਲਮੋਂ ਪਰਤੇ।

### ਮਸਲਿਆਂ ਦਾ ਮਸਲਾ

ਕੋਠੀ ਆਉਂਦਿਆਂ ਨੂੰ ਦੂਜਾ ਮਸਲਾ ਤਿਆਰ ਸੀ ਕੁਝ ਸਿੱਖ ਬੇਨਤੀਆਂ ਲੈ ਕੇ ਪਹੁੰਚੇ ਹੋਏ ਸਨ। ਅਸੀਂ ਤਾਂ ਪ੍ਰਸ਼ਾਦ ਪਾਣੀ ਛਕਣ ਲਈ ਵੱਖ ਹੋ ਗਏ। ਸ੍ਰੀ ਸਤਿਗੁਰੂ ਜੀ ਹੰਸਪਾਲ ਨਾਲ ਨਵੇਂ ਉੱਠੇ ਮਸਲੇ ਤੇ ਗੱਲਬਾਤ ਵਾਸਤੇ ਇਕਾਂਤ ਵਿਚ ਹੋ ਗਏ। ਜਾਪਦਾ ਸੀ ਮਸਲਾ ਸ਼ਾਪਿੰਗ ਸੈਂਟਰ ਦਾ ਹੋਵੇਗਾ। ਇਸ ਸਮੇਂ ਸ੍ਰ: ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਸ: ਮੋਹਣ ਸਿੰਘ, ਸ: ਸੁਰਿੰਦਰ ਸਿੰਘ ਡਾਲਟਨ ਗੰਜ ਆਦਿ ਇਕੱਤਰ ਸਨ।

ਸ੍ਰੀ ਸਤਿਗੁਰੂ ਜੀ ਦੇ ਧਿਆਨ ਵਿਚ ਲਿਆਂਦਾ ਗਿ ਕਿ ਸੇਠ ਤ੍ਰਿਲੋਕ ਸਿੰਘ ਤੇ ਸ੍ਰ: ਹੰਸਪਾਲ ਸਰ ਸੋਭਾ ਸਿੰਘ ਨਮਿਤ ਪਾਠ ਦੇ ਭੋਗ ਸਮੇਂ ਨਾਮਧਾਰੀਆਂ ਦੀ ਨੁਮਾਇੰਦਗੀ ਕਰ ਆਏ ਹਨ ਅਤੇ ਉਹ ਸ: ਖੁਸ਼ਵੰਤ ਸਿੰਘ ਨੂੰ ਵਿਸ਼ੇਸ਼ ਕਰਕੇ ਮਿਲੇ ਹਨ। ਸ੍ਰ: ਖੁਸ਼ਵੰਤ ਸਿੰਘ ਨੇ ਸੇਠ ਹੰਸਪਾਲ ਨੂੰ ਦਸਿਆ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸਨੂੰ ਜਪੁਜੀ ਦੀਆਂ ਪਹਿਲੀਆਂ ਪੰਜ ਪਾਉੜੀਆਂ ਸਿਖਾਈਆਂ ਸਨ। ਹੰਸਪਾਲ ਨੇ ਚੇਤਾ ਕਰਵਾਇਆ ਕਿ ਸਤਿਗੁਰੂ ਜੀ ਕਿਹਾ ਕਰਦੇ ਹਨ : ਮਤਲਬ ਨੂੰ ਤਾਂ ਸਾਰੇ ਹੀ ਮਿਲਦੇ ਹਨ, ਬਿਨਾਂ ਮਤਲਬੋਂ ਵੀ ਸਜਣਾਂ-ਮਿੱਤਰਾਂ ਤੇ ਵਿਹਾਰ ਕਾਰ ਵਾਲਿਆਂ ਨੂੰ ਮਿਲਦੇ ਰਹਿਣਾ ਚਾਹੀਦਾ ਹੈ।

੧੨ ਵਜੇ ਅੱਧੀ ਰਾਤੀਂ ਜਾਂ ਘਰਾਂ ਨੂੰ ਪਰਤਣ ਲਗੇ ਤਾਂ ਸ੍ਰ: ਹਰਵਿੰਦਰ ਸਿੰਘ ਨੂੰ ਸਤਿਗੁਰੂ ਜੀ ਨਾਲ ੧੫-੨੦ ਮਿੰਟ ਹੋਰ ਲਗ ਗਏ। ਉਹ ਆਪਣੇ ਆਰਾਮ ਕਮਰੇ ਵਿਚ ਪਹੁੰਚੇ ਹੀ ਸਨ।

### ਸ੍ਰ: ਅਜੀਤ ਸਿੰਘ ਯੂ.ਕੇ.

ਸਭ ਤੋਂ ਅੰਤ, ਸ੍ਰ: ਅਜੀਤ ਸਿੰਘ ਯੂ. ਕੇ. ਵਿਚੋਂ ਆਇਆ ਆਪਣੇ ਭਰਾ ਭੁਪਿੰਦਰ ਸਿੰਘ ਅਤੇ ਪਰਵਾਰ ਨਾਲ ਸਤਿਗੁਰੂ ਜੀ ਦੇ ਚਰਨ ਪਰਸਣ ਆਇਆ। ਉਸ ਦੱਸਿਆ ਕਿ ਉਸਦੇ ਪਿਤਾ ਸ੍ਰ: ਅਮਰ ਸਿੰਘ ਨੂੰ ਸਖ਼ਤ ਹਾਰਟ ਅਟੈਕ ਹੋ ਗਿਆ ਸੀ ਜਿਸ ਕਾਰਨ ਉਸਦੇ ਬਹਿਨੋਈ ਸ੍ਰ: ਕੁਲਦੀਪ ਸਿੰਘ ਸਗੂ ਨੇ ਉਸਨੂੰ ਜਲਦੀ ਹੀ ਭਾਰਤ ਆਉਣ ਲਈ ਤਾਰ ਦਿਤੀ ਸੀ। ਪਰ ਸਤਿਗੁਰਾਂ ਦੀ ਕਿਰਪਾ ਨਾਲ ਹੁਣ ਅਟੈਕ ਤੋਂ ਮੋੜ ਪੈ ਚੁਕਾ ਹੈ। ਅਜੀਤ ਸਿੰਘ ਸਤਿਗੁਰੂ ਜੀ ਦੇ ਆਪਣੇ ਘਰ ਚਰਨ ਪੁਆਣਾ ਚਾਹੁੰਦਾ ਸੀ ਤਾਕਿ ਉਹਦੇ ਪਿਤਾ ਜੀ ਆਪਣੇ ਪ੍ਰੀਤਮ ਦੇ ਦਰਸ਼ਨ ਕਰ ਲੈਣ। ਸਤਿਗੁਰੂ ਜੀ ਨੇ ਸਵੇਰੇ ਆਸਾ ਦੀ ਵਾਰ ਸਮੇਂ, ਸ਼ਮਾਂ ਮੁਕਰਰ ਕਰਨ ਦਾ ਬਚਨ ਕੀਤਾ।

## ੨੫ ਅਪਰੈਲ ੧੯੭੯ ਮੰਗਲਵਾਰ
## ਨਵੀਂ ਦਿੱਲੀ

### ਸੰਗੀਤ ਸਭਾ

ਮੈਂ ਤਾਂ ਅੱਜ ਆਸਾ ਦੀ ਵਾਰ ਵਿਚ ਨਹੀਂ ਪਹੁੰਚ ਸਕਿਆ ਪਰ ਜਦੋਂ ੧੦.੧੫ ਵਜੇ ਦਿਨੇ ਪੂਸਾ ਰੋਡ ਕੋਠੀ ਪਹੁੰਚਾ ਤਾਂ ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਸੰਗੀਤ ਸਭਾ ਜਾਰੀ ਸੀ। ਦੁਆਰ ਬੰਦ ਸਨ। ੯ ਵਜੇ ਤੋਂ ਹੀ ਰਾਜਨ ਸਾਜਨ-ਮਿਸ਼ਰਾ ਬੰਧੂ,ਸੰਗੀਤ ਦੀ ਸਰਿਤਾ ਪਰਵਾਹਿਤ ਕਰਦੇ ਚਲੇ ਆ ਰਹੇ ਸਨ। ਮੈਂ ਗੁਰਮੁਖ ਸਿੰਘ ਹਜ਼ੂਰੀ ਚਾਲਕ ਦੇ ਪਿਛੇ ਪਿਛੇ ਤੁਰਦਾ ਸੰਗੀਤ ਸਭਾ ਵਿਚ ਆ ਹਾਜ਼ਰ ਹੋਇਆ। ਤਬਲਾ ਸੁਖਵਿੰਦਰ ਸਿੰਘ ਪਿੰਕੀ ਦੇ ਹੱਥ ਵਿਚ ਸੀ। ਹਰਭਜਨ ਸਿੰਘ ਸਿਤਾਰ ਹਰਮੋਨੀਅਮ ਦੀਆਂ ਸੁਰਾਂ ਨਾਲ ਨਾਲ ਉਚੀਆਂ ਨੀਵੀਆਂ ਕਰ ਰਿਹਾ ਸੀ। ਸ੍ਰੀ ਸਤਿਗੁਰੂ ਜੀ ਨਾਲ ਹੋਰ ਸਰੋਤੇ ਸਨ : ਗੁਰਦੇਵ ਸਿਘ ਸਰੋਦ, ਸੁਰਿੰਦਰ ਸਿੰਘ ਮਨਚੰਦਾ, ਅਵਤਾਰ ਸਿੰਘ ਰਮੇਸ਼ ਨਗਰ, ਸਚਿੰਦਰ ਸਿੰਘ, ਜਥੇਦਾਰ ਸਵਰਨ ਸਿੰਘ, ਪਾਲਾ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀਵਨ ਨਗਰ ਅਤੇ ਗੁਰਨਾਮ ਸਿੰਘ (ਮਾਤਾ ਜੀ ਦਾ ਭਾਈ)।

### ਦਰਸ਼ਨ ਮੇਲਾ

੧੦.੪੫ ਤਕ ਸੰਗੀਤ ਜਾਰੀ ਰਿਹਾ। ਫੇਰ ਬਾਹਰ ਜੁੜੀ ਸੰਗਤ ਨਮਸਕਾਰਾਂ ਹਿਤ ਆ ਗਈ। ਬਾਬੂ ਕਰਤਾਰ ਸਿੰਘ, ਸੰਤ ਰਤਨ ਸਿੰਘ ਚਿਆਂਗਮਈ (ਥਾਈਲੈਂਡ), ਸ੍ਰ: ਮਹਿੰਦਰ ਸਿੰਘ ਥਾਈਲੈਂਡ, ਸ੍ਰੀ ਗੁਰਦੀਪ ਸਿੰਘ ਨਾਮਧਾਰੀ ਪ੍ਰਿੰ: ਵਰਕਸ, ਪ੍ਰੋ: ਸੁਖਬੀਰ ਗੁਲਾਟੀ। ਹੋਰ ਅਨੇਕਾਂ ਜਿਨ੍ਹਾਂ ਦੇ ਮੈਂ ਨਾਮ ਨਹੀਂ ਜਾਣਦਾ। ਸ੍ਰੀ ਸਤਿਗੁਰੂ ਜੀ ਹਰੇਕ ਨਾਲ ਉਸਦੀ ਲੋੜ ਅਨੁਸਾਰ ਤੁਰ, ਬੋਲ ਅਤੇ ਸੁਣਦੇ ਰਹੇ।

ਆਪ ਜੀ ਸੰਗੀਤ ਵਿਚ ਹੀ ਛਡ ਕੇ, ਮੈਂ ਸ੍ਰੀ ਰਾਜਨ ਸਾਜਨ ਨੂੰ ਛਡਣ ਜਾਣ ਵਾਲੀ ਕਾਰ ਵਿਚ ਜਾ ਬੈਠਾ। ਗੱਡੀ ਬਾਲੀ ਨਗਰ ਜਾਣ ਵਾਲੀ ਸੀ। ਇਹ ਕਲਾਕਾਰ ੨੯.੪.੭੮ ਨੂੰ ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਵਿਚ ਪਹਿਲੇ ਵਿਦੇਸ਼ੀ ਅਤੇ ਸਰਕਾਰੀ ਦੌਰੇ ਤੇ ਜਾ ਰਹੇ ਹਨ।

### ਸੰਤ ਬੂੜ ਸਿੰਘ ਨਮਿਤ ਭੋਗ

ਸਾਡੇ, ੧੨.੧੫ ਵਜੇ ਸੰਤ ਮਹਿੰਦਰ ਸਿੰਘ ਬਾਲੀ ਨਗਰ ਦੇ ਘਰ ਪੁਜਦਿਆਂ ਸ੍ਰੀ ਸਤਿਗੁਰੂ ਜੀ ਪ੍ਰਸ਼ਾਦ ਛਕਣ ਉਪਰੰਤ ਘਰੋਂ ਬਾਹਰ ਆ ਰਹੇ ਸਨ।

੧੧ ਵਜੇ ਤੋਂ ਹੀ ਸੰਤ ਮਹਿੰਦਰ ਸਿੰਘ ਦੇ ਘਰ ਹੱਲੇ ਦਾ ਦੀਵਾਨ ਲਗਾ ਹੋਇਆ ਹੈ। ਅੱਜ ਉਨ੍ਹਾਂ ਦੇ ਪਿਤਾ ਨਮਿਤ ਭੋਗ ਪੈਣਾ ਹੈ। ਸੰਤ ਗੁਰਦੀਪ ਸਿੰਘ ਜਥੇਦਾਰ, ਗਿਆਨੀ ਗੁਰਬਖਸ਼ ਸਿੰਘ ਰਮੇਸ਼ ਨਗਰ ਜਥੇਦਾਰ ਸੇਵਾ ਸਿੰਘ ਅਤੇ ਸੰਤ ਬਲਵੰਤ ਸਿੰਘ ਦਾ ਕੀਰਤਨ ਹੋਇਆ ਹੈ।

੨.੩੦ ਵਜੇ ਜਦੋਂ ਸ੍ਰੀ ਸਤਿਗੁਰੂ ਜੀ ਹਜ਼ੂਰੀ ਸੇਵਕਾਂ ਸਮੇਤ ਦੀਵਾਨ ਵਿਚ ਪਧਾਰੇ, ਨਵੀਆਂ ਬਣੀਆਂ ਚਾਨਣੀਆਂ ਕਨਾਤਾਂ ਵਾਲਾ ਵਿਸ਼ਾਲ ਪੰਡਾਲ ਸੰਗਤ ਦੀ ਭਰਪੂਰਤਾ ਨਾਲ ਮਾਲਾ ਮਾਲ ਸੀ ਤੇ ਰਸ ਵਿਭੋਰ ਸੀ 'ਸਾਧੋ ਗੋਬਿੰਦ ਕੇ ਗੁਣ ਗਾਓ' ਦੀ ਧੁਨ ਨਾਲ ਜਿਸਨੂੰ ਹਰਭਜਨ ਸਿੰਘ ਗੁਰਦੇਵ ਸਿੰਘ ਗਾਉਂ ਰਹੇ ਸਨ ਤੇ ਸੋਨੇ ਵਿਚ ਹੋਰ ਨਿਖਾਰ ਲਿਆਉਣ ਲਈ ਸ੍ਰੀ ਸਤਿਗੁਰੂ ਜੀ ਨੇ ਇਸ ਸ਼ਬਦ ਤੇ ਅਨੇਕਾਂ ਗੁਰਬਾਣੀ ਪ੍ਰਮਾਣ ਦੇ ਦੇ ਕੇ ਸਭਨਾਂ ਨੂੰ ਜੀਵਨ ਮਰਨ ਦਾ ਭੇਤ ਸਮਝਾ ਦਿਤਾ।

੩.੩੦ ਵਜੇ ਪਾਠ ਦਾ ਭੋਗ ਪੈ ਕੇ ਅਰਦਾਸ ਹੋਈ। ਸਤਿਗੁਰੂ ਜੀ ਨੇ ਆਪ ਸੰਤ ਮਹਿੰਦਰ ਸਿੰਘ ਨੂੰ ਦਸਤਾਰ ਬੰਨ੍ਹ ਕੇ ਇਸ ਸਮਾਜਕ ਰਸਮ ਨੂੰ ਗੌਰਵ ਬਖਸ਼ਿਆ ਖੱਦਰ ਦੀ ਦਸਤਾਰ ਦੇ ਇਕ ਪੱਲੂ ਨਾਲ ਸਾਰੇ ਕੇਸ ਕੱਜ ਕੇ, ਦੋ ਪੇਚ ਆਪ ਉਸਦੇ ਸਿਰ ਤੇ ਵਲਕੇ ਬਾਕੀ ਦਸਤਾਰ ਸੰਤ ਮਹਿੰਦਰ ਸਿੰਘ ਨੂੰ ਹੀ ਬੰਨ੍ਹਣ ਦੀ ਆਗਿਆ ਕੀਤੀ।

### ਚਾਂਦ ਨਗਰ ਵਿਚ ਦਰਸ਼ਨ

ਏਥੋਂ ਉਠਦਿਆਂ ਹੀ ਚਾਂਦ ਨਗਰ, ਸ੍ਰ: ਅਜੀਤ ਸਿੰਘ ਯੂ.ਕੇ. ਵਾਲੇ ਦੇ ਪਿਤਾ ਸ੍ਰ: ਅਮਰ ਸਿੰਘ ਦੀ ਖ਼ਬਰ ਨੂੰ ਸ੍ਰੀ ਸਤਿਗੁਰੂ ਜੀ ਕੁਛ ਜਥੇ ਨਾਲ ਪਧਾਰੇ। ਮੈਂ ਤਾਂ ਘੁਸਾਈ ਮਾਰ ਗਿਆ। ਸਤਿਗੁਰੂ ਜੀ ਤਾਂ ਅਣਥਕ ਹਨ, ਇਹਨਾਂ ਨਾਲ ਅੱਠੇ ਪਹਿਰ ਕੋਈ ਉਹੋ ਰਹੇ ਨਾ ਜਿਸਨੂੰ ਆਪਣੀ ਅਥਾਹ ਹਿੰਮਤ ਤੇ ਤਾਕਤ ਦੇਣ। ਸਬੱਬ ਵੇਖੋ, ਸ੍ਰ: ਅਜੀਤ ਸਿੰਘ ਸਤਿਗੁਰੂ ਜੀ ਨੂੰ ਨਾਮਧਾਰੀ ਧਰਮਸ਼ਾਲਾ ਵਿਚ ਹੀ ਉਡੀਕ ਰਿਹਾ ਸੀ। ਘਰੋਂ ਸੁਖਸਾਂਦ ਦਾ ਪਤਾ ਲੈਕੇ ਸਤਿਗੁਰੂ ਜੀ ਵਾਪਸ ਆ ਰਹੇ ਸਨ ਅਤੇ ਅਜੀਤ ਸਿੰਘ ਘਰ ਨੂੰ ਜਾ ਰਿਹਾ ਸੀ। ਇਸ ਸਮੇਂ ਸਤਿਗੁਰੂ ਜੀ ਨਾਲ ਸ: ਹੰਸਪਾਲ ਤੇ ਡਾ: ਅਮਰ ਭਾਰਤੀ ਵੀ ਸਨ।

### ਸਿੰਘਾਂ ਦੀ ਪਹੁੰਚ

ਅੱਜ ਸਵੇਰੇ ਆਸਾ ਦੀ ਵਾਰ ਸਮੇਂ ਇਕ ਸਿੱਖ ਨੂੰ ਉਸਦੇ ਗਲਤ ਵਿਆਹ ਕਾਰਨ ੧੧੦੦/- ਡੰਨ ਲਾਇਆ ਜੋ ਉਸ ਨੇ ਸੰਤ ਮਹਿੰਦਰ ਸਿੰਘ ਦੇ ਪਿਤਾ ਦੇ ਭੋਗ ਸਮੇਂ ਲਿਆ ਅਦਾ ਕੀਤਾ।

ਇਕ ਹੋਰ ਸਿੰਘ ਦਾ ਭੇਟਾ ਕੀਤਾ ਰੁਪਿਆ, ਉਸਦੇ ਗਲਤ ਵਿਆਹ ਕਾਰਨ ਹੀ ਚੁਕਾ ਕੇ ਉਸਨੂੰ ਦਿਤਾ ਗਿਆ। ਜਦ ਤਕ ਉਹ ਗਲਤੀ ਨਹੀਂ ਮੰਨੇਗਾ ਉਸਦੀ ਭੇਟਾ ਪਰਵਾਣੀ ਨਹੀਂ ਜਾਏਗੀ।

### ਤਿੰਨ ਪਾਠਾਂ ਦੇ ਰਮੇਸ਼ ਨਗਰ ਭੋਗ

੪.੧੫ ਵਜੇ ਸ੍ਰੀ ਸਤਿਗੁਰੂ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਚ ਪੇਧਾਰੇ। ਇਥੇ ਵੀ ਭੋਗ ਪਾਏ ਜਾਣੇ ਸੀ। ਮਾਈ ਧਨ ਦੇਈ ਜੀ ਅਤੇ ਮਾਇਆ ਦੇਵ ਜੀ ਨਮਿਤ ੩ ਪਾਠਾਂ ਦੇ ਭੋਗ ਗੁਰੂ ਦੀ ਹਜ਼ੂਰੀ ਵਿਚ ਪਾਏ ਗਏ। ਸਤਿਗੁਰੂ ਜੀ ਨੇ ਇਹ ਇਕ ਘੰਟਾ ਮੋਨ ਰਹਿਕੇ ਆਪਣਾ ਨਿੱਜੀ ਨਾਮ ਸਿਮਰਨ ਕੀਤਾ।

ਭੋਗ ਪਾਏ ਜਾਣ ਉਪਰੰਤ ਜਿਨ੍ਹਾਂ ਦੀ ਅਰਦਾਸ ਸ੍ਰੀ ਰਾਮ ਰਾਮ ਜੀ ਭੈਣੀ ਸਾਹਿਬ ਵਾਲਿਆਂ ਕੀਤੀ, ਸ੍ਰ: ਹਰਵਿੰਦਰ ਸਿੰਘ ਅਤੇ ਸੰਤ ਅਵਤਾਰ ਸਿੰਘ ਦੀਆਂ ਗੱਡੀਆਂ ਤੇ ਸਤਿਗੁਰੂ ਜੀ ਚਰਨ ਪਾਉਣ ਵਾਲੇ ਸਾਧਨਾਂ ਤੇ ਪਧਾਰੇ।

### ਚੱਪਲਾਂ ਦੀ ਫੈਕਟਰੀ ਵਿਚ

ਸਭ ਤੋਂ ਪਹਿਲਾਂ ਮਾਇਆਪੁਰੀ, ਸੰਤ ਅਮਰ ਸਿੰਘ ਢੋਡਾ ਦੀ ਫੈਕਟਰੀ ਵਿਖੇ ਪਹੁੰਚੇ। ਸਤਿਗੁਰੂ ਜੀ ਨੇ ਚੱਪਲਾਂ


Sri Satguru Jagjit Singh Ji Elibrary NamdhariElibrary@gmail.com

ਆਂ ਨੂੰ ਗਹੁ ਨਾਲ ਨਿਹਾਰਿਆ । ਅਮਰ ਸਿੰਘ ਹੁਰਾਂ
ਕਿ ਜੇ ਇਹ ਸਾਂਚੇ ਬਾਹਰੋਂ ਬਣਵਾਂਦੇ ਤਾਂ
/- ਖਰਚ ਆ ਜਾਣਾ ਸੀ । ਇਹ ਰਤਨ ਸਿੰਘ
ਨੇ ਘਰੇ ਹੀ ਤਿਆਰ ਕੀਤੇ ਹਨ । ਇਹਨਾਂ ਤੇ
ੀ ੩੦੦੦/- ਦਾ ਲਗ ਗਿਆ ਹੈ । ਉਸ ਦੇ ਬਾਰੇ
ਧ ਤੋਂ ਵੱਧ ਜਾਣਕਾਰੀ ਲੈਕੇ, ਆਪ ਫੈਕਟਰੀ ਦੇ
ਵਿਚ ਗਏ । ਜਿਥੇ ਆਪ ਜੀ ਦੇ ਬੈਠਣ ਲਈ ਜਗਹ
ੀ ਬਣਾਈ ਗਈ । ਫੈਕਟਰੀ ਦੇ ਮੁਖੜੇ ਤੇ ਛਾਈ
ਲ ਹੇਠ ਆਪ ਲਈ ਆਸਣ ਹਾਜ਼ਰ ਸੀ । ਸਤਿਗੁਰੂ
ਤੇ ਬੈਠੇ । ਉਪਰ ਅੰਗੂਰਾਂ ਦੇ ਗੁੱਛੇ ਥਾਂ ਪਰ ਥਾਂ
ਹੇ ਸਨ । ਫੈਕਟਰੀ ਦਾ ਮਾਲਕ ਸਿਖ ਹੱਥ ਜੋੜ ਕੇ
ਆ ਖਲੋਤਾ ਅਤੇ ਰੋ ਪਿਆ : ਸੱਚੇ ਪਾਤਸ਼ਾਹ,
ਤੇ ਕਿਰਪਾ ਕਰੋ । ਇਹਨਾਂ ਦੇ ਕੰਮ ਵਿਚ ਬਰਕਤ
ਤਿਗੁਰੂ ਜੀ ਨੇ ਸਾਰੇ ਪਰਵਾਰ ਨੂੰ ਅਮ੍ਰਿਤ ਵੇਲੇ
ਅਸ਼ਨਾਨ ਕਰ ਇਕ ਘੰਟਾ ਭਜਨ ਕਰਕੇ ਸਤਿਗੁਰੂ
ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੀ
ਤੀ :

ੰਤ ਅਮਰ ਸਿੰਘ ਨੇ ਸਤਿਗੁਰੂ ਜੀ ਦੇ ਨਾਲ ਆਏ
ਇਕ ਇਕ ਚੱਪਲਾਂ ਦਾ ਜੋੜਾ ਭੇਟ ਕੀਤਾ ।

ੇਥੋਂ ਸੰਤ ਅਵਤਾਰ ਸਿੰਘ ਆਪਣੀ ਕਾਰ ਅਗੇ ਲਾਕੇ
ਫੈਕਟਰੀ ਵਿਚ ਲੈ ਗਏ । ਏਥੇ ਟਿਊਬਾਂ, ਕਾਰਾਂ,
ਆਦਿ ਲਈ ਮੁਕੰਮਲ ਮਸ਼ੀਨਰੀ ਤਿਆਰ ਕੀਤੀ
।

### ੁਰੇ ਦੀਦਾਰੇ

ਰ, ਸਾਹਿਬਪੁਰੇ ਦੇ ਸੰਤ ਮੇਲਾ ਸਿੰਘ ਹੁਰਾਂ ਦੇ ਘਰ
ਟੱਪ ਲਗਵਾਣ ਹਿਤ, ਘਰ ਵਾਲਿਆਂ ਦੀ ਬੇਨਤੀ
ਤਿਗੁਰੂ ਜੀ ਸੰਗਤ ਸਮੇਤ ਪਧਾਰੇ । ਇਕ ਉਹਲੇ
ਚ ਕਹੀ ਰਖੀ ਹੋਈ ਸੀ । ਸ੍ਰੀ ਸਤਿਗੁਰੂ ਜੀ ਨੇ
ਸਥਾਨ ਤੇ ਟੱਕ ਲਗਾਏ । ਪਰ ਟੱਕ ਲਗਾਣ ਤੋਂ
ੰਤ ਮਹਿੰਦਰ ਸਿੰਘ ਪੂਰਵਾ ਰਾਹੀਂ ਅਰਦਾਸ
ਗਈ ਅਤੇ ਪ੍ਰਸ਼ਾਦ ਵਰਤਾਇਆ ।

ਹਵੇਲਾ ਸਿੰਘ ਹੁਰਾਂ ਵੀ ਨਾਲ ਲਗਦਿਆਂ ਅਰਜ਼
ਕਿ ਉਨ੍ਹਾਂ ਦੇ ਘਰ ਵੀ ਚਰਨ ਪਏ ਜਾਣ ।

"ਕਿੰਨੀ ਕੁ ਦੂਰ ਹੈ !"

"ਬੱਸ ਨੇੜੇ ਈ ਹੈ ਜੀ !"

"ਨੇੜੇ ਤਾਂ ਇਕ ਮੀਲ ਵੀ ਹੁੰਦਾ ਹੈ ?"

ਨਹੀਂ ਜੀ ਬਸ, ਅਹੁ ਨਾਲ ਦੀ ਗਲੀ ਲੰਘਕੇ ।"

· ਵਰਿਆਮ

ਸਤਿਗੁਰੂ ਜੀ ਸੰਗਤ ਸਮੇਤ ਪੈਦਲ ਹੀ ਚਲ ਪਏ । ਅਤੇ ਦੋ ਤਿੰਨ ਮਿੰਟ ਘਰ ਠਹਿਰ ਕੇ ਵਾਪਸ ਆ ਗਏ ।... ਫਿਰ ਪਤਾ ਨਹੀਂ ਕਿਸ ਕਿਸ ਨੂੰ ਦਰਸ਼ਨ ਦਿਤੇ ਪਰ ੬.੩੦ ਵਜੇ ਤਕ ਕੋਠੀ ਪਹੁੰਚ ਹੋ ਗਈ ।

### ੧੧/੧੦ ਕੋਠੀ ਵਿਚ ਆਖਰੀ ਦਿਨ

ਅੱਜ ੧੧/੧੦ ਪੂਸਾ ਰੋਡ ਕੋਠੀ ਵਿਖੇ ਗੁਰੂ ਕੀ ਜਾਂ ਸੇਠਾਂ ਦੀ ਰਿਹਾਇਸ਼ ਦਾ ਆਖ਼ਰੀ ਦਿਨ ਹੀ ਜਾਪਦਾ ਹੈ ਕਿਉਂਕਿ ਰਿਹਾਇਸ਼ ਇਸ ਕੋਠੀ ਤੋਂ ਬਦਲਕੇ ੧/੬ ਬੀ ਪੂਸਾ ਰੋਡ ਵਿਚ ਚਲੀ ਜਾਵੀ ਰਹੇ ।

ਅੱਜ ਦਿਨੇ, ਇਕ ਮੌਕਾ ਅਜਿਹਾ ਵੀ ਆਇਆ ਕਿ ਬੀਬਾ ਜੀ ਨੇ ਮੇਰੀ ਪੁਸਤਕ 'ਸਿਮਰਨ' ਦੀ ਖਾਸੀ ਪ੍ਰਸੰਸਾ ਕੀਤੀ ਤੇ ਇਕ ਕਾਪੀ ਦੀ ਮੈਥੋਂ ਮੰਗ ਕੀਤੀ ।

ਕੋਠੀ ਆਕੇ ਸਤਿਗੁਰੂ ਜੀ ਨੇ ਆਪਣੀ ਇੰਤਜ਼ਾਰ ਵਿਚ ਖਲੇ ਇਸਤਰੀ ਪੁਰਸ਼ਾਂ ਨੂੰ ਦਰਸ਼ਨ ਦਿਤੇ ਅਤੇ ਉਨਾਂ ਵਿਚੋਂ ਕਈਆਂ ਦੀਆਂ ਬੇਨਤੀਆਂ ਸੁਣੀਆਂ । ਏਥੋਂ ਵਿਹਲੇ ਹੋ ਆਪਣੇ ਆਰਾਮ ਕਮਰੇ ਵਿਚ ਜਾ ਪੁਜੇ ਤਾਂ ਪਹਿਲਾਂ ਗੁਰਦੇਵ ਸਿੰਘ ਸਰੋਦ ਨੂੰ ਅੰਦਰ ਬੁਲਾਇਆਂ । ਫਿਰ ਗੁਰਭਜਨ ਸਿੰਘ ਸਾਬਕਾ ਸਕੱਤਰ ਨੇ ਕੋਈ ਅਰਜ਼ ਜਾ ਕੀਤੀ । ਅੰਤ ਉਤੇ ਸਤਿਗੁਰੂ ਜੀ ਸੇਠ ਤ੍ਰਿਲੋਕ ਸਿੰਘ ਹੁਰਾਂ ਨੂੰ ਪਸਿੱਤੇ ਲੈ ਗਏ ।

ਸੱਤ ਵਜੇ ਗਏ ਸ਼ਾਮ ਦੇ । ਪਤਾ ਲਗਾ ਸਤਿਗੁਰੂ ਜੀ ਜਲ ਪਾਨ ਕਰ ਰਹੇ ਹਨ । ਬੀਬਾ ਜੀ ਸਤਿਗੁਰੂ ਜੀ ਬਾਰੇ ਪੁਛਣ ਆਏ ਤਾਂ ਫਿਰ ਕਿਹਾ : ਕਵੀ ਜੀ, 'ਸਿਮਰਨ' ਕਦੋਂ ਦਿਓਗੇ । ਮੈਂ ਦੱਸਿਆ : ਘਰੋਂ ਭੈਣੀ ਸਾਹਿਬ ਹੀ ਭੇਜ ਦਿਆਂ ਗਾ ।

### ਟਾਨਿਕ ਦਵਾਈਆਂ

ਬਾਬੂ ਕਰਤਾਰ ਸਿੰਘ ਹੁਰਾਂ ਜਦੋਂ ਦਿਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤਾਂ ਉਨ੍ਹਾਂ ਦੋ ਸ਼ੀਸ਼ਿਆਂ ਸਤਿਗੁਰੂ ਜੀ ਨੂੰ ਭੇਟ ਕੀਤੀਆਂ । ਇਕ ਵਿਚ ਉਨ੍ਹਾਂ ਦੀ ਆਪਣੀ ਬਣਾਈ ਕਸਤੂਰੀ ਆਦਿ ਬੱਟੀ ਸੀ, ਦੂਜੀ ਵਿਚ ਮੁਫੱਗ । ਮੈਂ ਤਾਂ ਸਤਿਗੁਰੂ ਜੀ ਪਾਸ ਇਹ ਟਾਨਿਕ ਦਵਾਈਆਂ ਪਹਿਲੀ ਵਾਰ ਹੀ ਵੇਖੀਆਂ ।

ਕੋਠੀ ਵਿਚਲੇ ਆਦਮੀਆਂ ਦੇ ਸਤਿਗੁਰੂ ਜੀ ਪਾਸ ਆਉਣ ਜਾਣ ਤੋਂ ਇਹ ਅਨੁਮਾਨ ਬਣਿਆ ਕਿ ਸ਼ਾਪਿੰਗ ਸੈਂਟਰ ਦੇ ਲੈਣ-ਦੇਣ ਬਾਰੇ ਮਾਮਲਾ ਸਰਗਰਮ ਹੈ । ਸ. ਸੇਵਾ ਸਿੰਘ, ਸੰਤ ਗੁਲਜ਼ਾਰ ਸਿੰਘ ਸ੍ਰ. ਸੁਰਿੰਦਰ ਸਿੰਘ ਡਾਲਟਨ ਗੰਜ ਦੇ ਘਰ ਗਏ ਹਨ । ਪਰ ਉਹ ਤਾਂ ਉਡੀਕ ਕਮਰੇ ਵਿਚ ਬੈਠਾ ਸ੍ਰੀ ਸਤਿਗੁਰੂ ਜੀ ਦੀ ਇੰਤਜ਼ਾਰ ਕਰ ਰਿਹਾ ਹੈ ।

ਮੈਨੂੰ ਤਾਂ ਹੁਣ ਘਰ ਹੀ ਚਲਣਾ ਚਾਹੀਦਾ ਹੈ ।(ਚਲਦਾ)

Sri Satguru Jagjit Singh Ji Elibrary NamdhariElibrary@gmail.com

੧ਓ
ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## ading Name in Construction Machinery



CRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



NCRETE MIXER 7/5

Phones : Office : 529033
Factory : 501973
Resi. : 505454

## ALWANT SINGH & SONS

I JHANDEWALA EXTN.
DELHI 110055

Factory : A 2/3, MAYA PURI, PHASE
Opp. C-70 NEW DELHI-110064

Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM December,
Registered with the registerar of News Papers for India No. 26453 75

WITH BEST COMPLIMENTS FROM :

# Harbhajan Sarbjeet & Associates

ENGINEERS & CONTRACTORS

*Head office :*
*55-GHA/5 Rama Street,*
*Alam Bagh LUCKNOW-226005*

*Administrative office :*
*306-N-I-SECTOR-G CI CO*
*NEW AURANGABAD-431003*
*Grams : NAMDHARI*
*Phone : 3587*

Monthly Waryam
Panjabi
Ladowali Road
Jalandhar 144001

Major work in hand :

Costing Rs

Construction of Earth work in Deep rock cutting for foundations of Thermal Power Station of Rajasthan State Electricity Board, Kota (Rajasthan)
Costing Rs. 1.76 Crores

Construction of Paithan Right Bank Canal & C. D. works of Jayakwadi Project Aurangabad (Maharashtra)
Costing Rs 4 10 Crores

Construction of barrage across Godavari river and R.C.C. Pump House at Vishnupuri Project Nanded (Maharashtra)
Costing Rs 12.65 Crores

Construction of 2.5 Km long Waranga Tunnel and Isapur Right Bank Canal of Upper Penganga Project Nanded (Maharashtra)
Costing Rs 3.41 Crores

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com